@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 25 January 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 25 ਜਨਵਰੀ 2025, 11 ਮਾਘ ਨਾਨਕਸ਼ਾਹੀ ਸੰਮਤ 556 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 76, qpatrika@gmail.com ਫੋਨ : 9971359517 www.qaumipatrika.org

## ਦਿੱਲੀ ’ਚ ਵਾਅਦੇ ਕਰਨੇ ਸੌਖੇ, ਪੂਰੇ ਕਰਨੇ ਮਹੱਤਵਪੂਰਨ : ਹਰਦੀਪ ਪੁਰੀ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 24 ਜਨਵਰੀ : ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਦਿੱਲੀ ਵਿਚ ਵਾਅਦੇ ਕਰਨੇ ਸੌਖੇ ਹਨ ਪਰ ਉਨ੍ਹਾਂ ਨੂੰ ਪੂਰਾ ਕਰਨਾ ਮਹੱਤਵਪੂਰਨ ਹੈ। ਜੇਕਰ ਸਾਡੀ ਸਰਕਾਰ ਬਣੀ ਤਾਂ ਅਸੀਂ ਯੋਜਨਾਵਾਂ ਨੂੰ ਜਰੂਰ ਲਾਗੂ ਕਰਾਂਗੇ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ ਤੇ ਬਿਹਾਰ ਵਰਗੇ ਸੂਬਿਆਂ ਵਿਚ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨਾ ਯਕੀਨੀ ਤੌਰ ’ਤੇ ਚੁਣੌਤੀਪੂਰਨ ਹੈ ਪਰ ਅਸੰਭਵ ਨਹੀਂ ਹੈ। ਇਹ ਇਕ ਜ਼?ਮੇਵਾਰ ਸਰਕਾਰ ਦਾ ਕੰਮ ਹੁੰਦਾ ਹੈ ਕਿ ਉਹ ਯੋਜਨਾਵਾਂ ਦੇ ਫੰਡਿੰਗ ਅਤੇ ਉਸ ਨੂੰ ਲਾਗੂ ਕਰਨ ਲਈ ਇਕ ਸਪੱਸਟ ਯੋਜਨਾ ਬਣਾਏ। ਅਸੀਂ ਸਵਨਿਧੀ ਯੋਜਨਾ ਰਾਹੀਂ ਇਹ ਦਿਖਾਇਆ ਹੈ ਕਿ ਅਸੀਂ ਸਵੈ-ਨਿਰਭਰਤਾ ਨੂੰ ਉਤਸਾਹਿਤ ਕਰਨ ਵਿਚ ਵਿਸਵਾਸ ਰੱਖਦੇ ਹਾਂ। ਛੋਟੇ ਕਾਰੋਬਾਰੀਆਂ ਨੂੰ ਬੈਂਕ ਤੋਂ ਬਿਨਾਂ ਗਾਰੰਟੀ ਦੇ ਲੋਨ ਦੇ ਕੇ ਉਨ੍ਹਾਂ ਨੂੰ ਮਹਾਮਾਰੀ ਤੋਂ ਬਾਅਦ ਆਪਣੇ ਪੈਰਾਂ ’ਤੇ ਖੜ੍ਹਾ ਹੋਣ ਦਾ ਮੌਕਾ ਦਿੱਤਾ ਗਿਆ। ਇਸੇ ਤਰ੍ਹਾਂ ਸਾਡੀ ਸੋਲਰ ਰੂਫਟਾਪ ਯੋਜਨਾ ਲੋਕਾਂ ਨੂੰ ਆਤਮਨਿਰਭਰ ਬਣਾਉਂਦੀ ਹੈ। ਅਸੀਂ ਉਨ੍ਹਾਂ ਨੂੰ ਬਿਜਲੀ ਪੈਦਾ ਕਰਨ ਅਤੇ ਗਰਿੱਡ ਵਿਚ ਯੋਗਦਾਨ ਪਾਉਣ ਦਾ ਮੌਕਾ ਦਿੰਦੇ ਹਾਂ। ਭਾਜਪਾ ਗੁੰਮਰਾਹ ਨਹੀਂ ਕਰਦੀ : ਭਾਜਪਾ ਮੁਫਤ ਯੋਜਨਾਵਾਂ ਦੇ ਨਾਂ ’ਤੇ ਜਨਤਾ ਨੂੰ ਗੁੰਮਰਾਹ ਕਰਨ ਵਿਚ ਭਰੋਸਾ ਨਹੀਂ ਕਰਦੀ। ਸਾਡੀਆਂ ਯੋਜਨਾਵਾਂ ਜਨਤਾ ਦੀ ਭਲਾਈ ਲਈ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਸਾਡੇ ਕੋਲ ਪੂਰੀ ਸਮਰੱਥਾ ਹੈ। ਅਸੀਂ ਭ੍ਰਿਸ਼ਟਾਚਾਰ ਨੂੰ ਰੋਕਦੇ ਹਾਂ, ਜਿਸ ਨਾਲ ਸੋਮਿਆਂ ਦੀ ਸਹੀ ਵਰਤੋਂ ਹੋ ਸਕੇ। ਇਸ ਲਈ ਅਸੀਂ ਜੋ ਵਾਅਦੇ ਕਰ ਰਹੇ ਹਾਂ ਉਹ ਜਰੂਰ ਪੂਰੇ ਹੋਣਗੇ। ਪੁਰੀ ਨੇ ਕਿਹਾ ਕਿ ਮੱਧ ਪ੍ਰਦੇਸ਼ ਵਿਚ ‘ਲਾਡਲੀ ਬਹਿਨਾ ਯੋਜਨਾ’ ਦਾ ਬਹੁਤ ਹੀ ਚੰਗਾ ਪ੍ਰਭਾਵ ਪਿਆ। ਔਰਤਾਂ ਨੂੰ ਸਿੱਧੀ ਆਰਥਿਕ ਮਦਦ ਦਿੱਤੀ ਗਈ, ਜਿਸ ਨਾਲ ਉਨ੍ਹਾਂ ਦਾ ਜੀਵਨ ਪੱਧਰ ਬਿਹਤਰ ਹੋਇਆ ਅਤੇ ਇਹ ਯੋਜਨਾ ਬਹੁਤ ਲੋਕਪ੍ਰਿਯ ਸਾਬਿਤ ਹੋਈ। ਇਹ ਯੋਜਨਾ ਸਹੀ ਮਾਅਨੇ ਵਿਚ ਇਕ ਗੇਮ-ਚੇਂਜਰ ਰਹੀ। ਇਸੇ ਤਰ੍ਹਾਂ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਵੀ ਅਸੀਂ ਆਪਣੇ ਵਾਅਦਿਆਂ ਨੂੰ ਪੂਰਾ ਕੀਤਾ। ਜਿਥੇ-ਜਿੱਥੇ ਅਸੀਂ ਡਲਿਵਰੀ ਕੀਤੀ ਹੈ, ਜਨਤਾ ਨੇ ਸਾਨੂੰ ਸਮਰੱਥਨ ਦਿੱਤਾ ਹੈ।



## ਦਿੱਲੀ ਦੀ ਕਾਨੂੰਨ ਵਿਵਸਥਾ ਠੀਕ ਕਰਨ ਲਈ ਸ਼ਾਹ ਨੂੰ ਸਮਝਾਉਣ ਯੋਗੀ: ਕੇਜਰੀਵਾਲ

ਨਵੀਂ ਦਿੱਲੀ, 24 ਜਨਵਰੀ : ਆਮ ਆਦਮੀ ਪਾਰਟੀ ਦੇ ਰਾਸਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਅਪੀਲ ਕੀਤੀ ਹੈ ਕਿ ਉਹ ਦਿੱਲੀ ‘ਚ ਕਾਨੂੰਨ ਵਿਵਸਥਾ ਦੀ ਮਾੜੀ ਸਥਿਤੀ ਨੂੰ ਸੁਧਾਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਦਾ ਮਾਰਗਦਰਸ਼ਨ ਕਰਨ ਦੀ ਅਪੀਲ ਕੀਤੀ ਹੈ। ਕੇਜਰੀਵਾਲ ਨੇ ਸੁੱਕਰਵਾਰ ਨੂੰ ਇਕ ਪ੍ਰੈਸ ਕਾਨਫਰੰਸ ‘ਚ ਕਿਹਾ ਕਿ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੀਰਵਾਰ ਨੂੰ ਦਿੱਲੀ ਆਏ ਸਨ। ਉਨ੍ਹਾਂ ਨੇ ਬਹੁਤ ਵਧੀਆ ਗੱਲ ਕਹੀ, ਜਿਸ ਦਾ ਪੂਰੀ ਦਿੱਲੀ ਦੇ ਲੋਕਾਂ ਵੱਲੋਂ ਸਮਰਥਨ ਕੀਤਾ ਜਾ ਰਿਹਾ ਹੈ। ਯੋਗੀ ਆਦਿੱਤਿਆਨਾਥ ਨੇ ਇਹ ਮੁੱਦਾ ਚੁੱਕਿਆ ਕਿ ਦਿੱਲੀ ‘ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਗਈ ਹੈ। ਅਸੀਂ ਇਸ ਗੱਲ ‘ਤੇ ਉਨ੍ਹਾਂ ਨਾਲ 100 ਫੀਸਦੀ ਸਹਿਮਤ ਹਾਂ। ਦਿੱਲੀ ਦੇ ਅੰਦਰ ਗੈਂਗਸਟਰ ਖੁੱਲ੍ਹੇਆਮ ਘੁੰਮ ਰਹੇ ਹਨ। ਦਿੱਲੀ ‘ਚ ਗੈਂਗਸਟਰਾਂ ਦੇ 11 ਵੱਡੇ ਸਮੂਹ ਹਨ, ਜਿਨ੍ਹਾਂ ਨੇ ਪੂਰੀ ਦਿੱਲੀ ਨੂੰ 11 ਹਿੱਸਿਆਂ ‘ਚ ਵੰਡ ਦਿੱਤਾ ਹੈ ਅਤੇ ਕਾਰੋਬਾਰੀਆਂ ਤੋਂ ਖੁੱਲ੍ਹੇਆਮ ਫਿਰੌਤੀ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਸੜਕਾਂ ‘ਤੇ ਗੈਂਗ ਵਾਰ ਹੋ ਰਹੇ ਹਨ। ਔਰਤਾਂ ਲਈ ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ ਹੈ। ਦਿੱਲੀ ‘ਚ ਹਰ ਰੋਜ 17 ਬੱਚੇ ਅਤੇ 10 ਔਰਤਾਂ ਅਗਵਾ ਹੁੰਦੀਆਂ ਹਨ। ਦਿੱਲੀ ਦੇ ਅੰਦਰ ਖੁੱਲ੍ਹੇਆਮ ਚਾਕੂਬਾਜੀ ਹੋ ਰਹੀ ਹੈ। ਲੋਕਾਂ ਦਾ ਕਤਲ ਹੋ ਰਿਹਾ ਹੈ। ਚੇਨ ਸਨੈਚਿੰਗ, ਚੋਰੀਆਂ ਅਤੇ ਡਕੈਤੀਆਂ ਹੋ ਰਹੀਆਂ ਹਨ। ਪੂਰੀ ਦਿੱਲੀ ਦਹਿਸਤ ‘ਚ ਹੈ। ‘ਆਪ’ ਨੇਤਾ ਨੇ ਕਿਹਾ,“ਜੇਕਰ ਯੋਗੀ ਆਦਿੱਤਿਆਨਾਥ ਸਹੀ ਹਨ ਤਾਂ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ ‘ਚ ਕਾਨੂੰਨ ਵਿਵਸਥਾ ਦੀ ਸਥਿਤੀ ਸਿੱਧੇ ਤੌਰ ‘ਤੇ ਗ੍ਰਹਿ ਮੰਤਰੀ ਅਮਿਤ ਸਾਹ ਦੇ ਅਧੀਨ ਆਉਂਦੀ ਹੈ।“ ਦਿੱਲੀ ਦੀ ਰੱਖਿਆ ਕਰਨਾ ਅਤੇ ਦਿੱਲੀ ਦੇ ਲੋਕਾਂ ਨੂੰ ਸੁਰੱਖਿਅਤ ਜੀਵਨ ਪ੍ਰਦਾਨ ਕਰਨਾ ਅਮਿਤ ਸਾਹ ਦੀ ਜ਼?ਮੇਵਾਰੀ ਹੈ। ਜੇਕਰ ਯੋਗੀ ਆਦਿੱਤਿਆਨਾਥ ਕਹਿ ਰਹੇ ਹਨ ਕਿ ਉਨ੍ਹਾਂ ਨੇ ਉੱਤਰ ਪ੍ਰਦੇਸ ‘ਚ ਕਾਨੂੰਨ ਵਿਵਸਥਾ ਦੀ ਸਥਿਤੀ ‘ਚ ਸੁਧਾਰ ਕੀਤਾ ਹੈ, ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਅਮਿਤ ਸਾਹ ਨਾਲ ਬੈਠ ਕੇ ਸਮਝਾਉਣ ਕਿ ਕਾਨੂੰਨ ਵਿਵਸਥਾ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ। ਉਨ੍ਹਾਂ ਨੂੰ ਸਮਝਾਓ ਕਿ ਦਿੱਲੀ ‘ਚ ਕਾਨੂੰਨ ਵਿਵਸਥਾ ਨੂੰ ਸੁਧਾਰਨ ਲਈ ਕੀ ਅਤੇ ਕਿਵੇਂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਯੋਗੀ ਆਦਿੱਤਿਆਨਾਥ ਕਹਿ ਰਹੇ ਹਨ ਕਿ ਉਨ੍ਹਾਂ ਨੇ ਉੱਤਰ ਪ੍ਰਦੇਸ ‘ਚੋਂ ਸਾਰੇ ਗੈਂਗਸਟਰਾਂ ਦਾ ਸਫਾਇਆ ਕਰ ਦਿੱਤਾ ਹੈ। ਉਹ ਸ੍ਰੀ ਸਾਹ ਨੂੰ ਸਮਝਾਉਣ ਕਿ ਦਿੱਲੀ ‘ਚ ਗੈਂਗਸਟਰ ਰਾਜ ਨੂੰ ਕਿਵੇਂ ਖਤਮ ਕੀਤਾ ਜਾਵੇ। ਸ਼੍ਰੀ ਸਾਹ ਦੇਸ ਭਰ ‘ਚ ਵਿਧਾਇਕਾਂ ਨੂੰ ਖਰੀਦਣ, ਸਰਕਾਰਾਂ ਡੇਗਣ ਅਤੇ ਪਾਰਟੀਆਂ ਤੋੜਨ ‘ਚ ਰੁੱਝੇ ਹੋਏ ਹਨ।



## ਸੁਪਰੀਮ ਕੋਰਟ ਨੇ ਟੀਡੀਐਸ ਪ੍ਰਣਾਲੀ ਰੱਦ ਕਰਨ ਵਾਲੀ ਪਟੀਸ਼ਨ ‘ਤੇ ਸੁਣਵਾਈ ਤੋਂ ਕੀਤਾ ਇਨਕਾਰ

ਨਵੀਂ ਦਿੱਲੀ, 24 ਜਨਵਰੀ : ਸੁਪਰੀਮ ਕੋਰਟ ਨੇ ਸੁੱਕਰਵਾਰ ਨੂੰ ਇਨਕਮ ਟੈਕਸ ਐਕਟ ਦੇ ਤਹਿਤ ਸਰੋਤ ‘ਤੇ ਟੈਕਸ ਕਟੌਤੀ (ਟੀਡੀਐੱਸ) ਢਾਂਚੇ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸਨ ‘ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਇਹ ‘ਹਰ ਜਗ੍ਹਾ’ ਲਗਾਇਆ ਜਾਂਦਾ ਹੈ। ਭਾਰਤ ਦੇ ਮੁੱਖ ਜੱਜ (ਸੀਜੇਆਈ) ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੇ ਬੈਂਚ ਨੇ ਵਕੀਲ ਅਸਵਨੀ ਉਪਾਧਿਆਏ ਨੂੰ ਦਿੱਲੀ ਹਾਈ ਕੋਰਟ ‘ਚ ਆਪਣੀ ਪਟੀਸਨ ਦਾਇਰ ਕਰਨ ਦੀ ਇਜਾਜਤ ਦੇ ਦਿੱਤੀ। ਹੈ ਅਤੇ ਇਸ ਨੂੰ ਦਿੱਲੀ ਹਾਈ ਕੋਰਟ ‘ਚ ਦਾਇਰ ਕੀਤਾ ਜਾਣਾ ਚਾਹੀਦਾ। ਸੀਜੇਆਈ ਨੇ ਕਿਹਾ,“ਮੁਆਫ ਕਰਨਾ, ਅਸੀਂ ਇਸ ‘ਤੇ ਵਿਚਾਰ ਨਹੀਂ ਕਰਾਂਗੇ। ਇਹ ਬਹੁਤ ਹੀ ਖਰਾਬ ਤਰੀਕੇ ਨਾਲ ਤਿਆਰ ਕੀਤੀ ਗਈ ਹੈ। ਹਾਲਾਂਕਿ, ਤੁਸੀਂ ਦਿੱਲੀ ਹਾਈ ਕੋਰਟ ਜਾ ਸਕਦੇ ਹੋ।“ ਉਨ੍ਹਾਂ ਕਿਹਾ ਕਿ ਕਈ ਦੇਸ਼ਾਂ ‘ਚ ਟੀਡੀਐੱਸ ਲਗਾਉਣ ਦੀ ਵਿਵਸਥਾ ਹੈ। ਐਡਵੋਕੇਟ ਅਸ਼ਵਨੀ ਦੁਬੇ ਦੇ ਮਾਧਿਅਮ ਨਾਲ ਦਾਇਰ ਪਟੀਸ਼ਨ ‘ਚ ਟੀਡੀਐੱਸ ਪ੍ਰਣਾਲੀ ਨੂੰ ‘ਮਨਮਾਨਿਆ ਅਤੇ ਤਰਕਹੀਣ’ ਦੱਸਦੇ ਹੋਏ ਇਸ ਨੂੰ ਖਤਮ ਕਰਨ ਦਾ ਨਿਰਦੇਸ਼ ਦਿੱਤੇ ਜਾਣ ਦੀ ਅਪੀਲ ਕੀਤੀ ਗਈ।

## ਸਬੰਧਾਂ ਨੂੰ ਅੱਗੇ ਵਧਾਉਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ, ਯੂਏਈ ਦੇ ਰਾਜਦੂਤ ਨੇ ਕੀਤੀ ਪ੍ਰਸ਼ੰਸਾ

ਮੁੰਬਈ (ਮਹਾਰਾਸਟਰ), 24 ਜਨਵਰੀ : ਭਾਰਤ ਵਿੱਚ ਯੂਏਈ ਦੇ ਰਾਜਦੂਤ ਅਬਦੁਲ ਨਾਸਿਰ ਅਲਸਾਲੀ ਨੇ ਭਾਰਤ ਅਤੇ ਯੂਏਈ ਵਿਚਕਾਰ ਆਰਥਿਕ ਸਬੰਧਾਂ ਨੂੰ ਮਜਬੂਤ ਕਰਨ ‘ਤੇ ਜੋਰ ਦਿੱਤਾ। ਉਨ੍ਹਾਂ ਨੇ ਯੂਏਈ-ਭਾਰਤ ਸੀਈਪੀਏ ਕੌਂਸਲ ਵਰਗੇ ਮੁੱਖ ਉਪਰਾਲਿਆਂ ਨੂੰ ਉਜਾਗਰ ਕੀਤਾ, ਜਿਸਦਾ ਉਦੇਸ ਦੁਵੱਲੇ ਵਪਾਰ ਅਤੇ ਉੱਦਮਤਾ ਨੂੰ ਉਤਸਾਹਿਤ ਕਰਨਾ ਹੈ। ਨਾਲ ਇੱਕ ਇੰਟਰਵਿਊ ਵਿੱਚ, ਰਾਜਦੂਤ ਅਲਸਾਲੀ ਨੇ ਕਿਹਾ, “ਯੂਏਈ ਅਤੇ ਕੌਂਸਲ ਦੇ ਤੌਰ ‘ਤੇ ਸਾਡੇ ਲਈ ਭਾਰਤ ਭਰ ਵਿੱਚ ਵਪਾਰਕ ਸਮਾਗਮਾਂ ਅਤੇ ਵਪਾਰਕ ਗੋਲਮੇਜਾਂ ਦਾ ਆਯੋਜਨ ਕਰਨਾ ਬਹੁਤ ਮਹੱਤਵਪੂਰਨ ਹੈ।“ ਇਸਦੀ ਅਧਿਕਾਰਤ ਵੈੱਬਸਾਈਟ ਦੇ ਅਨੁਸਾਰ, -ਭਾਰਤ ਕੌਂਸਲ () ਦੀ ਸੁਰੂਆਤ 10 ਜਨਵਰੀ, 2024 ਨੂੰ ਵਾਈਬ੍ਰੈਂਟ ਗੁਜਰਾਤ ਸੰਮੇਲਨ ਦੌਰਾਨ ਕੀਤੀ ਗਈ ਸੀ। ਯੂਆਈਸੀਸੀ ਯੂਏਈ ਅਤੇ ਭਾਰਤ ਸਰਕਾਰਾਂ ਦੀ ਇੱਕ ਸਾਂਝੀ ਪਹਿਲ ਹੈ ਜਿਸਦਾ ਉਦੇਸ ਇਹ ਯਕੀਨੀ ਬਣਾਉਣਾ ਹੈ ਕਿ ਦੋਵਾਂ ਦੇਸਾਂ ਦੇ ਵਪਾਰਕ ਭਾਈਚਾਰੇ ਯੂਏਈ-ਭਾਰਤ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਯੂਏਈ-ਭਾਰਤ ਸੀਈਪੀਏ) ਦੇ ਲਾਭਾਂ ਦਾ ਪੂਰਾ ਲਾਭ ਲੈਣ, ਜੋ ਕਿ 1 ਮਈ 2022 ਨੂੰ ਲਾਗੂ ਹੋਇਆ ਸੀ। ਰਾਜਦੂਤ ਅਲਸਾਲੀ ਨੇ ਕਿਹਾ ਕਿ ਅਸੀਂ ਉੱਦਮੀਆਂ, ਖਾਸ ਕਰਕੇ ਮਹਿਲਾ ਉੱਦਮੀਆਂ ਨਾਲ ਜੁੜਦੇ ਹਾਂ। ਯੂਏਈ ਵਿੱਚ ਸਾਡੇ ਕੋਲ 23,000 ਔਰਤਾਂ ਹਨ ਜੋ 30 ਬਿਲੀਅਨ ਅਮਰੀਕੀ ਡਾਲਰ ਦਾ ਪ੍ਰਬੰਧਨ ਕਰ ਰਹੀਆਂ ਹਨ, ਅਤੇ ਜਦੋਂ ਭਾਰਤ ਦੀ ਗੱਲ ਆਉਂਦੀ ਹੈ ਤਾਂ ਇਹ ਇਸ ਤੋਂ ਘੱਟ ਨਹੀਂ ਹੈ। ਵਪਾਰਕ ਖੇਤਰ ਵਿੱਚ ਭਾਰਤੀ ਔਰਤਾਂ ਦੀਆਂ ਪ੍ਰਾਪਤੀਆਂ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਹਨ ਜੋ ਵਧੀਆ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਵਧੀਆ ਵਿਚਾਰਾਂ ਨੂੰ ਲਾਗੂ ਕੀਤਾ ਹੈ ਅਤੇ ਉਨ੍ਹਾਂ ਨੂੰ ਬਹੁਤ ਸਫਲ ਕਾਰੋਬਾਰਾਂ ਵਿੱਚ ਬਦਲ ਦਿੱਤਾ ਹੈ ਅਤੇ ਇਹ ਬਹੁਤ ਉਤਸਾਹਜਨਕ ਹੈ। ਭਾਰਤ-ਯੂਏਈ ਸਬੰਧਾਂ ਬਾਰੇ ਬੋਲਦਿਆਂ, ਰਾਜਦੂਤ ਅਲਸਾਲੀ ਨੇ ਕਿਹਾ ਕਿ ਇਹ ਬਹੁਤ ਵਧੀਆ ਚੱਲ ਰਿਹਾ ਹੈ, ਖਾਸ ਕਰਕੇ ਯੂਏਈ ਸੀਈਪੀਏ ਕੌਂਸਲ ਦੇ ਨਾਲ, ਕਿਉਂਕਿ ਇਹ ਮੁੱਖ ਫੋਕਸ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸੱਚਮੁੱਚ ਸੰਖਿਆ ਦੇ ਰੂਪ ਵਿੱਚ ਵਿਕਾਸ ਦੇਖਣਾ ਚਾਹੁੰਦੇ ਹਾਂ, ਤਾਂ ਛੋਟੇ ਅਤੇ ਦਰਮਿਆਨੇ ਉੱਦਮਾਂ ਅਤੇ ਉੱਦਮੀਆਂ ‘ਤੇ ਧਿਆਨ ਕੇਂਦਰਿਤ ਕਰਨਾ ਬਹੁਤ ਜਰੂਰੀ ਹੈ ਅਤੇ ਇਸਨੂੰ ਸੰਭਵ ਬਣਾਉਣ ਵਿੱਚ ਬਹੁਤ ਵਧੀਆ ਹੈ। ਉਨ੍ਹਾਂ ਕਿਹਾ ਕਿ ਯੂਏਈ-ਭਾਰਤ ਸਬੰਧ ਇਤਿਹਾਸਕ ਅਤੇ ਪ੍ਰਾਚੀਨ ਹਨ।

## ਔਰਤਾਂ ਨੂੰ ਜਲਦ ਮਿਲਣਗੇ 2100 ਰੁਪਏ

ਚੰਡੀਗੜ੍ਹ, 24 ਜਨਵਰੀ : ‘ਲਾਡੋ ਲਕਸ਼ਮੀ ਯੋਜਨਾ’ ਤਹਿਤ ਔਰਤਾਂ ਨੂੰ ਜਲਦੀ ਹੀ 2100 ਰੁਪਏ ਮਿਲਣਗੇ। 18 ਤੋਂ 60 ਸਾਲ ਤੱਕ ਦੀਆਂ ਔਰਤਾਂ ਇਸ ਯੋਜਨਾ ਦਾ ਲਾਭ ਲੈ ਸਕਣਗੀਆਂ। ਬਿਨੈਕਾਰ ਔਰਤਾਂ ਕੋਲ - ਕਾਰਡ ਹੋਣਾ ਜਰੂਰੀ ਹੈ। ਇਸ ਯੋਜਨਾ ਦਾ ਲਾਭ ਹਰਿਆਣਾ ਸਰਕਾਰ ਵਲੋਂ ਦਿੱਤਾ ਜਾਵੇਗਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ‘ਲਾਡੋ ਲਕਸ਼ਮੀ ਯੋਜਨਾ’ ਨੂੰ ਬਜਟ ਸੈਸ਼ਨ ਵਿਚ ਲਿਆਂਦਾ ਜਾਵੇਗਾ। ਦੱਸ ਦੇਈਏ ਕਿ ਹਰਿਆਣਾ ਦਾ ਬਜਟ ਸੈਸ਼ਨ ਫਰਵਰੀ ਦੇ ਦੂਜੇ ਹਫਤੇ ਹੋਵੇਗਾ, ਜਿਸ ‘ਚ ਇਸ ਯੋਜਨਾ ‘ਤੇ ਮੋਹਰ ਲੱਗੇਗੀ। ਵੀਰਵਾਰ ਨੂੰ ਚੰਡੀਗੜ੍ਹ ਵਿਚ ਹਰਿਆਣਾ ਕੈਬਨਿਟ ਦੀ ਬੈਠਕ ਹੋਈ, ਜਿਸ ਵਿਚ ਇਸ ਯੋਜਨਾ ਬਾਰੇ ਮੀਟਿੰਗ ਹੋਈ। ਕੈਬਨਿਟ ਦੀ ਬੈਠਕ ਮਗਰੋਂ ਮੁੱਖ ਮੰਤਰੀ ਨਾਇਬ ਸੈਣੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਾਰ ਬਜਟ ਵਿਚ ਇਸ ਦੀ ਵਿਵਸਥਾ ਕੀਤੀ ਜਾਵੇਗੀ। ਹੁਣ ਲਾਡੋ ਲਕਸ਼ਮੀ ਯੋਜਨਾ ਬਜਟ ਸੈਸ਼ਨ ਮਗਰੋਂ ਹੀ ਲਾਗੂ ਹੋ ਸਕੇਗੀ। ਮੁੱਖ ਮੰਤਰੀ ਨੇ ਕਿਹਾ ਕਿ ਮੈਨੀਫੈਸਟੋ ਦੇ ਇਕ-ਇਕ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ।

## ਈਸਾਈ ਜੋੜੇ ਨੂੰ 5 ਸਾਲ ਦੀ ਕੈਦ

ਲਖਨਊ, 24 ਜਨਵਰੀ : ਉੱਤਰ ਪ੍ਰਦੇਸ ਦੇ ਅੰਬੇਡਕਰ ਨਗਰ ਜ਼?ਲ੍ਹੇ ਦੀ ਇੱਕ ਵਿਸੇਸ ਅਦਾਲਤ ਨੇ ਇੱਕ ਈਸਾਈ ਜੋੜੇ, ਪਾਸਟਰ ਜੋਸ ਪੱਪਾਚਨ ਅਤੇ ਉਸਦੀ ਪਤਨੀ ਸੀਜਾ ਪੱਪਾਚਨ ਨੂੰ ਵਿਅਕਤੀਆਂ ਦਾ ਧਰਮ ਪਰਿਵਰਤਨ ਕਰਨ ਦੀ ਕੋਸ਼?ਸ ਕਰਨ ਦੇ ਦੋਸ ਵਿੱਚ ਪੰਜ ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਅਦਾਲਤ ਨੇ ਜੋੜੇ ਨੂੰ 25,000 ਰੁਪਏ ਦਾ ਜੁਰਮਾਨਾ ਵੀ ਲਗਾਇਆ। ਜੋਸ ਪੱਪਾਚਨ ਅਤੇ ਉਸਦੀ ਪਤਨੀ ਸੀਜਾ ਪੱਪਾਚਨ ਦੋਵਾਂ ਦੀ ਉਮਰ 40 ਦੇ ਕਰੀਬ ਦੱਸੀ ਜਾ ਰਹੀ ਹੈ। 18 ਜਨਵਰੀ, 2023 ਨੂੰ ਚੰਦਰਿਕਾ ਪ੍ਰਸਾਦ ਨਾਮਕ ਵਿਅਕਤੀ ਦੁਆਰਾ ਜੋੜੇ ਵਿਰੁੱਧ ਮਾਮਲਾ ਕਰਵਾਇਆ ਗਿਆ ਸੀ। ਨੂੰ ਜੇਲ੍ਹ ਭੇਜਿਆ ਗਿਆ ਸੀ। ਚੰਦਰਿਕਾ ਦੇ ਅਨੁਸਾਰ, ਇਹ ਜੋੜਾ ਪਿਛਲੇ ਕਈ ਮਹੀਨਿਆਂ ਤੋਂ ਜ਼ਿਲ੍ਹੇ ਦੇ ਸਾਹਪੁਰ ਫਿਰੋਜ ਦੇ ਦਲਿਤ ਬਸਤੀ ‘ਚ ਸਰਗਰਮ ਸੀ ਤੇ ਕਥਿਤ ਤੌਰ ‘ਤੇ ਗਰੀਬ ਪਰਿਵਾਰਾਂ ਨੂੰ ਨਿਸਾਨਾ ਬਣਾ ਰਿਹਾ ਸੀ।

## ‘ਆਪ’ ਨੇ ਦਿੱਲੀ ‘ਚ 10 ਸਾਲਾਂ ਦੇ ਰਾਜ ‘ਚ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡ ਤੋੜੇ: ਨੱਡਾ

ਨਵੀਂ ਦਿੱਲੀ, 24 ਜਨਵਰੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇ. ਪੀ. ਨੱਡਾ ਨੇ ਵੀਰਵਾਰ ਨੂੰ ਆਮ ਆਦਮੀ ਪਾਰਟੀ (ਆਪ) ‘ਤੇ ਤਿੱਖਾ ਹਮਲਾ ਕਰਦੇ ਦੋਸ ਲਗਾਇਆ ਕਿ ‘ਆਪ’ ਨੇ ਦਿੱਲੀ ਵਿੱਚ ਆਪਣੇ 10 ਸਾਲਾਂ ਦੇ ਸਾਸਨ ਦੌਰਾਨ ਭ੍ਰਿਸਟਾਚਾਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੱਛਮੀ ਦਿੱਲੀ ਦੇ ਉੱਤਮ ਨਗਰ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਕੇਂਦਰੀ ਮੰਤਰੀ ਨੇ ਆਬਕਾਰੀ ਨੀਤੀ ਮਾਮਲੇ ਨੂੰ ਉਨ੍ਹਾਂ ਘੁਟਾਲਿਆਂ ਦੀ ਸੂਚੀ ਵਿੱਚ ਸਾਮਲ ਕੀਤਾ ਜੋ ਕਥਿਤ ਤੌਰ ‘ਤੇ ‘ਆਪ’ ਦੇ ਲਗਾਤਾਰ ਦੋ ਕਾਰਜਕਾਲਾਂ ਦੌਰਾਨ ਹੋਏ ਸਨ। ਕੇਜਰੀਵਾਲ ਸਮੇਤ ਕਈ ‘ਆਪ’ ਆਗੂ ਕਥਿਤ ਸਰਾਬ ਘੁਟਾਲੇ ਵਿੱਚ ਜੇਲ੍ਹ ਜਾ ਚੁੱਕੇ ਹਨ। ਉਨ੍ਹਾਂ ਦੋਸ ਲਾਇਆ ਕਿ ਪਾਰਟੀ ਨੇ ਆਪਣੇ ਕਾਰਜਕਾਲ ਦੌਰਾਨ ਦਿੱਲੀ ਵਿੱਚ ਸਾਰਿਆਂ ਦੀਆਂ ਜੇਬਾਂ ਹੜੱਪ ਲਈਆਂ।



ਉਨ੍ਹਾਂ ਕਿਹਾ, “ਵਕਫ ਬੋਰਡ ਘੁਟਾਲਾ ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਨਹੀਂ ਬਖਸ਼?ਆ। ਉਨ੍ਹਾਂ ਨੇ (ਵਕਫ ਬੋਰਡ ਵਿੱਚ) 100 ਕਰੋੜ ਰੁਪਏ ਦਾ ਘੁਟਾਲਾ ਕੀਤਾ।“ ਨੱਡਾ ਨੇ ‘ਆਪ’ ਦੇ ਰਾਸਟਰੀ ਕਨਵੀਨਰ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ “ਝੂਠਾ“ ਕਰਾਰ ਕਿਹਾ। ਉਹਨਾਂ ਕਿਹਾ, “ਉਹ ਇੰਨੀ ਮਾਸੂਮੀਅਤ ਨਾਲ ਝੂਠ ਬੋਲਦਾ ਹੈ ਕਿ ਜੇਕਰ ਰਾਸਟਰੀ ਪੱਧਰ ਦਾ ਝੂਠ ਬੋਲਣ ਦਾ ਮੁਕਾਬਲਾ ਕਰਵਾਇਆ ਜਾਂਦਾ ਹੈ ਤਾਂ ਉਹ ਪਹਿਲੇ ਸਥਾਨ ‘ਤੇ ਆਵੇਗਾ। ਪਰ ਦਿੱਲੀ ਦੇ ਲੋਕ ਵਿਧਾਨ ਸਭਾ ਚੋਣਾਂ ਵਿੱਚ ‘ਆਪ’ ਨੂੰ ਢੁੱਕਵਾਂ ਜਵਾਬ ਦੇਣਗੇ।“ ‘ਆਪ’ ਦਾ ਹਵਾਲਾ ਦਿੰਦੇ ਹੋਏ, ਨੱਡਾ ਨੇ ਦਾਅਵਾ ਕੀਤਾ, “ਆਪ-ਦਾ (ਆਪ) ਨੇ 10 ਸਾਲ ਸਿੱਖਿਆ ਦੀ ਗੱਲ ਕੀਤੀ ਪਰ ਇਸ ਦੀ ਬਜਾਏ ਉਹ 2,800 ਕਰੋੜ ਰੁਪਏ ਦੇ ਸਰਾਬ ਘੁਟਾਲੇ ਵਿੱਚ ਸਾਮਲ ਹੋ ਗਏ। ਉਨ੍ਹਾਂ ਨੇ (ਦਿੱਲੀ) ਜਲ ਬੋਰਡ ਵਿੱਚ ਇੱਕ ਘੁਟਾਲਾ ਕੀਤਾ... ਅਤੇ ਦਿੱਲੀ ਦੇ ਲੋਕਾਂ ਨੂੰ ਟੈਂਕਰ ਮਾਫੀਆ ਦੇ ਹੱਥੋਂ ਛੱਡ ਦਿੱਤਾ।“ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣਾਂ ਤੋਂ ਪਹਿਲਾਂ ਰਾਜਧਾਨੀ ਵਿੱਚ ਆਪਣੀ ਪਹਿਲੀ ਰੈਲੀ ਵਿੱਚ ਪਹਿਲੀ ਵਾਰ ‘ਆਪ’ ਨੂੰ “ਆਪ-ਦਾ“ ਕਿਹਾ ਸੀ। ਨੱਡਾ ਨੇ ਦਾਅਵਾ ਕੀਤਾ, “ਉਨ੍ਹਾਂ ਦੇ ਮੁਹੱਲਾ ਕਲੀਨਿਕਾਂ ਵਿੱਚ ਜਾਅਲੀ ਟੈਸਟਿੰਗ ਘੁਟਾਲਾ ਹੋਇਆ... ਅਤੇ 300 ਕਰੋੜ ਰੁਪਏ ਦਾ ਦਵਾਈ ਘੁਟਾਲਾ ਹੋਇਆ।“ ਉਨ੍ਹਾਂ ਦੋਸ ਲਾਇਆ ਕਿ ‘ਆਪ’ ਸਰਕਾਰ ਦੌਰਾਨ ਬੱਸਾਂ ਦੀ ਖਰੀਦ ਵਿੱਚ 4,500 ਕਰੋੜ ਰੁਪਏ ਦਾ ਘੁਟਾਲਾ ਹੋਇਆ ਹੈ ਅਤੇ ਦਿੱਲੀ ਵਿੱਚ ਸੀਸੀਟੀਵੀ ਲਗਾਉਣ ਵਿੱਚ 571 ਕਰੋੜ ਰੁਪਏ ਦਾ ਘੁਟਾਲਾ ਹੋਇਆ ਹੈ। ਉਸਨੇ ਯਮੁਨਾ ਨਦੀ ਨੂੰ ਸਾਫ ਕਰਨ ਦਾ ਵਾਅਦਾ ਕੀਤਾ ਸੀ।

## ਸ਼ਹੀਦ ਹੋਏ ਅਗਨੀਵੀਰ ਲਵਪ੍ਰੀਤ ਸਿੰਘ ਦੇ ਘਰ ਪਹੁੰਚੇ ਸਿੱਧੂ ਦੇ ਪਿਤਾ ਬਲਕੌਰ ਸਿੰਘ

ਜੰਮੂ-ਕਸ਼ਮੀਰ/ਮਾਨਸਾ, 24 ਜਨਵਰੀ : ਜ਼ਿਲ੍ਹਾ ਮਾਨਸਾ ਦੇ ਪਿੰਡ ਅਕਲੀਆਂ ਦਾ ਰਹਿਣ ਵਾਲਾ ਅਗਨੀਵੀਰ ਲਵਪ੍ਰੀਤ ਸਿੰਘ ਜੰਮੂ-ਕਸ਼ਮੀਰ ਦੇ ਕੁਪਵਾੜਾ ‘ਚ ਸ਼ਹੀਦ ਹੋ ਗਿਆ। ਜਾਣਕਾਰੀ ਮੁਤਾਬਕ ਲਵਪ੍ਰੀਤ ਸਿੰਘ ਡਿਊਟੀ ਦੌਰਾਨ ਦਹਿਸ਼ਤਗਰਦਾਂ ਦੀ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਿਆ। ਉਥੇ ਹੀ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਇਸ ਦੁੱਖ ਦੀ ਘੜੀ ‘ਚ ਲਵਪ੍ਰੀਤ ਸਿੰਘ ਦੇ ਘਰ ਪਹੁੰਚੇ, ਜਿੱਥੇ ਉਨ੍ਹਾਂ ਵੇ ਪਰਿਵਾਰ ਵਾਲਿਆਂ ਨਾਲ ਦੁੱਖ ਸਾਂਝਾ ਕੀਤਾ। ਇਸ ਦੌਰਾਨ ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ, ਜੋ ਸੋਸ਼ਲ ਮੀਡੀਆ ‘ਤੇ ਵੀ ਕਾਫੀ ਵਾਇਰਲ ਹੋ ਰਹੀਆਂ ਹਨ। ਜਾਣਕਾਰੀ ਮੁਤਾਬਕ ਪਿੰਡ ਅਕਲੀਆਂ ਦਾ 24 ਸਾਲਾ ਲਵਪ੍ਰੀਤ ਨਰਿੰਦਰ ਮੀਡੀਅਮ ਰੈਜੀਮੈਂਟ ਯੂਨਿਟ ‘ਚ ਤਾਇਨਾਤ ਸੀ ਅਤੇ 2 ਸਾਲ ਪਹਿਲਾਂ ਅਗਨੀਵੀਰ ਸਕੀਮ ਤਹਿਤ ਭਾਰਤੀ ਫੌਜ ‘ਚ ਭਰਤੀ ਹੋਇਆ ਸੀ। ਪਰਿਵਾਰਕ ਮੈਂਬਰਾਂ ਦੇ ਮੁਤਾਬਕ 2 ਦਿਨ ਪਹਿਲਾਂ ਲਵਪ੍ਰੀਤ ਨੇ ਆਪਣੇ ਮਾਤਾ-ਪਿਤਾ ਨਾਲ ਗੱਲ ਕਰਕੇ ਉਨ੍ਹਾਂ ਨੂੰ ਆਪਣੀ ਡਿਊਟੀ ਤੋਂ ਜਾਣੂੰ ਕਰਵਾਇਆ ਸੀ।

## ‘ਮੁਸਲਮਾਨ ਵਿਅਕਤੀ ਨਾਲ ਵਿਆਹ ਕਰਨਾ ਧਰਮ ਪਰਿਵਰਤਨ ਦੇ ਬਰਾਬਰ ਨਹੀਂ’ : ਦਿੱਲੀ ਹਾਈ ਕੋਰਟ

ਤੇਜਿੰਦਰ ਕੌਰ ਬੱਬਰ

ਨੈਸਨਲ ਡੈਸਕ, 24 ਜਨਵਰੀ : ਦਿੱਲੀ ਹਾਈ ਕੋਰਟ ਨੇ ਜਾਇਦਾਦ ਦੀ ਵੰਡ ਨਾਲ ਸਬੰਧਤ ਇੱਕ ਮਾਮਲੇ ਵਿੱਚ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ ਕਿ ਸਿਰਫ ਮੁਸਲਿਮ ਵਿਅਕਤੀ ਨਾਲ ਵਿਆਹ ਕਰਨ ਨਾਲ ਹਿੰਦੂ ਵਿਅਕਤੀ ਦਾ ਧਰਮ ਆਪਣੇ ਆਪ ਨਹੀਂ ਬਦਲ ਜਾਂਦਾ। ਅਦਾਲਤ ਨੇ ਇਹ ਵੀ ਕਿਹਾ ਕਿ ਵਿਆਹ ਤੋਂ ਬਾਅਦ ਔਰਤ ਨੇ ਆਪਣਾ ਧਰਮ ਨਹੀਂ ਬਦਲਿਆ, ਇਸ ਲਈ ਉਸਨੂੰ ਆਪਣੇ ਪਿਤਾ ਦੀ ਜਾਇਦਾਦ ਵਿੱਚੋਂ ਹਿੱਸਾ ਮਿਲ ਸਕਦਾ ਹੈ। ਇਹ ਮਾਮਲਾ ‘ਡਾ. ਪੁਸਪਲਤਾ ਐਂਡ ਓਰਸ ਬਨਾਮ ਰਾਮਦਾਸ ਐਚਯੂਐਫ ਐਂਡ ਓਰਸ’ ਦੇ ਮਾਮਲੇ ਨਾਲ ਸਬੰਧਤ ਹੈ, ਜਿਸ ਵਿੱਚ ਔਰਤ ਨੇ ਆਪਣੇ ਪਿਤਾ ਦੀ ਜਾਇਦਾਦ ਦੀ ਵੰਡ ਲਈ ਮੁਕੱਦਮਾ ਦਾਇਰ ਕੀਤਾ ਸੀ। ਅਦਾਲਤ ਦੇ ਇਸ ਫੈਸਲੇ ਨੇ ਸਪੱਸਟ ਕਰ ਦਿੱਤਾ ਕਿ ਧਰਮ ਪਰਿਵਰਤਨ ਲਈ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਨਾ ਜਰੂਰੀ ਹੈ ਅਤੇ ਸਿਰਫ ਵਿਆਹ ਦੁਆਰਾ ਧਰਮ ਪਰਿਵਰਤਨ ‘ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਦਿੱਲੀ ਦੀ ਫਰੈਂਡਜ ਕਲੋਨੀ ਵਿੱਚ ਰਹਿਣ ਵਾਲੇ ਰਾਮਦਾਸ ਦੇ ਦੋ ਵਿਆਹ ਹੋਏ ਸਨ। ਉਸਦੀ ਪਹਿਲੀ ਪਤਨੀ ਤੋਂ ਦੋ ਧੀਆਂ ਸਨ, ਜਦੋਂ ਕਿ ਦੂਜੀ ਪਤਨੀ ਤੋਂ ਉਸਦੇ ਦੋ ਪੁੱਤਰ ਸਨ। ਸਾਲ 2005 ਵਿੱਚ ਹਿੰਦੂ ਉੱਤਰਾਧਿਕਾਰ ਸੋਧ ਕਾਨੂੰਨ ਲਾਗੂ ਹੋਣ ਤੋਂ ਬਾਅਦ, ਧੀਆਂ ਨੂੰ ਵੀ ਆਪਣੇ ਪਿਤਾ ਦੀ ਜਾਇਦਾਦ ਵਿੱਚ ਹੱਕ ਮਿਲ ਗਿਆ। ਸਾਲ 2007 ਵਿੱਚ ਵੱਡੀ ਧੀ ਨੇ ਜਾਇਦਾਦ ਨੂੰ ਲੈ ਕੇ ਮੁਕੱਦਮਾ ਦਾਇਰ ਕੀਤਾ, ਜਿਸ ਵਿੱਚ ਦੋਸ ਲਗਾਇਆ ਕਿ ਉਸਦੇ ਪਿਤਾ ਦੀ ਦੂਜੀ ਪਤਨੀ ਦੇ ਪੁੱਤਰ ਉਸਦੀ ਸਹਿਮਤੀ ਤੋਂ ਬਿਨਾਂ ਜਾਇਦਾਦ ਵੇਚ ਰਹੇ ਹਨ। ਇਸ ਦੌਰਾਨ ਪਿਤਾ ਨੇ ਦਾਅਵਾ ਕੀਤਾ ਕਿ ਉਸਦੀ ਵੱਡੀ ਧੀ ਹੁਣ ਹਿੰਦੂ ਨਹੀਂ ਰਹੀ ਕਿਉਂਕਿ ਉਸਨੇ ਪਾਕਿਸਤਾਨੀ ਮੂਲ ਦੇ ਇੱਕ ਮੁਸਲਿਮ ਵਿਅਕਤੀ ਨਾਲ ਵਿਆਹ ਕਰਵਾ ਲਿਆ ਸੀ ਅਤੇ ਹੁਣ ਬ੍ਰਿਟੇਨ ਵਿੱਚ ਰਹਿੰਦੀ ਹੈ। ਇਸ ਲਈ, ਉਸਦਾ ਉਨ੍ਹਾਂ ਦੀ ਜਾਇਦਾਦ ‘ਤੇ ਕੋਈ ਹੱਕ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸਪੱਸਟ ਕੀਤਾ ਕਿ ਸਿਰਫ ਮੁਸਲਿਮ ਵਿਅਕਤੀ ਨਾਲ ਵਿਆਹ ਕਰਨ ਨਾਲ ਕਿਸੇ ਵਿਅਕਤੀ ਦਾ ਧਰਮ ਨਹੀਂ ਬਦਲਦਾ।






# ਵੋਟ ਪਾਉਣ ਪੁੱਜੇ ਸਾਬਕਾ ਮੁੱਖ ਮੰਤਰੀ ਦਾ ਨਾਂ ਵੋਟਰ ਸੂਚੀ ਵਿੱਚੋਂ '.ਗਾਇਬ'

## ਉੱਤਰਾਖੰਡ ਦੀਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ ਵੋਟ ਪਾਉਣ ਪੁੱਜੇ ਸਨ ਰਾਵਤ; ਸੂਬੇ ਦੀਆਂ 100 ਸਥਾਨਕ ਸਰਕਾਰਾਂ ਲਈ ਹੋ ਰਹੀਆਂ ਨੇ ਚੋਣਾਂ

**ਦੇਹਰਾਦੂਨ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਵਿਚ ਵੀਰਵਾਰ ਨੂੰ ਹੋ ਰਹੀਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੌਰਾਨ ਉਦੋਂ ਹਾਕਮ ਭਾਜਪਾ ਅਤੇ ਕਾਂਗਰਸ ਵਿਚਕਾਰ ਇੱਕ ਹੋਰ ਚੋਣ ਟਕਰਾਅ ਲਈ ਮੰਚ ਤਿਆਰ ਹੋ ਗਿਆ ਜਦੋਂ ਸੀਨੀਅਰ ਕਾਂਗਰਸੀ ਆਗੂ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਦਾ ਨਾਂ ਵੋਟਰ ਸੂਚੀ ਵਿੱਚੋਂ .ਗਾਇਬ ਪਾਇਆ ਗਿਆ। ਉਨ੍ਹਾਂ ਇਸ ਘਟਨਾ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।



ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਵੇਰ ਤੋਂ ਵੋਟ ਪਾਉਣ ਲਈ ਇੰਤਜ਼ਾਰ ਕਰ ਰਹੇ ਸਨ, ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦਾ ਨਾਂ ਉਸ ਪੋਲਿੰਗ ਸਟੇਸ਼ਨ ਦੀ ਵੋਟਰ ਸੂਚੀ ਵਿਚ ਨਹੀਂ ਮਿਲਿਆ, ਜਿੱਥੇ ਉਨ੍ਹਾਂ ਨੇ ਹਾਲੀਆ ਲੋਕ ਸਭਾ ਚੋਣਾਂ ਵਿੱਚ ਵੋਟ ਪਾਈ ਸੀ। ਰਾਵਤ ਨੇ ਦੋਸ਼ ਲਾਇਆ, ਉਹ ਹੁਣ ਇਸ ਦੀ ਭਾਲ ਕਰ ਰਹੇ ਹਨ ਦੇਖਦੇ ਹਾਂ ਕੀ ਹੁੰਦਾ ਹੈ। ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਮੈਨੂੰ ਜਾਂਚ ਦਾ ਭਰੋਸਾ ਦਿੰਦਿਆਂ ਉਡੀਕ ਕਰਨ ਲਈ ਕਿਹਾ ਹੈ।" ਉਨਾਂ ਕਿਹਾ, ਮੈਨੂੰ ਇਸ ਮਾਮਲੇ ਵਿਚ ਹੋਰ ਸੁਚੇਤ ਰਹਿਣਾ ਚਾਹੀਦਾ ਸੀ, ਕਿਉਂਕਿ ਮੈਨੂੰ ਪਤਾ ਸੀ ਕਿ ਭਾਜਪਾ ਵੋਟਰ ਸੂਚੀ ਵਿੱਚ ਨਾਂ .ਗਲਤ ਢੰਗ ਨਾਲ ਜੋੜਨ ਅਤੇ ਕੱਟਣ ਦੇ ਮਾਮਲੇ ਵਿੱਚ ਸ਼ਾਮਲ ਹੈ। ਇਹ ਚੋਣਾਂ 100 ਸ਼ਹਿਰੀ ਸਥਾਨਕ ਸੰਸਥਾਵਾਂ ਲਈ ਹੋ ਰਹੀਆਂ ਹਨ, ਜਿਨ੍ਹਾਂ ਵਿੱਚੋਂ 11 ਨਗਰ ਨਿਗਮ, 43 ਨਗਰ ਕੌਂਸਲਾਂ ਅਤੇ 46 ਨਗਰ ਪੰਚਾਇਤਾਂ ਸ਼ਾਮਲ ਹਨ। ਇਨ੍ਹਾਂ ਸੰਸਥਾਵਾਂ ਲਈ ਕੁੱਲ 5,405 ਉਮੀਦਵਾਰ ਮੈਦਾਨ ਵਿਚ ਹਨ। ਇਨ੍ਹਾਂ ਵਿਚੋਂ 11 ਮੇਅਰ ਦੇ ਅਹੁਦਿਆਂ ਲਈ 72 ਉਮੀਦਵਾਰ, ਨਗਰ ਕੌਂਸਲ ਚੇਅਰਪਰਸਨ ਦੇ ਅਹੁਦਿਆਂ ਲਈ 445 ਅਤੇ ਨਗਰ ਕੌਂਸਲਰਾਂ ਦੇ ਅਹੁਦਿਆਂ ਲਈ 4,888 ਉਮੀਦਵਾਰ ਚੋਣ ਲੜ ਰਹੇ ਹਨ। ਉੱਤਰਾਖੰਡ ਰਾਜ ਚੋਣ ਕਮਿਸ਼ਨਰ ਸੁਸ਼ੀਲ ਕੁਮਾਰ ਨੇ ਕਿਹਾ ਕਿ ਰਾਜ ਦੇ 1282 ਵਾਰਡਾਂ ਵਿੱਚ ਫੈਲੀਆਂ 100 ਸ਼ਹਿਰੀ ਸਥਾਨਕ ਸੰਸਥਾਵਾਂ ਲਈ ਹੋਣ ਵਾਲੀਆਂ ਚੋਣਾਂ ਵਿੱਚ ਕੁੱਲ 30,29000 ਵੋਟਰਾਂ ਦੇ ਹਿੱਸਾ ਲੈਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਰਾਜ ਵਿੱਚ 1,515 ਪੋਲਿੰਗ ਕੇਂਦਰ ਅਤੇ 3,394 ਪੋਲਿੰਗ ਬੂਥ ਹਨ। ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਕੁੱਲ 25,800 ਸੁਰੱਖਿਆ ਅਤੇ 16,284 ਪੋਲਿੰਗ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਵੋਟਾਂ ਦੀ ਗਿਣਤੀ 25 ਜਨਵਰੀ ਨੂੰ ਕੀਤੀ ਜਾਵੇਗੀ।

# ਦਿੱਲੀ ਝੂਠੇ ਪ੍ਰਚਾਰ ਦਾ ਮਾਡਲ ਨਹੀਂ, ਸ਼ੀਲਾ ਦੀਕਸ਼ਿਤ ਦਾ 'ਵਿਕਾਸ ਮਾਡਲ' ਮੰਗ ਰਹੀ ਹੈ: ਰਾਹੁਲ

**ਨਵੀਂ ਦਿੱਲੀ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਦਾਅਵਾ ਕੀਤਾ ਕਿ ਹੁਣ ਰਾਸ਼ਟਰੀ ਰਾਜਧਾਨੀ ਦੀ ਜਨਤਾ ਇਨ੍ਹਾਂ ਦੋਹਾਂ ਨੇਤਾਵਾਂ ਦੇ 'ਝੂਠੇ ਪ੍ਰਚਾਰ ਦੇ ਮਾਡਲ' ਨੂੰ ਸਵੀਕਾਰ ਨਹੀਂ ਕਰਨਗੇ। ਸਗੋਂ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ 'ਵਿਕਾਸ ਮਾਡਲ' ਦੀ ਮੰਗ ਕਰ ਰਹੀ ਹੈ। ਰਾਹੁਲ ਨੇ ਆਪਣੇ ਵਟਸਐਪ ਚੈਨਲ 'ਤੇ ਦਿੱਲੀ ਨਾਲ ਸਬੰਧਤ ਕੁਝ ਮੁੱਦਿਆਂ ਦਾ ਜ਼ਿਕਰ ਕਰਦੇ ਹੋਏ ਇਕ ਪੋਸਟ ਕੀਤੀ। ਉਨ੍ਹਾਂ ਕਿਹਾ, "ਖਰਾਬ ਨਿਰਮਾਣ ਕਾਰਜ, ਗੰਦਗੀ, ਮਹਿੰਗਾਈ, ਬੇਰੁਜ਼ਗਾਰੀ, ਪ੍ਰਦੂਸ਼ਣ ਅਤੇ ਭ੍ਰਿਸ਼ਟਾਚਾਰ ਦਿੱਲੀ ਦੀ ਸੱਚਾਈ ਜਨਤਾ ਦੇ ਸਾਹਮਣੇ ਹੈ।" ਦਿੱਲੀ ਹੁਣ ਨਰਿੰਦਰ



ਮੋਦੀ ਅਤੇ ਕੇਜਰੀਵਾਲ ਦਾ ਝੂਠਾ ਪ੍ਰਚਾਰ ਤੇ ਪੀ. ਆਰ. ਮਾਡਲ ਨਹੀਂ, ਸ਼ੀਲਾ ਦੀਕਸ਼ਤ ਜੀ ਦੀ ਉਹੀ ਸੱਚਾ ਵਿਕਾਸ ਮਾਡਲ ਦੀ ਮੰਗ ਕਰ ਰਹੀ ਹੈ। ਕਾਂਗਰਸ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਵੀਰਵਾਰ ਨੂੰ ਇਕ 'ਥੀਮ ਗੀਤ' ਜਾਰੀ ਕੀਤਾ ਗਿਆ। ਦੱਸ ਦੇਈਏ ਕਿ ਦਿੱਲੀ ਦੀਆਂ ਸਾਰੀਆਂ 70 ਵਿਧਾਨ ਸਭਾ ਸੀਟਾਂ ਲਈ 5 ਫਰਵਰੀ ਨੂੰ ਵੋਟਿੰਗ ਹੋਵੇਗੀ ਅਤੇ 8 ਫਰਵਰੀ ਨੂੰ ਨਤੀਜੇ ਆਉਣਗੇ।

### ਡੌਂਕੀ ਮਾਰ ਕੇ ਅਮਰੀਕਾ ਪੁੱਜੇ ਭਾਰਤੀਆਂ ਲਈ ਬੁਰੀ .ਖ਼ਬਰ

# .ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਰਹਿ ਰਹੇ ਭਾਰਤੀਆਂ ਦੀ ਵਾਪਸੀ ਲਈ ਭਾਰਤ ਤਿਆਰ: ਜੈਸ਼ੰਕਰ

**ਵਾਸ਼ਿੰਗਟਨ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਭਾਰਤ ਵੈਧ ਦਸਤਾਵੇਜ਼ਾਂ ਦੇ ਬਿਨਾਂ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਦੀ ਵੈਧ ਵਾਪਸੀ ਲਈ ਹਮੇਸ਼ਾ ਤਿਆਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਜੇ ਵੀ ਅਮਰੀਕਾ ਤੋਂ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਵਿੱਚ ਹੈ, ਜਿਨ੍ਹਾਂ ਨੂੰ ਭਾਰਤ ਭੇਜਿਆ ਜਾ ਸਕਦਾ ਹੈ ਅਤੇ ਅਜੇ ਇਸ ਤਰ੍ਹਾਂ ਦੇ ਵਿਅਕਤੀਆਂ ਦੀ ਗਿਣਤੀ ਦਾ ਪਤਾ ਨਹੀਂ ਲੱਗ ਸਕਦਾ।

ਜੈਸ਼ੰਕਰ ਨੇ ਇੱਥੇ ਭਾਰਤੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਇੱਕ ਸਰਕਾਰ ਦੇ ਰੂਪ ਵਿੱਚ ਅਸੀਂ ਸਪਸ਼ਟ ਤੌਰ 'ਤੇ (ਲੋਕਾਂ ਦੀ) ਵੈਧ ਆਵਾਜਾਈ ਦੇ ਵੱਡੇ ਸਮਰਥਕ ਹਾਂ। ਅਸੀਂ ਚਾਹੁੰਦੇ ਹਾਂ ਕਿ ਭਾਰਤੀ ਪ੍ਰਤਿਭਾ ਅਤੇ ਭਾਰਤੀ ਹੁਨਰ ਨੂੰ ਵਿਸ਼ਵ ਪੱਧਰ



'ਤੇ ਜ਼ਿਆਦਾ ਮੌਕੇ ਮਿਲਣ। ਇਸ ਦੇ ਨਾਲ ਹੀ ਅਸੀਂ ਗੈਰ-ਕਾਨੂੰਨੀ ਆਵਾਜਾਈ ਅਤੇ ਗੈਰ-ਕਾਨੂੰਨੀ ਪ੍ਰਵਾਸ ਦਾ ਵੀ ਦ੍ਰਿੜ੍ਹਤਾ ਨਾਲ ਵਿਰੋਧ ਕਰਦੇ ਹਾਂ।"

ਜੈਸ਼ੰਕਰ ਨੇ ਕਿਹਾ, ਤੁਸੀਂ ਇਹ ਵੀ ਜਾਣਦੇ ਹੋ ਕਿ ਜਦੋਂ ਕੁਝ ਗੈਰ-ਕਾਨੂੰਨੀ ਹੁੰਦਾ ਹੈ, ਤਾਂ ਕਈ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਵੀ ਉਸ ਨਾਲ ਜੁੜ ਜਾਂਦੀਆਂ ਹਨ, ਜੋ ਸਹੀ ਨਹੀਂ ਹੈ। ਇਹ ਨਿਸ਼ਚਿਤ ਤੌਰ 'ਤੇ ਖੇਤੀਬਾੜੀ ਲਈ ਵੀ ਚੰਗਾ ਨਹੀਂ ਹੈ। ਅਸੀਂ ਹਮੇਸ਼ਾ ਇਹ ਕਿਹਾ ਹੈ ਕਿ ਜੇ ਸਾਡਾ ਕੋਈ ਨਾਗਰਿਕ ਗੈਰ-ਕਾਨੂੰਨੀ ਤੌਰ 'ਤੇ ਉਥੇ ਹੈ ਅਤੇ ਜੇ ਅਸੀਂ ਸੋਚਦੇ ਹਾਂ ਕਿ ਉਹ ਸਾਡੇ ਨਾਗਰਿਕ ਹਨ, ਤਾਂ ਅਸੀਂ ਹਮੇਸ਼ਾ ਉਨ੍ਹਾਂ ਦੀ ਵੈਧ ਭਾਰਤ ਵਾਪਸੀ ਲਈ ਤਿਆਰ ਰਹਾਂਗੇ।

ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਵਿਦੇਸ਼ ਮੰਤਰੀ ਮਾਰਕੋ ਰੁਬਿਓ ਨਾਲ ਗੱਲ ਕੀਤੀ ਹੈ ਅਤੇ ਮੈਂ ਅੰਕੜੇ ਵੇਖੇ ਹਨ, ਸਾਡੇ ਲਈ ਇਹ ਸਿਰਫ਼ ਅੰਕੜਾ ਨਹੀਂ ਹੈ। ਇਹ ਉਦੋਂ ਹੀ ਪ੍ਰਭਾਵਸ਼ਾਲੀ ਹੋਵੇਗਾ ਜਦੋਂ ਅਸੀਂ ਅਸਲ ਵਿੱਚ ਇਸ ਤੱਥ ਨੂੰ ਪੜਤਾਲ ਕਰ ਸਕਾਂਗੇ ਕਿ ਸੰਬੰਧਿਤ ਵਿਅਕਤੀ ਭਾਰਤੀ ਮੂਲ ਦਾ ਹੀ ਹੈ।

# ਸੁਰੱਖਿਆ ਬਲਾਂ ਵਲੋਂ ਅੱਤਵਾਦੀ ਟਿਕਾਣੇ ਦਾ ਪਰਦਾਫਾਸ਼; ਹਥਿਆਰ ਅਤੇ ਗੋਲਾ ਬਾਰੂਦ ਬਰਾਮਦ

**ਸ਼੍ਰੀਨਗਰ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ 'ਚ ਗਣਤੰਤਰ ਦਿਵਸ ਤੋਂ ਪਹਿਲਾਂ ਸੁਰੱਖਿਆ ਬਲਾਂ ਨੇ ਉਪ-ਜ਼ਿਲ੍ਹੇ ਅਵੰਤੀਪੋਰਾ 'ਚ ਇਕ ਅੱਤਵਾਦੀ ਟਿਕਾਣੇ ਦਾ ਪਰਦਾਫਾਸ਼ ਕੀਤਾ ਹੈ ਅਤੇ ਭਾਰੀ ਮਾਤਰਾ 'ਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਤਲਾਸ਼ੀ ਮੁਹਿੰਮ ਦੌਰਾਨ ਹਥਿਆਰ ਅਤੇ 954 ਬਣਾਉਣ 'ਚ ਇਸਤੇਮਾਲ ਹੋਣ ਵਾਲੀ ਸਮੱਗਰੀ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਫ਼ੌਜ ਦੀ ਰਾਸ਼ਟਰੀ ਰਾਈਫਲਜ਼ (42 ਆਰ. ਆਰ) ਅਤੇ ਕੇਂਦਰੀ ਰਿਜ਼ਰਵ ਪੁਲਸ ਬਲ (3♣♦6) ਦੀ 130 ਬਟਾਲੀਅਨ ਦੇ ਨਾਲ ਪੁਲਸ ਦੀ ਇਕ ਸਾਂਝੀ ਟੀਮ ਨੇ



ਅਵੰਤੀਪੋਰਾ ਦੇ ਲਾਰਮੁਹ ਵਿਖੇ ਇਕ ਸਰਕਾਰੀ ਸਕੂਲ ਵਿਚ ਲੁਕੇ ਇਕ ਅੱਤਵਾਦੀ ਟਿਕਾਣੇ ਦਾ ਪਰਦਾਫਾਸ਼ ਕੀਤਾ।

ਪੁਲਸ ਨੇ ਦੱਸਿਆ ਕਿ ਇਕ ਖਾਸ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਸੰਯੁਕਤ ਬਲਾਂ ਨੇ ਲਾਰਮੁਹ 'ਚ ਤਲਾਸ਼ੀ ਮੁਹਿੰਮ ਚਲਾਈ ਅਤੇ ਕਾਰਵਾਈ ਦੌਰਾਨ ਇਸ ਟਿਕਾਣੇ ਦਾ ਪਰਦਾਫਾਸ਼ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਤਲਾਸ਼ੀ ਮੁਹਿੰਮ ਦੌਰਾਨ ਇਕ ਗ੍ਰਨੇਡ, ਯੂ.ਬੀ.ਜੀ.ਐੱਲ., ਪਿਸਤੌਲ ਮੈਗਜ਼ੀਨ, ਕੁਝ ਰਾਉਂਡ, ਇਕ ਇਲੈਕਟ੍ਰਿਕ ਡੈਟੋਨੇਟਰ, ਚਾਰ ਨਾਨ-ਇਲੈਕਟ੍ਰਿਕ ਡੈਟੋਨੇਟਰ, ਇਕ ਪੀ.ਟੀ.ਡੀ. ਸਵਿੱਚ, ਇਕ ਨਾਰਮਲ ਸਵਿੱਚ, 10 ਮੀਟਰ ਸੇਫਟੀ ਫਿਊਜ਼ ਤਾਰ, ਦੋ 9ਵੀ ਬੈਟਰੀਆਂ (954 ਬਣਾਉਣ 'ਚ ਇਸਤੇਮਾਲ ਹੋਣ ਵਾਲੀ ਸਮੱਗਰੀ), ਇਕ ਡਾਟਾ ਕੇਬਲ, ਦੋ ਰੋਲ ਅਤੇ ਬਾਲਟੀ ਸਮੇਤ ਇਤਰਾਜ਼ਯੋਗ ਸਮੱਗਰੀ ਟਿਕਾਣੇ ਤੋਂ ਬਰਾਮਦ ਕੀਤੀ ਗਈ।

# ਵਿਜੀਲੈਂਸ ਵੱਲੋਂ ਸਿੱਖਿਆ ਵਿਭਾਗ 'ਚ ਅਫਸਰ ਦੇ ਘਰੋਂ ਵੱਡੀ ਗਿਣਤੀ 'ਚ ਨਕਦੀ ਬਰਾਮਦ



**ਪਟਨਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ 'ਚ ਅਫਸਰ ਦੇ ਘਰੋਂ ਵੱਡੀ ਗਿਣਤੀ 'ਚ ਨਕਦੀ ਬਰਾਮਦ ਕੀਤੀ ਗਈ ਹੈ। ਅਫ਼ਸਰ ਦੇ ਘਰੋਂ ਵੱਡੀ ਗਿਣਤੀ ਵਿਚ ਨਕਦੀ ਬਰਾਮਦ ਹੋਣ 'ਤੇ ਅਧਿਕਾਰੀਆਂ ਦੇ ਵੀ ਹੋਸ਼ ਉੱਡ ਗਏ। ਇਹ ਮਾਮਲਾ ਬਿਹਾਰ ਦੇ ਬੇਤੀਆ ਤੋਂ ਸਾਹਮਣੇ ਆਇਆ ਹੈ। ਦਰਅਸਲ ਬੇਤੀਆ ਜ਼ਿਲ੍ਹਾ ਸਿੱਖਿਆ ਅਫ਼ਸਰ (45®) ਰਜਨੀਕਾਂਤ ਪ੍ਰਵੀਨ ਦੇ ਘਰ ਵਿਜੀਲੈਂਸ ਦੀ ਕਾਰਵਾਈ ਦੌਰਾਨ ਇਹ ਨਕਦੀ ਬਰਾਮਦ ਕੀਤੀ ਗਈ ਹੈ।

ਪਟਨਾ ਤੋਂ ਆਈ ਵਿਜੀਲੈਂਸ ਟੀਮ ਸਵੇਰ ਤੋਂ ਹੀ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਪੁੱਛਗਿੱਛ ਕਰ ਰਹੀ ਹੈ। ਜਾਂਚ ਵਿਚ ਹੁਣ ਤੱਕ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕੀਤੀ ਗਈ ਹੈ। ਕਿਸੇ ਨੂੰ ਵੀ ਅੰਦਰ ਜਾਣ ਜਾਂ ਬਾਹਰ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। ਨੋਟ ਗਿਣਨ ਲਈ ਮਸ਼ੀਨ ਤੱਕ ਮੰਗਵਾਈ ਗਈ ਹੈ। ਇਸ ਮਾਮਲੇ 'ਤੇ ਸਥਾਨਕ ਪ੍ਰਸ਼ਾਸਨ ਅਤੇ ਵਿਜੀਲੈਂਸ ਵਿਭਾਗ ਦੇ ਅਧਿਕਾਰੀ ਫਿਲਹਾਲ ਕੁਝ ਵੀ ਬੋਲਣ ਤੋਂ ਬਚ ਰਹੇ ਹਨ। ਇਹ ਕਾਰਵਾਈ ਬੇਤੀਆ ਦੇ ਮੁਫਾਸਿਲ ਥਾਣਾ ਖੇਤਰ 'ਚ ਸਥਿਤ ਬਸੰਤ ਬਿਹਾਰ ਕਾਲੋਨੀ 'ਚ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਘਰ 'ਤੇ ਕੀਤੀ ਜਾ ਰਹੀ ਹੈ। 45® ਰਜਨੀਕਾਂਤ ਪ੍ਰਵੀਨ ਪਿਛਲੇ ਤਿੰਨ ਸਾਲਾਂ ਤੋਂ ਬੇਤੀਆ ਵਿਚ ਅਹੁਦੇ 'ਤੇ ਤਾਇਨਾਤ ਹਨ। ਵਿਜੀਲੈਂਸ ਦੀ ਟੀਮ ਕਈ ਘੰਟਿਆਂ ਤੋਂ ਉਨ੍ਹਾਂ ਦੇ ਘਰ ਮੌਜੂਦ ਹੈ ਅਤੇ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ 45® ਖ਼ਿਲਾਫ਼ ਵਿੱਤੀ ਬੇਨਿਯਮੀਆਂ ਅਤੇ ਨਾਜਾਇਜ਼ ਜਾਇਦਾਦ ਬਣਾਉਣ ਦੇ ਮਾਮਲੇ 'ਚ ਸ਼ਿਕਾਇਤਾਂ ਦਰਜ ਸਨ। ਫਿਲਹਾਲ ਵਿਜੀਲੈਂਸ ਟੀਮ ਕਾਰਵਾਈ ਕਰਨ 'ਚ ਜੁੱਟੀ ਹੋਈ ਹੈ ਅਤੇ ਮਾਮਲੇ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ। ਹਾਲਾਤ ਇਹ ਹਨ ਕਿ ਨੋਟ ਗਿਣਨ ਵਾਲੀ ਮਸ਼ੀਨ ਮੰਗਵਾਉਣੀ ਪਈ। ਮੌਕੇ 'ਤੇ ਪੁਲਸ ਬਲ ਵੀ ਤਾਇਨਾਤ ਕਰ ਦਿੱਤਾ ਗਿਆ ਹੈ।

# ਬੀ.ਐਸ.ਐਫ. ਤੇ ਐਸ.ਟੀ. ਐਫ. ਨੇ ਅੰਮ੍ਰਿਤਸਰ ਬਾਰਡਰ 'ਤੇ ਨਸ਼ਾ ਤਸਕਰੀ ਦੀ ਕੋਸ਼ਿਸ਼ ਨਾਕਾਮ ਕੀਤੀ, ਇੱਕ ਕਾਬੂ



**ਅੰਮ੍ਰਿਤਸਰ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਮਾ ਸੁਰੱਖਿਆ ਬਲ (ਬੀਐੱਸਐੱਫ) ਨੇ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਨਾਲ ਸਾਂਝੇ ਆਪ੍ਰੇਸ਼ਨ ਵਿੱਚ ਅੰਮ੍ਰਿਤਸਰ ਤੋਂ 550 ਗ੍ਰਾਮ ਵਜ਼ਨ ਦੀ ਨਸ਼ੀਲੇ ਪਦਾਰਥ ਬਰਾਮਦ ਕੀਤੇ ਅਤੇ ਇੱਕ ਨਸ਼ਾ ਤਸਕਰ ਨੂੰ ਵੀ ਕਾਬੂ ਕੀਤਾ। ਬੀਐਸਐਫ ਦੇ ਖੁਫੀਆ ਵਿੰਗ ਨੇ ਅੰਮ੍ਰਿਤਸਰ ਸਰਹੱਦ 'ਤੇ ਤਸਕਰੀ ਦੀ ਕੋਸ਼ਿਸ਼ ਬਾਰੇ ਇੱਕ ਜਾਣਕਾਰੀ ਸਾਂਝੀ ਕੀਤੀ। ਜਿਸ ਉਪਰੰਤ ਇੱਕ ਮਹੱਤਵਪੂਰਨ ਸੰਯੁਕਤ ਛਾਪੇਮਾਰੀ ਕਾਰਵਾਈ ਵਿੱਚ ਬੀਐੱਸਐੱਫ ਅਤੇ ਸਪੈਸ਼ਲ ਟਾਸਕ ਫੋਰਸ ਅੰਮ੍ਰਿਤਸਰ ਨੇ ਇੱਕ ਭਾਰਤੀ ਤਸਕਰ ਨੂੰ ਇੱਕ ਮੋਬਾਈਲ ਸਮੇਤ ਕਾਬੂ ਕੀਤਾ।

ਜਾਣਕਾਰੀ ਅਨੁਸਾਰ ਫੋਨ ਅਤੇ ਅੱਗੇ ਉਸ ਦੇ ਖੁਲਾਸੇ 'ਤੇ ਸਾਂਝੀ ਪਾਰਟੀ ਨੇ ਸ਼ੱਕੀ ਖੇਤਰ ਦੀ ਬਾਰੀਕੀ ਨਾਲ ਤਲਾਸ਼ੀ ਲਈ ਅਤੇ 1 ਪੈਕਟ ਬਰਾਮਦ ਕੀਤਾ।

ਬੀਐਸਐਫ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਪਿੰਡ ਬਲ੍ਹੇਰਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਲ ਲੱਗਦੇ ਖੇਤਰ ਤੋਂ ਸ਼ੱਕੀ ਹੈਰੋਇਨ (ਕੁੱਲ ਵਜ਼ਨ- 550 ਗ੍ਰਾਮ) ਬਰਾਮਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਬੀਐਸਐਫ ਨੇ ਅੰਮ੍ਰਿਤਸਰ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਸਰਹੱਦੀ ਖੇਤਰ ਤੋਂ ਦੋ ਵੱਖ-ਵੱਖ ਘਟਨਾਵਾਂ ਵਿੱਚ ਦੋ ਡਰੋਨ ਬਰਾਮਦ ਕੀਤੇ ਸਨ। ਇੱਕ ਅਧਿਕਾਰਤ ਬਿਆਨ ਰਾਹੀਂ ਦੱਸਿਆ ਕਿ ਬੀਐੱਸਐੱਫ ਇੰਟੈਲੀਜੈਂਸ ਵਿੰਗ ਦੁਆਰਾ ਦਿੱਤੀ ਗਈ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਜਵਾਨਾਂ ਨੇ ਅੰਮ੍ਰਿਤਸਰ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਸਰਹੱਦੀ ਖੇਤਰ ਤੋਂ ਦੋ ਵੱਖ-ਵੱਖ ਘਟਨਾਵਾਂ ਵਿੱਚ 02 ਡਰੋਨ ਬਰਾਮਦ ਕੀਤੇ ਗਏ।

# ਕਪਿਲ ਸ਼ਰਮਾ ਅਤੇ ਰਾਜਪਾਲ ਯਾਦਵ ਨੂੰ ਹੁਣ ਜਾਨੋਂ ਮਾਰਨ ਦੀ ਮਿਲੀ ਧਮਕੀ

**ਮੁੰਬਈ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਅਤੇ ਅਦਾਕਾਰ ਰਾਜਪਾਲ ਯਾਦਵ ਨੂੰ ਇੱਕ ਈਮੇਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਕ ਧਮਕੀ ਭਰਿਆ ਸੰਦੇਸ਼ ਰਾਜਪਾਲ ਯਾਦਵ ਦੇ ਈਮੇਲ ਖਾਤੇ 'ਤੇ ਵਿਸ਼ਨੂੰ ਨਾਮ ਦੇ ਵਿਅਕਤੀ ਵੱਲੋਂ ਭੇਜਿਆ ਗਿਆ ਸੀ, ਜਿਸ ਨੇ ਕਥਿਤ ਤੌਰ 'ਤੇ ਚੇਤਾਵਨੀ ਦਿੱਤੀ ਸੀ ਕਿ ਸ਼ਰਮਾ, ਉਸਦੇ ਪਰਿਵਾਰ, ਉਸਦੇ ਸਾਥੀਆਂ ਅਤੇ ਰਾਜਪਾਲ ਯਾਦਵ ਨੂੰ ਮਾਰ ਦਿੱਤਾ ਜਾਵੇਗਾ। 14 ਦਸੰਬਰ, 2024 ਨੂੰ ਭੇਜੀ ਗਈ ਈਮੇਲ ਨੇ ਸਬੰਧੀ ਪਰਿਵਾਰਕ ਮੈਂਬਰਾਂ ਨੇ ਪੁਲੀਸ ਨੂੰ ਸ਼ਿਕਾਇਤ ਦਰਜ ਕਰਵਾਈ।

ਇਹ ਧਮਕੀ ਭਰਿਆ ਸੰਦੇਸ਼ ਈਮੇਲ ਪਤੇ ਤੋਂ ਰਾਜਪਾਲ ਯਾਦਵ ਦੇ ਟੀਮ ਦੇ ਈਮੇਲ ਖਾਤੇ 'ਤੇ ਭੇਜਿਆ ਗਿਆ ਸੀ। ਇਸ ਕਾਰਨ ਤੁਰੰਤ ਕਾਰਵਾਈ ਕਰਦਿਆਂ ਯਾਦਵ ਦੀ ਪਤਨੀ ਰਾਧਾ ਰਾਜਪਾਲ ਯਾਦਵ ਨੇ ਮੁੰਬਈ ਦੇ ਅੰਬੋਲੀ ਪੁਲੀਸ ਸਟੇਸ਼ਨ 'ਚ



ਸ਼ਿਕਾਇਤ ਦਰਜ ਕਰਵਾਈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਉਹ ਹੁਣ ਧਮਕੀ ਅਤੇ ਖਤਰਨਾਕ ਈਮੇਲ ਦੇ ਪਿੱਛੇ ਵਾਲੇ ਵਿਅਕਤੀ ਦੀ ਜਾਂਚ ਕਰ ਰਹੇ ਹਨ।

ਫਿਲਮ ਨਿਰਦੇਸ਼ਕ ਰੇਮੋ ਡਿਸੂਜ਼ਾ ਅਤੇ ਅਦਾਕਾਰਾ ਅਤੇ ਗਾਇਕਾ ਸੁਗੰਧਾ ਮਿਸ਼ਰਾ ਨੂੰ ਵੀ ਅਜਿਹਾ ਹੀ ਧਮਕੀ ਭਰਾ ਈਮੇਲ ਮਿਲਿਆ ਹੈ। ਦੋਹਾਂ ਨੇ ਅਲੱਗ-ਅਲੱਗ ਥਾਣਿਆਂ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।

**ਪਾਕਿਸਤਾਨ ਤੋਂ ਭੇਜਿਆ ਗਿਆ ਈਮੇਲ**

ਪੁਲਿਸ ਦੀ ਮੁਢਲੀ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਇਹ ਈਮੇਲ ਪਾਕਿਸਤਾਨ ਤੋਂ ਭੇਜੀ ਗਈ ਹੈ। ਈਮੇਲ ਵਿੱਚ ਲਿਖਿਆ ਗਿਆ ਹੈ, ਅਸੀਂ ਤੁਹਾਡੇ ਹਾਲੀਆ ਗਤਿਵਿਧੀਆਂ 'ਤੇ ਨਜ਼ਰ ਰੱਖ ਰਹੇ ਹਾਂ ਅਤੇ ਤੁਹਾਨੂੰ ਇਹ ਸੰਵੇਦਨਸ਼ੀਲ ਮੁੱਦਾ ਗੰਭੀਰਤਾ ਨਾਲ ਲੈਣ ਦੀ ਸਲਾਹ ਦਿੰਦੇ ਹਾਂ। ਇਹ ਨਾ ਤਾਂ ਪਬਲਿਸਿਟੀ ਸਟੰਟ ਹੈ ਅਤੇ ਨਾ ਹੀ ਤੁਹਾਨੂੰ ਪਰੇਸ਼ਾਨ ਕਰਨ ਦੀ ਕੋਸ਼ਿਸ਼। ਕਿਰਪਾ ਕਰਕੇ ਇਸ ਸੰਦੇਸ਼ ਨੂੰ ਗੁਪਤ ਅਤੇ ਗੰਭੀਰਤਾ ਨਾਲ ਲਵੋ। ਈਮੇਲ ਨੂੰ 'ਵਿਸ਼ਨੂ' ਨਾਮ ਦੇ ਵਿਅਕਤੀ ਨੇ ਸਾਈਨ ਕੀਤਾ ਹੈ।

**ਬਾਲੀਵੁਡ ਹਸਤੀਆਂ ਨੂੰ ਧਮਕੀਆਂ ਦੇ ਵਧ ਰਹੇ ਕੇਸ**

ਇਨ੍ਹਾਂ ਈਮੇਲਜ਼ ਨੇ ਹਾਲ ਹੀ ਵਿੱਚ ਮੁੰਬਈ ਪੁਲੀਸ ਨੂੰ ਹੋਰ ਚੌਕਸ ਹੋਣ ਲਈ ਮਜਬੂਰ ਕੀਤਾ ਹੈ, ਕਿਉਂਕਿ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਨੂੰ ਚੁਣੌਤੀ ਦੇਣ ਵਾਲੀਆਂ ਘਟਨਾਵਾਂ ਵੱਧ ਰਹੀਆਂ ਹਨ। ਇਸ ਵਿੱਚ ਨੇਤਾ ਬਾਬਾ ਸਿਦਦੀਕੀ ਉੱਤੇ ਹਮਲਾ, ਸੁਪਰਸਟਾਰ ਸਲਮਾਨ ਖਾਨ ਨੂੰ ਧਮਕੀ ਅਤੇ ਅਦਾਕਾਰ ਸੈਫ ਅਲੀ ਖਾਨ ਉੱਤੇ ਹੋਏ ਛੁਰੀ ਦੇ ਹਮਲੇ ਜਿਹੇ ਮਾਮਲੇ ਸ਼ਾਮਿਲ ਹਨ। ਪੁਲੀਸ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰ ਰਹੀ ਹੈ ਅਤੇ ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਕਰਨ ਵਿੱਚ ਲੱਗੀ ਹੋਈ ਹੈ।

# ਸੀ.ਡੀ.ਓ. ਵਾਸਤੇ 'ਵੱਢੀ' ਲੈਂਦਾ ਹੌਲਦਾਰ ਆਇਆ ਵਿਜੀਲੈਂਸ ਅੜਿੱਕੇ




ਵਿਜੀਲੈਂਸ ਟੀਮ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ।

**ਬਠਿੰਡਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ 5ਵੀਂ ਕਮਾਂਡੋ ਬਟਾਲੀਅਨ ਬਠਿੰਡਾ ਵਿੱਚ ਤਾਇਨਾਤ ਹੌਲਦਾਰ ਨਛੱਤਰ ਸਿੰਘ ਨੂੰ 50 ਹਜ਼ਾਰ ਰੁਪਏ ਕਥਿਤ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲੀਸ ਮੁਲਾਜ਼ਮ ਰਿਸ਼ਵਤ ਦੀ ਇਹ ਰਕਮ ਕਮਾਂਡੋ ਡਰਿੱਲ ਅਫ਼ਸਰ (ਸੀਡੀਓ) ਹੌਲਦਾਰ ਤਰਸੇਮ ਸਿੰਘ ਦੇ ਨਾਂ 'ਤੇ ਲੈ ਰਿਹਾ ਸੀ। ਦੂਜੇ ਪਾਸੇ ਸੀਡੀਓ ਗ੍ਰਿਫ਼ਤਾਰੀ ਤੋਂ ਬਚਣ ਲਈ ਫ਼ਰਾਰ ਹੋ ਗਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿੱਚ ਦੋਵਾਂ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ 5ਵੀਂ ਕਮਾਂਡੋ ਬਟਾਲੀਅਨ ਵਿੱਚ ਤਾਇਨਾਤ ਇੱਕ ਹੋਰ ਹੌਲਦਾਰ ਪਰਮਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।

ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਸੀਡੀਓ ਤਰਸੇਮ ਸਿੰਘ ਨੇ ਉਸ ਨੂੰ ਇੱਕ ਪੁਲੀਸ ਕੇਸ ਕਰਕੇ ਨੌਕਰੀ ਤੋਂ ਦੋ ਸਾਲ ਦੀ ਸਥਾਈ ਬਰਖ਼ਾਸਤਗੀ ਸਬੰਧੀ ਵਿਭਾਗੀ ਜਾਂਚ ਵਿੱਚ ਮੱਦਦ ਕਰਨ ਬਦਲੇ 50 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ। ਸ਼ਿਕਾਇਤ ਅਨੁਸਾਰ ਤਰਸੇਮ ਸਿੰਘ ਨੇ ਆਪਣੀ ਗ਼ੈਰ ਮੌਜੂਦਗੀ 'ਚ ਸ਼ਿਕਾਇਤਕਰਤਾ ਨੂੰ ਰਿਸ਼ਵਤ ਦੀ ਰਕਮ ਉਸ ਦੇ ਨਾਲ ਤਾਇਨਾਤ ਸਹਾਇਕ ਹੌਲਦਾਰ ਨਛੱਤਰ ਸਿੰਘ ਨੂੰ ਸੌਂਪਣ ਲਈ ਕਿਹਾ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਨੇ ਮੁੱਢਲੀ ਜਾਂਚ ਕੀਤੀ ਅਤੇ ਵਿਜੀਲੈਂਸ ਬਿਊਰੋ ਦੀ ਬਠਿੰਡਾ ਯੂਨਿਟ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਹੌਲਦਾਰ ਨਛੱਤਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।ਬੁਲਾਰੇ ਨੇ ਦੱਸਿਆ ਕਿ ਫਰਾਰ ਹੋਏ ਤਰਸੇਮ ਸਿੰਘ ਨੂੰ ਫੜਨ ਲਈ ਯਤਨ ਜਾਰੀ ਹਨ ਅਤੇ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ।

# ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਦਾਲਤ ਦਾ ਕੀਤਾ ਰੁਖ



**ਚੰਡੀਗੜ੍ਹ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਸਮੇਂ ਕੌਮੀ ਸੁਰੱਖਿਆ ਐਕਟ (ਐਨਐਸਏ) ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਪੰਜਾਬ ਦੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ 26 ਜਨਵਰੀ ਨੂੰ ਸੰਸਦ ਦੇ ਸੈਸ਼ਨ ਵਿੱਚ ਸ਼ਾਮਲ ਹੋਣ ਅਤੇ ਗਣਤੰਤਰ ਦਿਵਸ ਦੇ ਜਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਮੰਗੀ ਹੈ।

ਆਪਣੀ ਪਟੀਸ਼ਨ ਵਿੱਚ ਅੰਮ੍ਰਿਤਪਾਲ ਸਿੰਘ ਨੇ ਦਲੀਲ ਦਿੱਤੀ ਕਿ ਉਸ ਦੀ ਲੰਮੀ ਗੈਰਹਾਜ਼ਰੀ ਉਸ ਦੇ 19 ਲੱਖ ਵੋਟਰਾਂ ਨੂੰ ਸੰਸਦ ਵਿੱਚ ਆਪਣੀ ਆਵਾਜ਼ ਚੁੱਕਣ ਤੋਂ ਰੋਕ ਰਹੀ ਹੈ, ਨਾਲ ਹੀ ਦਾਅਵਾ ਕੀਤਾ ਕਿ ਉਸਦੀ ਨਜ਼ਰਬੰਦੀ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਉਸਦੀ ਵਧਦੀ ਪ੍ਰਸਿੱਧੀ ਨੂੰ ਰੋਕਣ ਦਾ ਇਰਾਦਾ ਹੈ।ਮਾਰਚ 2023 ਵਿੱਚ ਅੰਮ੍ਰਿਤਸਰ ਦੇ ਡਿਪਟੀ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਨਜ਼ਰਬੰਦੀ ਦੇ ਹੁਕਮ ਨੂੰ ਕਈ ਵਾਰ ਵਧਾ ਦਿੱਤਾ ਗਿਆ ਹੈ। ਸੋਸ਼ਲ ਮੀਡੀਆ ਪੋਸਟਾਂ ਅਤੇ ਜੇਲ੍ਹ ਵਿੱਚ ਕਥਿਤ ਤੌਰ 'ਤੇ ਅਣਅਧਿਕਾਰਤ ਵਸਤੂਆਂ ਦੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਮਾਰਚ 2024 ਵਿੱਚ ਇੱਕ ਤਾਜ਼ਾ ਨਜ਼ਰਬੰਦੀ ਆਦੇਸ਼ ਜਾਰੀ ਕੀਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਨੇ ਇਨ੍ਹਾਂ ਕਾਰਨਾਂ ਨੂੰ ਕਮਜ਼ੋਰ ਅਤੇ ਅਸੰਵਿਧਾਨਕ ਦੱਸਿਆ ਹੈ। ਖਡੂਰ ਸਾਹਿਬ ਦੇ ਸੰਸਦ ਮੈਂਬਰ ਨੇ ਅੱਗੇ ਦਲੀਲ ਦਿੱਤੀ ਕਿ ਉਨ੍ਹਾਂ ਦੀ ਨਜ਼ਰਬੰਦੀ ਨਾ ਸਿਰਫ਼ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ, ਸਗੋਂ ਉਨ੍ਹਾਂ ਦੇ ਹਲਕੇ ਦੇ ਵੋਟਰਾਂ ਦੇ ਅਧਿਕਾਰਾਂ ਦੀ ਵੀ ਉਲੰਘਣਾ ਹੁੰਦੀ ਹੈ। ਆਪਣੀ ਪਟੀਸ਼ਨ 'ਚ ਅੰਮ੍ਰਿਤਪਾਲ ਸਿੰਘ ਨੇ ਅਦਾਲਤ ਤੋਂ ਅੰਤਰਿਮ ਰਿਹਾਈ ਅਤੇ ਲੰਬਿਤ ਮਾਮਲੇ 'ਤੇ ਤੁਰੰਤ ਫੈਸਲਾ ਲੈਣ ਦੀ ਮੰਗ ਕੀਤੀ ਹੈ।

# ਡਾ. ਬਲਜੀਤ ਕੌਰ ਨੇ 4 ਕਰੋੜ 39 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕੰਮਾਂ ਦੀ ਕੀਤੀ ਸ਼ੁਰੂਆਤ



**ਮਲੋਟ 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ ਬਲਜੀਤ ਕੌਰ ਨੇ ਅੱਜ ਮਲੋਟ ਵਿਧਾਨ ਸਭਾ ਹਲਕੇ ਦੇ ਪਿੰਡ ਫੂਲੇਵਾਲਾ, ਭੰਗਚੜੀ,ਮੋੜ,ਸੰਮੇਵਾਲੀ, ਪਿੰਡਾਂ ਦੇ ਦੌਰੇ ਦੌਰਾਨ ਕੀਤਾ ਅਤੇ ਇਨ੍ਹਾਂ ਪਿੰਡਾਂ ਦੇ ਸਮੁੱਚੇ ਵਿਕਾਸ ਲਈ 4 ਕਰੋੜ 39 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕੰਮਾਂ ਦੀ ਸ਼ੁਰੂਆਤ ਕੀਤੀ। ਆਪਣੇ ਦੌਰੇ ਦੌਰਾਨ ਪਿੰਡ ਫੂਲੇਵਾਲਾ ਆਂਗਣਵਾੜੀ ਵਰਕਰਾਂ ਨਾਲ ਮੁਲਾਕਤ ਕਰਦਿਆਂ ਕਿਹਾ ਕਿ ਛੋਟੇ ਬੱਚਿਆਂ ਦੀ ਸਹੂਲਤ ਲਈ ਇੱਥੇ ਬਿਜਲੀ ਪਾਣੀ ਦੀ ਸਮੱਸਿਆ ਨੂੰ ਦੂਰ ਕੀਤਾ ਜਾਵੇਗਾ ਅਤੇ ਗਰਭਵਤੀ ਮਾਵਾਂ ਅਤੇ ਛੋਟੇ ਬੱਚਿਆਂ ਨੂੰ ਪੋਸ਼ਟਿਕ ਅਹਾਰ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਪਿੰਡ ਦੀਆਂ ਗਲੀਆਂ ਨਾਲੀਆਂ ਨੂੰ ਪੱਕਾ ਕੀਤਾ ਜਾਵੇਗਾ ਅਤੇ ਪਿੰਡ ਵਿੱਚ ਬੱਸ ਸਰਵਿਸ ਦਾ ਜਲਦੀ ਪ੍ਰਬੰਧ ਕੀਤਾ ਜਾਵੇਗਾ ਆਪਣੇ ਦੌਰੇ ਦੌਰਾਨ ਭੰਗਚੜੀ,ਮੋੜ ਅਤੇ ਸੰਮੇਵਾਲੀ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੌਕੇ ਤੇ ਉਨ੍ਹਾਂ ਦਾ ਹੱਲ ਵੀ ਕੀਤਾ ਅਤੇ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਦੇ ਕੰਮਾਂ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜਲਦੀ ਤੋਂ ਜਲਦੀ ਪਿੰਡ ਦੇ ਬਕਾਇਆ ਪਏ ਕੰਮ ਜਿਵੇਂ ਕਿ ਵਾਟਰ ਵਰਕਸ ਦੀ ਸਾਫ਼ ਸਫ਼ਾਈ,ਵਾਟਰ ਵਰਕਸ ਦੇ ਨਵੀਨੀਕਰਨ ਅਤੇ ਛੱਪੜ ਦੀ ਸਾਫ਼ ਸਫ਼ਾਈ ਕਰਵਾਈ ਜਾਵੇਗੀ ਤਾਂ ਜੋਂ ਪਿੰਡ ਵਾਸੀਆਂ ਨੂੰ ਸਵੱਛ ਵਾਤਾਵਰਨ ਮਿਲ ਸਕੇ।

ਇਸ ਮੌਕੇ ਸ੍ਰੀ ਸਿਮਰਜੀਤ ਸਿੰਘ ਬਲਾਕ ਪ੍ਰਧਾਨ,ਸ ਗੁਰਭਗਤ ਸਿੰਘ ਬਲਾਕ ਪ੍ਰਧਾਨ, ਸ਼੍ਰੀਮਤੀ ਪਰਮਜੀਤ ਕੌਰ ਹਲਕਾ ਕੋਆਰਡੀਨੇਟਰ (ਇਸਤਰੀ ਵਿੰਗ) ਸ਼੍ਰੀਮਤੀ ਰਮਨਦੀਪ ਕੌਰ ਸਰਪੰਚ ਭੰਗਚੜੀ, ਸ਼੍ਰੀਮਤੀ ਵੀਰਪਾਲ ਕੌਰ ਸਰਪੰਚ ਪਿੰਡ ਮੋੜ,ਸ ਇਕਬਾਲ ਸਿੰਘ,ਸ ਗੁਰਪ੍ਰੀਤ ਸਿੰਘ ਸੰਮੇਵਾਲੀ ਤੋਂ ਇਲਾਵਾ ਪਤਵੰਤੇ ਵਿਅਕਤੀ ਮੌਜੂਦ ਸਨ।

# ਅਕਾਲੀ ਦਲ ਦੀ ਭਰਤੀ ਸਬੰਧੀ ਵਿਵਾਦ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਨੇ 28 ਨੂੰ ਸੱਦੀ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ

**ਅੰਮ੍ਰਿਤਸਰ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਚੱਲ ਰਹੇ ਵਿਵਾਦ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 28 ਜਨਵਰੀ ਨੂੰ ਸੱਦ ਲਈ ਹੈ। ਇਹ ਇਕੱਤਰਤਾ 28 ਜਨਵਰੀ ਮੰਗਲਵਾਰ ਨੂੰ ਸਵੇਰੇ 11 ਵਜੇ ਸ੍ਰੀ ਅਕਾਲ ਤਖ਼ਤ ਵਿਖੇ ਹੋਵੇਗੀ।

ਜਥੇਦਾਰ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਨੇ ਇਸ ਸਬੰਧੀ ਇੱਕ ਬਿਆਨ ਵਿੱਚ ਕਿਹਾ ਕਿ ਇਸ ਇਕੱਤਰਤਾ ਵਿੱਚ ਅਹਿਮ ਪੰਥਕ ਮਸਲਿਆਂ ਨੂੰ ਵਿਚਾਰਿਆ ਜਾਵੇਗਾ। ਇਸ ਤਰ੍ਹਾਂ ਭਾਵੇਂ ਮੀਟਿੰਗ ਦੇ ਏਜੰਡੇ ਬਾਰੇ ਖੁਲਾਸਾ ਨਹੀਂ ਕੀਤਾ ਗਿਆ, ਪਰ ਚਰਚਾ ਹੈ ਕਿ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਵਿਵਾਦ ਇੱਕ ਵੱਡਾ ਮੁੱਦਾ ਹੈ।



ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਨਾਰਾਜ਼ ਧਿਰ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਹੋਰ ਆਗੂ ਕਈ ਵਾਰ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲ ਚੁੱਕੇ ਹਨ ਅਤੇ ਪੱਤਰ ਵੀ ਦੇ ਚੁੱਕੇ ਹਨ। ਉਨ੍ਹਾਂ ਦੀ ਮੰਗ ਹੈ ਕਿ ਦੋ ਦਸੰਬਰ ਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੇ ਫੈਸਲਿਆਂ ਨੂੰ ਮੁਕੰਮਲ ਤੌਰ 'ਤੇ ਲਾਗੂ ਕੀਤਾ ਜਾਵੇ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਨਿਗਰਾਨੀ ਸਬੰਧੀ ਇੱਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਦਾ ਦੋਸ਼ ਹੈ ਕਿ ਇਸ ਫ਼ੈਸਲੇ ਨੂੰ ਅਣਦੇਖਿਆ ਕਰ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੀ ਭਰਤੀ ਮੁਹਿੰਮ 20 ਜਨਵਰੀ ਤੋਂ ਸ਼ੁਰੂ ਕਰ ਦਿੱਤੀ ਗਈ ਹੈ।

ਇਸੇ ਮਾਮਲੇ ਨੂੰ ਲੈ ਕੇ ਨਰਾਜ਼ ਧੜੇ ਨਾਲ ਸੰਬੰਧਿਤ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਇੱਕ ਵਫਦ ਵੀ ਬੀਤੇ ਕੱਲ੍ਹ ਜਥੇਦਾਰ ਨੂੰ ਮਿਲਣ ਵਾਸਤੇ ਆਇਆ ਸੀ ਅਤੇ ਇੱਕ ਪੱਤਰ ਸੌਂਪ ਕੇ ਗਿਆ ਹੈ। ਇਸ ਪੱਤਰ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਉਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਅਣਦੇਖਿਆ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਸ ਤੋਂ ਇਲਾਵਾ ਕੁਝ ਹੋਰ ਵੀ ਗੰਭੀਰ ਦੋਸ਼ ਲਾਏ ਗਏ ਹਨ ਅਤੇ ਇਸ ਮਾਮਲੇ ਵਿੱਚ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਗਈ ਹੈ।

ਬੀਤੇ ਦਿਨ ਸਿੱਖ ਜਥੇਬੰਦੀਆਂ ਪੰਥਕ ਅਸੈਂਬਲੀ ਅਤੇ ਪੰਥਕ ਤਾਲਮੇਲ ਸੰਗਠਨ ਨੇ ਵੀ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੱਤਰ ਦੇ ਕੇ ਮੰਗ ਕੀਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਅਕਾਲ ਤਖ਼ਤ ਦੇ ਹੁਕਮਨਾਮੇ ਤੇ ਅਮਲ ਸਬੰਧੀ ਰਿਪੋਰਟ ਨੂੰ ਸਿੱਖ ਸੰਗਤ ਵਿੱਚ ਜਨਤਕ ਕੀਤਾ ਜਾਵੇ।

ਚਰਚਾ ਹੈ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ ਦੌਰੇ 'ਤੇ ਜਾਣਾ ਸੀ ਪਰ ਚੱਲ ਰਹੇ ਇਸ ਵਿਵਾਦ ਕਾਰਨ ਉਨ੍ਹਾਂ ਆਪਣਾ ਦੌਰਾ ਰੱਦ ਕਰ ਦਿੱਤਾ ਹੈ ਅਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਇਸ ਮਾਮਲੇ ਵਿੱਚ ਮੀਡੀਆ ਕੋਲ ਸਪਸ਼ਟ ਵੀ ਕਰ ਚੁੱਕੇ ਹਨ ਕਿ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ, ਫ਼ਸੀਲ ਤੋਂ ਬਣਾਈ ਗਈ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਸੱਤ ਮੈਂਬਰੀ ਕਮੇਟੀ ਦੀ ਹੋਂਦ ਕਾਇਮ ਹੈ ਅਤੇ ਉਸ ਨੂੰ ਕਾਰਜਸ਼ੀਲ ਹੋਣਾ ਚਾਹੀਦਾ ਹੈ।

# ਜੈਕਪੌਟ 'ਚ ਜਿੱਤੇ 7.8 ਮਿਲੀਅਨ ਪਾਊਂਡਜ਼ ਅਤੇ ਅਗਲੇ ਦਿਨ ਦਿੱਸਿਆ ਨਾਲੀਆਂ ਸਾ.ਫ ਕਰਦਾ

**ਲੰਡਨ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ 20 ਸਾਲਾ ਨੌਜਵਾਨ ਨੇ 7.8 ਮਿਲੀਅਨ ਦੀ ਲਾਟਰੀ ਜਿੱਤੀ। ਉਸ ਨੇ ਲਾਟਰੀ 'ਚ 120 ਪਾਊਂਡਾਂ ਦਾ ਨਿਵੇਸ਼ ਕੀਤਾ ਸੀ। ਉਸ ਨੇ ਉਹ ਸੌ ਪਾਊਂਡਜ਼ ਵੀ ਇੱਕ ਹੋਰ ਲਾਟਰੀ 'ਚ ਜਿੱਤੇ ਸਨ। ਹੁਣ ਉਸ ਨੂੰ ਇੰਨੀ ਵੱਡੀ ਰਕਮ ਮਿਲ ਗਈ ਹੈ, ਪਰ ਇਸ ਦੇ ਬਾਵਜੂਦ ਉਹ ਨਾਲੀਆਂ ਦੀ ਸਫ਼ਾਈ ਦਾ ਕੰਮ ਕਰ ਰਿਹਾ ਹੈ। ਇਸ ਪਿੱਛੇ ਵੀ ਇੱਕ ਅਜੀਬ ਕਾਰਨ ਹੈ।ਬ੍ਰਿਟੇਨ ਦੇ ਕਾਰਲਿਸਲੇ 'ਚ ਰਹਿਣ ਵਾਲੇ 20 ਸਾਲਾ ਜੇਮਜ਼ ਕਲਾਰਕਸਨ ਨੇ 7.5 ਮਿਲੀਅਨ ਪਾਊਂਡ ਦੀ ਲਾਟਰੀ ਜੈਕਪੌਟ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਜੇਮਜ਼ ਨੇ ਕ੍ਰਿਸਮਸ ਦੌਰਾਨ ਨੈਸ਼ਨਲ ਲਾਟਰੀ 'ਚ 120 ਪਾਊਂਡਜ਼ ਜਿੱਤੇ ਸਨ, ਅਤੇ ਲਾਟਰੀ ਟਿਕਟਾਂ ਖ਼ਰੀਦਣ ਲਈ ਉਸ ਨੇ ਦੁਬਾਰਾ ਉਸੇ ਰਕਮ ਦੀ ਵਰਤੋਂ ਕੀਤੀ। ਇੰਨੀ ਵੱਡੀ ਰਕਮ ਜਿੱਤਣ ਦੇ ਬਾਵਜੂਦ ਜੇਮਜ਼ ਨੇ ਆਪਣੇ ਕੰਮ ਪ੍ਰਤੀ ਸਮਰਪਣ ਦਿਖਾਈ। ਅਗਲੇ ਹੀ ਦਿਨ ਉਹ ਆਪਣੀ ਨੌਕਰੀ 'ਤੇ ਪਰਤਿਆ ਅਤੇ ਠੰਡ 'ਚ ਨਾਲੀਆਂ ਦੀ ਸਫ਼ਾਈ ਕਰਦਾ ਦੇਖਿਆ ਗਿਆ। ਜੇਮਜ਼ ਨੇ ਦੱਸਿਆ ਕਿ ਮੈਂ ਆਪਣੀ ਪ੍ਰੇਮਿਕਾ ਦੇ ਘਰ ਸੀ ਅਤੇ ਸਵੇਰੇ ਜਲਦੀ ਉੱਠਿਆ।" ਜਿਵੇਂ ਹੀ ਮੈਂ ਨੈਸ਼ਨਲ ਲਾਟਰੀ ਐਪ ਦੀ ਜਾਂਚ ਕੀਤੀ ਤਾਂ ਮੈਨੂੰ ਇੱਕ ਸੁਨੇਹਾ ਮਿਲਿਆ ਕਿ ਮੈਂ ਲਾਟਰੀ 'ਚ ਜੈਕਪੌਟ ਜਿੱਤ ਲਿਆ ਹੈ।" ਨੌਜਵਾਨ ਨੇ ਦੱਸਿਆ, "ਪਹਿਲਾਂ ਤਾਂ ਮੈਨੂੰ ਯਕੀਨ ਹੀ ਨਹੀਂ ਆਇਆ। ਮੈਂ ਸੋਚਿਆ ਸਾਇਦ ਮੈਂ ਸੁਪਨਾ ਦੇਖ ਰਿਹਾ ਸੀ। ਕਿਉਂਕਿ ਸਵੇਰ ਦੇ 7: 30 ਵੱਜ ਚੁੱਕੇ ਸਨ ਅਤੇ ਸਾਰੇ ਸੌਂ ਰਹੇ ਸਨ। ਜੇਮਜ਼ ਨੇ ਅੱਗੇ ਕਿਹਾ ਕਿ ਮੈਂ ਆਪਣੇ ਪਿਤਾ ਨੂੰ ਫ਼ੋਨ ਕੀਤਾ ਕਿਉਂਕਿ ਮੈਨੂੰ ਪਤਾ ਸੀ ਕਿ ਉਹ ਜਾਗਦਾ ਹੋਵੇਗਾ। ਉਸ ਨੇ ਮੈਨੂੰ ਘਰ ਬੁਲਾਇਆ ਅਤੇ ਅਸੀਂ ਸਾਰਿਆਂ ਨੇ ਮਿਲ ਕੇ ਟਿਕਟਾਂ ਚੈੱਕ ਕੀਤੀਆਂ। ਜਿਵੇਂ ਹੀ ਨੈਸ਼ਨਲ ਲਾਟਰੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਇਹ ਜੇਤੂ ਟਿਕਟ ਸੀ, ਮੈਂ ਹੱਸਣ ਲੱਗਾ। ਇਹ ਸਭ ਸੁਪਨੇ ਵਾਂਗ ਜਾਪਦਾ ਸੀ।" ਜੇਮਜ਼ ਨੇ ਦੱਸਿਆ ਕਿ ਉਸ ਖ਼ੁਸ਼ਖਬਰੀ ਤੋਂ ਬਾਅਦ ਉਹ ਆਪਣੇ ਪਰਿਵਾਰ ਅਤੇ ਪ੍ਰੇਮਿਕਾ ਨੂੰ ਮਿਲਿਆ। ਸਾਰਿਆਂ ਨੇ ਮਿਲ ਕੇ ਜਿੱਤ ਦਾ ਜਸ਼ਨ ਮਨਾਇਆ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਦਾਦਾ-ਦਾਦੀ ਦੇ ਘਰ ਇਕੱਠੇ ਹੋਏ ਅਤੇ ਇਸ ਖਾਸ ਦਿਨ ਨੂੰ ਰੋਸਟ ਮੀਟ ਡਿਨਰ ਅਤੇ ਸ਼ੈਂਪੇਨ ਨਾਲ ਮਨਾਇਆ।

**ਨੌਕਰੀ ਛੱਡਣ ਦਾ ਕੋਈ ਇਰਾਦਾ ਨਹੀਂ:** ਇੰਨੀ ਵੱਡੀ ਰਕਮ ਜਿੱਤਣ ਦੇ ਬਾਵਜੂਦ ਜੇਮਸ ਨੇ ਕਿਹਾ ਕਿ ਉਹ ਕੰਮ ਕਰਨਾ ਜਾਰੀ ਰੱਖੇਗਾ। ਉਸ ਨੇ ਕਿਹਾ, "ਮੈਂ ਅਜੇ ਬਹੁਤ ਛੋਟਾ ਹਾਂ। ਪੈਸੇ ਮਿਲਣ ਦਾ ਮਤਲਬ ਇਹ ਨਹੀਂ ਕਿ ਮੈਂ ਆਪਣਾ ਕੰਮ ਛੱਡ ਦੇਵਾਂ। ਜਿੱਤਣ ਤੋਂ ਅਗਲੇ ਹੀ ਦਿਨ ਮੈਂ ਠੰਢ 'ਚ ਖੜ੍ਹ ਕੇ ਨਾਲੀਆਂ ਦੀ ਸਫ਼ਾਈ ਕਰ ਰਿਹਾ ਸੀ।

# ਮਰਦਾਨਿਆ! ਰਬਾਬ ਵਜਾ...

ਰਮੇਸ਼ ਬੱਗਾ ਚੋਹਲਾ



ਸਿੱਖ ਇਤਿਹਾਸ 'ਚ ਗੁਰੂ ਨਾਨਕ ਦੇਵ ਜੀ ਦਾ ਨਾਂ ਜਿੱਥੇ ਸ਼ਰਧਾ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਉੱਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਲਈ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲ ਬਿਖੜਾ ਪੈਂਡਾ ਤਹਿ ਕੀਤਾ। ਇਸ ਸਫ਼ਰ ਦੌਰਾਨ ਗੁਰੂ ਨਾਨਕ ਦੇਵ ਜੀ ਸਾਥ ਦੇਣ ਵਾਲਿਆਂ ਵਿਚ ਭਾਈ ਮਰਦਾਨਾ ਜੀ ਦਾ ਨਾਂ ਉੱਭਰਵੇਂ ਰੂਪ 'ਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਦਾ ਪਹਿਲਾ ਨਾਂ ਭਾਈ 'ਦਾਨਾ' ਸੀ। ਉਨ੍ਹਾਂ ਦਾ ਜਨਮ 6 ਫਰਵਰੀ 1459 ਈਸਵੀ ਨੂੰ ਤਲਵੰਡੀ ਰਾਏ ਭੋਏ ਦੇ ਵਸਨੀਕ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲਗਭਗ ਸਵਾ 10 ਸਾਲ ਵੱਡੇ ਸਨ। ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿਚ ਹੀ ਪੈ ਗਈ ਸੀ, ਜੋ ਗੁਰੂ ਸਾਹਿਬ ਪਾਸੋਂ ਮਿਲੇ ਰੱਜਵੇਂ ਪਿਆਰ ਤੇ ਸਤਿਕਾਰ ਕਾਰਣ ਆਖ਼ਰੀ ਦਮ ਤਕ ਕਾਇਮ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ' ਵਰਗੀ ਭਰਾਤਰੀ ਭਾਵ ਵਾਲੀ ਤੇ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਮਰਦਾਨਾ ਜੀ ਜਿਥੇ ਉੱਚਕੋਟੀ ਦੇ ਸੰਗੀਤਕਾਰ ਸਨ ਉੱਥੇ ਗੁਰੂ ਸਾਹਿਬ ਦੇ ਸੱਚੇ ਮਿੱਤਰ ਵੀ ਸਨ। ਦੁੱਖ-ਸੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ। ਭਾਈ ਮਰਦਾਨਾ ਦੀ ਦੇ ਪ੍ਰਚਾਰ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ, ਜਿਨ੍ਹਾਂ ਵਿਚ ਭਾਈ ਨੀਰੂ ਜੀ ਦਾ ਨਾਂ ਵੀ ਵਰਨਣਯੋਗ ਹੈ।

## ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ...

ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ 'ਚ ਲਗਪਗ 40,000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫ਼ਰ ਤਹਿ ਕੀਤਾ ਹੈ। ਇਸ ਸਫ਼ਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ 'ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ।' ਅਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਭਾਈ ਮਰਦਾਨਾ ਜੀ ਨੂੰ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ਼ ਹਾਸਲ ਹੈ ਉੱਥੇ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਵੀ ਮਾਣ ਪ੍ਰਾਪਤ ਹੈ। ਇਹ ਮਾਣ ਸਿਰਫ਼ ਭਾਈ ਮਰਦਾਨਾ ਜੀ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਖ਼ਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸੇ ਘਰਾਣੇ ਨਾਲ ਸਬੰਧਤ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ (ਚੌਥੀ ਉਦਾਸੀ ਸਮੇਂ) ਅਫ਼ਗਾਨਿਸਤਾਨ ਦੇ ਨਗਰ ਖੁਰਮ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਮਰਦਾਨਾ ਜੀ ਨੂੰ ਗਲ਼ ਨਾਲ ਲਾ ਲਿਆ ਅਤੇ ਬਚਨ ਕੀਤਾ ਕਿ, 'ਮਰਦਾਨਿਆ, ਜੇ ਤੇਰਾ ਚਿੱਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਪਾਣੀ 'ਚ ਸੁੱਟ ਦਿਆਂ, ਖੱਤਰੀ ਵਾਂਗੂ ਸਾੜ ਦਿਆਂ, ਵੈਸ਼ ਵਾਂਗ ਹਵਾ 'ਚ ਉਡਾ ਦਿਆਂ ਜਾਂ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰਾਂ।' ਬਾਬਾ ਜੀ ਦੇ ਬਚਨਾਂ ਦੇ ਜਵਾਬ 'ਚ ਭਾਈ ਮਰਦਾਨੇ ਨੇ ਕਿਹਾ, 'ਵਾਹ, ਬਾਬਾ ਵਾਹ, ਅਜੇ ਵੀ ਸਰੀਰਾਂ ਦੇ ਚੱਕਰਾਂ 'ਚ ਪਾਈ ਜਾਨੈ।' ਗੁਰੂ ਨਾਨਕ ਦੇਵ ਜੀ ਫਿਰ ਬੋਲੇ, 'ਭਾਈ ਮਰਦਾਨਿਆ, ਜੇ ਕਹੇਂ ਤਾਂ ਤੇਰੀ ਸਮਾਧ ਬਣਾ ਦੇਈਏ?' ਉਸ ਵਕਤ ਭਾਈ ਮਰਦਾਨਾ ਜੀ ਨੇ ਭਾਵਪੂਰਤ ਉੱਤਰ ਦਿੱਤਾ, 'ਬਾਬਾ ਜੀ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ 'ਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ 'ਚ ਪਾਉਣਾ ਚਾਹੁੰਦੇ ਹੋ।' ਆਪਣੇ ਸੱਚੇ ਤੇ ਪੱਕੇ ਸਾਥੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖ਼ੀਰ 12 ਨਵੰਬਰ 1534 ਈਸਵੀ ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖ਼ਾਕ ਕੀਤਾ, ਜਿਥੇ ਅੱਜ ਵੀ ਉਨ੍ਹਾਂ ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ। •

94631-32719

ਬੋਧ ਕਥਾ

## ਰਾਜਾ ਭੋਜ ਤੇ ਮਾਘ ਕਵੀ

ਇਕ ਵਾਰ ਰਾਜਾ ਭੋਜ ਤੇ ਮਾਘ ਕਵੀ ਘੁੰਮਦੇ-ਘੁੰਮਦੇ ਉਜੈਨੀ ਤੋਂ ਬਹੁਤ ਦੂਰ ਨਿਕਲ ਗਏ। ਵਾਪਸੀ ਵੇਲੇ ਦੋਵੇਂ ਰਾਹ ਭੁੱਲ ਗਏ। ਇਕ ਥਾਂ ਇਕ ਝੁੱਗੀ ਦਿਸੀ ਤਾਂ ਕੋਲ ਜਾ ਕੇ ਝੁੱਗੀ ਦਾ ਬੂਹਾ ਖੜਕਾਇਆ। ਇਕ ਬਜ਼ੁਰਗ ਔਰਤ ਬਾਹਰ ਆਈ ਤਾਂ ਰਾਜਾ ਭੋਜ ਨੇ ਪੁੱਛਿਆ, 'ਮਾਂ! ਇਹ ਰਾਹ ਕਿੱਥੇ ਜਾਂਦਾ ਹੈ?'

ਝੁੱਗੀ ਵਾਲੀ ਹੱਸੀ ਤੇ ਕਹਿਣ ਲੱਗੀ, 'ਪੁੱਤਰੋ! ਇਹ ਰਾਹ ਕਿਤੇ ਵੀ ਨਹੀਂ ਜਾਂਦਾ ਇਥੇ ਹੀ ਰਹਿੰਦਾ ਏ...।' ਪੁੱਛਿਆ, 'ਪਰ ਰਾਹੀ ਤਾਂ ਕਿਤੇ ਜਾਂਦੇ ਹੋਣਗੇ?'

'ਤੁਸੀਂ ਕੌਣ ਹੋ ਬੇਟਾ!' ਝੁੱਗੀ ਵਾਲੀ ਨੇ ਪੁੱਛਿਆ।

'ਅਸੀਂ ਮੁਸਾਫ਼ਰ ਹਾਂ ਮਾਂ।'

ਝੁੱਗੀ ਵਾਲੀ ਹੱਸ ਪਈ। ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮੁਸਾਫ਼ਰ ਹਨ-ਸੂਰਜ ਤੇ ਚੰਦਰਮਾ। ਤੁਸੀਂ ਕੌਣ ਹੋ?'

ਦੋਹਾਂ ਨੇ ਜਵਾਬ ਵਿਚ ਹੱਸ ਕੇ ਆਖਿਆ, 'ਅਸੀਂ ਛਿਣ ਦੇ ਪ੍ਰਾਹੁਣੇ ਹਾਂ, ਛਿਣ ਦੇ ਪ੍ਰਾਣੀ।'

ਝੁੱਗੀ ਵਾਲੀ ਕਹਿਣ ਲੱਗੀ-'ਪੁੱਤਰੋ! ਦੁਨੀਆ ਵਿਚ ਦੋ ਹੀ ਛਿਣ ਦੇ ਪ੍ਰਾਹੁਣੇ ਹਨ-ਇਕ ਜਵਾਨੀ ਤੇ ਦੂਜੀ ਦੌਲਤ। ਤੁਸੀਂ ਕੌਣ ਹੋ?'

ਉਸ ਵੇਲੇ ਰਾਜਾ ਭੋਜ ਨੇ ਕਿਹਾ, 'ਅਸੀਂ ਰਾਜੇ ਹਾਂ।'

ਝੁੱਗੀ ਵਾਲੀ ਫਿਰ ਮੁਸਕਰਾਈ। ਕਹਿਣ ਲੱਗੀ, 'ਰਾਜੇ ਤਾਂ ਦੋ ਹੀ ਹਨ-ਇਕ ਇੰਦਰ ਤੇ ਦੂਜਾ ਯਮ। ਤੁਸੀਂ ਕੌਣ ਹੋ?'

ਉਸ ਵੇਲੇ ਮਾਘ ਕਵੀ ਨੇ ਹਿੰਮਤ ਜੋੜੀ ਤੇ ਕਿਹਾ, 'ਅਸੀਂ ਖਿਮਾਵਾਨ ਹਾਂ।'

ਝੁੱਗੀ ਵਾਲੀ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਖਿਮਾਵਾਨ ਹਨ-ਇਕ ਧਰਤੀ ਤੇ ਦੂਜੀ ਇਸਤਰੀ। ਤੁਸੀਂ ਕੌਣ ਹੋ?'

ਰਾਜਾ ਭੋਜ ਵੀ ਪਰੇਸ਼ਾਨ ਹੋਇਆ ਤੇ ਮਾਘ ਕਵੀ ਵੀ। ਕਹਿਣ ਲੱਗੇ, 'ਅਸੀਂ ਮਾਲਕ ਤੇ ਸੇਵਕ ਹਾਂ।'

ਉਹ ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮਾਲਕ ਤੇ ਸੇਵਕ ਹੋਏ ਹਨ-ਰਾਮ ਤੇ ਹਨੂਮਾਨ। ਤੁਸੀਂ ਕੌਣ ਹੋ?'

'ਅਸੀਂ ਹਾਰ ਗਏ ਮਾਂ' ਰਾਜੇ ਨੇ ਵੀ ਕਿਹਾ ਤੇ ਕਵੀ ਨੇ ਵੀ।

ਉਹ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਬੰਦੇ ਹਾਰਦੇ ਹਨ-ਇਕ ਦੇਣਦਾਰ ਤੇ ਦੂਜਾ ਧੀ ਦਾ ਬਾਪ। ਤੁਸੀਂ ਕੌਣ ਹੋ?'

ਸਵਾਲ-ਜਵਾਬ ਦੀ ਇਹ ਹਾਰ ਇਹੋ ਜਿਹੀ ਸੀ ਕਿ ਨਾ ਰਾਜਾ ਭੋਜ ਤੋਂ ਕੁਝ ਬੋਲਿਆ ਗਿਆ ਤੇ ਨਾ ਹੀ ਮਾਘ ਕਵੀ ਤੋਂ। ਝੁੱਗੀ ਵਾਲੀ ਕਹਿਣ ਲੱਗੀ, 'ਅਹੁ ਸਾਹਮਣੇ ਵਾਲਾ ਰਾਹ ਫੜ ਲਵੋ, ਸਿੱਧਾ ਉਜੈਨੀ ਪਹੁੰਚ ਜਾਓਗੇ।' •



## ਹਰਿ ਰਾਇ ਜੀ ਨੂੰ ਗੁਰੂ ਦਾਦਾ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਦੁੱਖ ਵੰਡਾਉਣ ਵਾਲੇ, ਬੰਦਗੀ 'ਚ ਲੀਨ ਰਹਿਣ ਵਾਲੇ ਹੋਣ ਕਾਰਨ 14 ਸਾਲ ਦੀ ਉਮਰ 'ਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਸੀ...

ਮਨਜੀਤ ਸਿੰਘ ਜ਼ੀਰਕਪੁਰ

# ਸਿਮਰੌ ਸ੍ਰੀ ਹਰਿ ਰਾਇ



ਦਇਆ ਦੇ ਸਾਗਰ, ਸ਼੍ਰੋਮਣੀ ਵੈਦ, ਨਿਮਰਤਾ ਦੇ ਪੁੰਜ, ਸ਼ਾਂਤੀ ਦੇ ਮਸੀਹਾ, ਵਾਤਾਵਰਨ ਦੇ ਰਖਵਾਲੇ ਸਤਿਗੁਰੂ ਹਰਿ ਰਾਇ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਸੱਤਵੇਂ ਵਾਰਿਸ, ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮ ਪਿਆਰੇ ਪੋਤਰੇ, ਬਾਬਾ ਗੁਰਦਿੱਤਾ ਸਾਹਿਬ ਤੇ ਪੂਜਨੀਕ ਮਾਤਾ ਨਿਹਾਲ ਕੌਰ ਜੀ ਦੇ ਹੋਣਹਾਰ ਫਰਜ਼ੰਦ ਮਨੁੱਖਤਾ ਦੇ ਭਲੇ ਲਈ 1631 ਈਸਵੀ ਵਿਚ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਪਰ ਪਰਗਟ ਭਏ।

ਕੋਮਲ ਚਿਤ, ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰੂ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਗੁਰੂ ਦੇ ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਸਭ ਦਾ ਦੁੱਖ ਵੰਡਾਉਣ ਵਾਲੇ, ਸ਼ਾਂਤ ਚਿਤ, ਪ੍ਰਭੂ ਪਰਮਾਤਮਾ ਦੀ ਬੰਦਗੀ 'ਚ ਲੀਨ ਰਹਿਣ ਵਾਲੇ, ਬਚਪਨ ਤੋਂ ਹੀ ਬੈਰਾਗੀ ਸੁਭਾਅ ਦੇ ਮਾਲਕ, ਗਊ ਗ਼ਰੀਬ ਦੀ ਰੱਖਿਆ ਲਈ ਤਤਪਰ ਰਹਿਣ ਵਾਲੇ ਹੋਣ ਕਾਰਨ 14 ਕੁ ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਤੇ ਆਪ ਛੇਵੇਂ ਗੁਰੂਦੇਵ ਸਚਖੰਡ ਪਧਾਰ ਗਏ।

ਸਤਿਗੁਰੂ ਹਰਿ ਰਾਇ ਸਾਹਿਬ ਜਿੱਥੇ ਅਨੇਕ ਸ਼ੁੱਭ ਗੁਣ ਸੰਪੰਨ ਸਨ ਉੱਥੇ ਆਪ ਉੱਚ ਕੋਟੀ ਦੇ ਵੈਦ ਵੀ ਸਨ। ਗੁਰਬਾਣੀ ਦੀ ਪੰਕਤੀ ਮੇਰਾ ਵੈਦ ਗੁਰੂ ਗੋਬਿੰਦ ਨੂੰ ਵੀ ਸਾਰਥਕ ਕਰ ਵਖਾਇਆ। ਸ੍ਰੀ ਕੀਰਤਪੁਰ ਸਾਹਿਬ ਜੀ ਦੀ ਧਰਤੀ 'ਤੇ ਇਕ ਬਹੁਤ ਵੱਡਾ ਦਵਾਖ਼ਾਨਾ ਵੀ ਚਲਾਇਆ, ਜਿੱਥੋਂ ਸੰਸਾਰੀ ਜੀਵਾਂ ਨੂੰ ਮੁਫ਼ਤ ਇਲਾਜ ਪ੍ਰਾਪਤ ਹੁੰਦਾ। ਆਪ ਨੇ ਛੋਟੇ ਜਿਹੇ ਜੀਵਨਕਾਲ ਵਿਚ ਅਨੇਕਾਂ ਵੈਦ ਤਿਆਰ ਕੀਤੇ, ਜੜ੍ਹੀ-ਬੂਟੀਆਂ ਦਾ ਵੱਡਾ ਸੰਗ੍ਰਹਿ ਕੀਤਾ, ਦੂਰੋਂ-ਦੂਰੋਂ, ਭਿੰਨ-ਭਿੰਨ ਰੋਗਾਂ ਤੋਂ ਗ੍ਰਸਤ ਲੋਕ ਬਿਮਾਰੀ ਦਾ ਇਲਾਜ ਕਰਵਾਉਣ ਲਈ ਆਪ ਕੋਲ ਆਉਂਦੇ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਰੋਗੀਆਂ ਵਿਚ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਂ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦਾ ਇਲਾਜ ਵੀ ਹੋਇਆ ਤੇ ਉਹ ਵੀ ਬਿਲਕੁਲ ਮੁਫ਼ਤ। ਇਵਜ਼ਾਨੇ ਵਿਚ ਜਹਾਂਗੀਰ ਦੀ ਪੇਸ਼ਕਸ਼ ਨੂੰ ਸਤਿਗੁਰਾਂ ਨੇ ਸਹਿਜ ਭਾਵ ਨਾਲ ਠੁਕਰਾ ਦਿੱਤਾ। ਐਸੇ ਤਿਆਗ ਦੀ ਮੂਰਤ ਸਨ ਗੁਰੂ ਹਰਿ ਰਾਇ ਸਾਹਿਬ। ਉਨ੍ਹਾਂ ਦੀ ਹਜ਼ੂਰੀ 'ਚ ਕੇਵਲ ਸਰੀਰਕ ਰੋਗਾਂ ਦਾ ਇਲਾਜ ਹੀ ਨਹੀਂ ਸੀ ਹੁੰਦਾ ਮਾਨਸਿਕ ਮਰੀਜ਼ਾਂ ਨੂੰ ਵੀ ਤੰਦਰੁਸਤੀ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ। ਨਾਮ ਬਾਣੀ ਨਾਲ ਜੋੜਿਆ ਜਾਂਦਾ, ਪ੍ਰਭੂ ਚਰਨਾਂ ਨਾਲ, ਗੁਰੂ ਚਰਨਾਂ ਨਾਲ ਜੋੜ ਕੇ, ਮਾਨਸਿਕ ਪੱਧਰ 'ਤੇ ਉੱਚਿਆਂ ਉਠਾ ਕੇ, ਉੱਚਾ-ਸੁੱਚਾ ਵਾ ਇਖ਼ਲਾਕੀ ਜੀਵਨ ਬਤੀਤ ਕਰਨ ਹਿਤ ਉਪਦੇਸ਼ ਦੇ ਕਰ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪ ਜੀ ਦਾ ਬੇਜੋੜ ਉਪਰਾਲਾ ਕੀਤਾ ਜੋ ਜੁਗਾਂ ਤੀਕਰ ਯਾਦ ਰੱਖਿਆ ਜਾਵੇਗਾ।

ਲੇਖਕ ਆਪ ਜੀ ਨੂੰ ਇਸੇ ਕਰਕੇ 'ਸ਼੍ਰੋਮਣੀ ਵੈਦ' ਲਿਖ ਕੇ ਨਮਨ ਕਰਦਾ ਹੈ ਕਿ ਆਪ ਨੇ ਕੇਵਲ ਸਰੀਰਕ ਕਸ਼ਟ ਹੀ ਦੂਰ ਨਹੀਂ ਕੀਤੇ ਬਲਕਿ ਮਾਨਸਿਕ ਪੀੜਾ ਤੇ ਚਿਤ ਦੀਆਂ ਚਿੰਤਾਵਾਂ ਨੂੰ ਵੀ ਹਰਿਆ। ਕਿਹਾ ਜਾ ਸਕਦਾ ਹੈ ਕਿ ਰੈੱਡ ਕਰਾਸ ਵਰਗੀਆਂ ਸੰਸਥਾਵਾਂ ਦੀ, ਮੁਫ਼ਤ ਮੈਡੀਕਲ ਕੈਂਪਾਂ ਦੀ, ਮੁਫ਼ਤ ਸਿਹਤ ਸੇਵਾਵਾਂ ਦੇਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਆਦਿ ਸਭ ਕਾਸੇ ਦੇ ਮੋਢੀ ਸਨ ਗੁਰੂ ਹਰਿ ਰਾਇ ਸਾਹਿਬ। ਅਸੀਂ ਸਭ ਭਲੀ ਪ੍ਰਕਾਰ ਜਾਣਦੇ ਹਾਂ ਕਿ 'ਲੰਗਰ' ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਉਣਾ ਕੀਤੀ ਸੀ, ਠੰਡੇ ਪਾਣੀ ਦੀ ਛਬੀਲ ਲਾਉਣ ਦੀ ਸੇਵਾ, ਪਿਆਸੇ ਰਾਹੀਗਰਾਂ ਨੂੰ ਸਵੱਛ ਜਲ ਛਕਾਉਣ ਦੀ ਸੇਵਾ ਸ਼ੁਰੂ ਕੀਤੀ ਸੀ-ਬਾਬੇ ਨਾਨਕ ਜੀ ਨੇ। ਦਿੱਲੀ-ਲਾਹੌਰ ਸ਼ਾਹੀ ਮਾਰਗ ਪਰ ਬੈਠ ਕਰ ਗੁਰਦੁਆਰਾ ਨਾਨਕ ਪਿਆਊ ਸਾਹਿਬ ਦਿੱਲੀ ਵਿਖੇ ਆਪ ਨੇ ਪਿਆਸੇ ਰਾਹੀਆਂ ਨੂੰ ਜਲ ਛਕਾ ਕੇ ਤ੍ਰਿਪਤ ਕੀਤਾ, ਜਿੱਥੇ ਆਪ ਸਰੀਰ ਦੀ ਪਿਆਸ ਜਲ ਛਕਾ ਕੇ ਬੁਝਾਉਂਦੇ ਸਨ? ਤ੍ਰਿਪਤ ਕਰਦੇ ਸਨ, ਉੱਥੇ ਮਨ ਦੀ ਪਿਆਸ ਵੀ ਨਾਮ ਬਾਣੀ ਦਾ ਛੱਟਾ ਮਾਰ ਕੇ ਬੁਝਾਉਂਦੇ ਸਨ, ਤ੍ਰਿਪਤ ਕਰਦੇ ਸਨ, ਐਵੇਂ ਤਾਂ ਨਹੀਂ ਸੰਸਾਰ ਦੇ ਲੋਕ ਜਗਤ ਗੁਰੂ ਬਾਬੇ ਨਾਨਕ ਨੂੰ 'ਮਾਤਾ ਤ੍ਰਿਪਤਾ ਦਾ ਲਾਲ' ਕਹਿੰਦੇ। ਸਭ ਨੂੰ ਤ੍ਰਿਪਤ ਕਰੀ ਜਾਂਦੇ ਸਨ ਜਗਤ ਗੁਰੂ ਬਾਬਾ ਨਾਨਕ। ਜਿੱਥੇ ਲੰਗਰ-ਪਾਣੀ ਦੀ ਸੇਵਾ ਦੀ ਰੀਤ ਬਾਬੇ ਨਾਨਕ ਜੀ ਨੇ ਚਲਾਈ ਉੱਥੇ ਮੁਫ਼ਤ ਸਿਹਤ ਸਹੂਲਤਾਂ ਦੇਣ ਦੀ ਪ੍ਰਥਾ ਚਲਾਈ 7ਵੇਂ ਨਾਨਕ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ। ਗੁਰੂ ਜੀ ਦੇ ਦਰਸਾਏ ਇਸ ਪਰਉਪਕਾਰੀ ਮਾਰਗ 'ਤੇ ਚੱਲਣ ਵਾਲਿਆਂ ਨੂੰ ਮੁਫ਼ਤ ਸਿਹਤ ਸਹੂਲਤਾਂ ਦੇਣ ਵਾਲਿਆਂ ਨੂੰ ਜਿੱਥੇ ਮੈਂ ਕੋਟਿ-ਕੋਟਿ ਨਮਨ ਕਰਦਾ ਹਾਂ ਉੱਥੇ ਅਰਦਾਸ ਕਰਦਾ ਹਾਂ ਕਿ ਆਪ ਸਭ ਸਮਾਜ ਸੇਵੀਆਂ ਨੂੰ ਇਸ ਪਵਿੱਤਰ ਪ੍ਰਥਾ 'ਤੇ ਚੱਲਣ ਵਾਲਿਆਂ ਨੂੰ ਰੱਬ ਸੱਚਾ ਹੋਰ ਬਲ, ਹੋਰ ਉਦਮ ਤੇ ਉਤਸ਼ਾਹ ਬਖ਼ਸ਼ੇ ਤਾਂ ਕਿ ਤਨ ਤੇ ਮਨ ਕਰਕੇ ਇਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ, ਨਾਲ ਹੀ ਐਸੀਆਂ ਸਮਾਜ ਸੇਵੀ ਸੰਸਥਾਵਾਂ ਤੇ ਭਲੇ ਦੇ ਕਾਰਜਾਂ 'ਚ ਜੁੜੇ ਵੀਰਾਂ ਨੂੰ ਬੇਨਤੀ ਵੀ ਕਰਾਂ ਕਿ ਗੁਰੂ ਹਰਿ ਰਾਇ ਸਾਹਿਬ ਦੇ ਸ਼ੁਕਰਗੁਜ਼ਾਰ ਵੀ ਰਹਿਣਾ ਜਿਵੇਂ ਗੁਰੂ ਸਾਹਿਬ ਨੇ ਐਸੀਆਂ ਮਾਣ-ਮੱਤੀਆਂ ਸੇਵਾਵਾਂ ਦਾ ਕਦੇ ਵੀ ਮੁੱਲ ਨਹੀਂ ਵੱਟਿਆ, ਤੁਸੀਂ ਵੀ ਸੁਚੇਤ ਹੋਵੋ।

ਸਤਿਗੁਰਾਂ ਦੀ ਬਹੁਪੱਖੀ ਤੇ ਪਰਉਪਕਾਰੀ ਸ਼ਖ਼ਸੀਅਤ ਵਿਚ ਵਾਤਾਵਰਨ ਾਲ ਪਿਆਰ, ਕਰਤੇ ਦੀ ਕੁਦਰਤ ਨਾਲ ਨੇੜਤਾ, ਰੁੱਖਾਂ-ਬੂਟਿਆਂ, ਪਸ਼ੂ-ਪੰਛੀਆਂ, ਪੌਣ-ਪਾਣੀ ਤੇ ਧਰਤੀ ਨਾਲ ਅਨੂਠਾ ਮੋਹ ਆਪ ਦੇ ਜੀਵਨ ਦਾ ਅਹਿਮ ਹਿੱਸਾ ਰਿਹਾ। ਚੌਗਿਰਦੇ ਦੀ ਸੰਭਾਲ, ਵਾਤਾਵਰਨ ਦੀ ਸ਼ੁੱਧਤਾ, ਪੌਣ-ਪਾਣੀ ਤੇ ਧਰਤੀ ਨੂੰ ਬਚਾਉਣ ਲਈ ਆਪ ਨੇ ਵੱਡੇ ਉਪਰਾਲੇ ਕੀਤੇ।

ਮਨੁੱਖਤਾ ਦੇ ਭਲੇ ਲਈ ਗੁਰੂ ਅਰਜੁਨ ਦੇਵ ਜੀ ਨੇ ਖੂਹ ਖੁਦਵਾਏ, ਗੁਰੂ ਹਰਿਗੋਬਿੰਦ ਸਾਹਿਬ ਨੇ ਬਾਗ਼ ਬਗ਼ੀਚੇ ਲਗਵਾਏ। ਗੁਰੂ ਹਰਿ ਰਾਇ ਸਾਹਿਬ ਚੌਗਿਰਦੇ ਨੂੰ ਬਚਾਉਂਦੇ ਰਹੇ ਪੇੜ-ਪੌਦੇ ਉਗਾਉਂਦੇ ਰਹੇ।

ਪੀਰ-ਪੈਗ਼ੰਬਰ, ਔਲੀਏ ਤੇ ਅਵਤਾਰੀ ਪੁਰਖ, ਸੰਸਾਰ ਦੇ ਭਲੇ ਲਈ ਧਰਤੀ 'ਤੇ ਅਵਤਾਰ ਧਾਰ ਕੇ ਸੰਸਾਰੀ ਜੀਵਾਂ ਦੇ ਭਲੇ ਹਿਤ ਪਰਉਪਕਾਰੀ ਜੀਵਨ ਬਤੀਤ ਕਰਿਆ ਕਰਦੇ ਨੇ। ਜਿਵੇਂ ਵਿਸ਼ਾਲ ਸਾਗਰ ਦੀ ਉੱਪਰੀ ਸਤਹ ਪਰ ਲਹਿਰਾਂ ਉੱਠਦੀਆਂ ਰਹਿੰਦੀਆਂ ਨੇ, ਇਹ ਵਰਤਾਰਾ ਨਿਰੰਤਰ ਚੱਲਦਾ ਰਹਿੰਦਾ ਹੈ ਪਰ ਆਪ ਸਾਗਰ ਅੰਦਰੋਂ ਸ਼ਾਂਤ ਰਹਿੰਦਾ ਹੈ, ਡੋਲਦਾ ਨਹੀਂ, ਅਸ਼ਾਂਤ ਨਹੀਂ ਹੁੰਦਾ, ਏਸੇ ਤਰ੍ਹਾਂ ਅਵਤਾਰੀ ਪੁਰਖਾਂ ਦੇ ਜੀਵਨ 'ਚ ਪਰਉਪਕਾਰ ਰੂਪੀ ਲਹਿਰਾਂ ਹਮੇਸ਼ਾ ਉੱਠਦੀਆਂ ਰਹਿੰਦੀਆਂ ਨੇ ਪਰ ਸਾਗਰ ਦੀ ਨਿਆਈ ਇਹ ਆਪ ਧੁਰ ਅੰਦਰੋਂ ਸ਼ਾਂਤ ਚਿੱਤ ਰਹਿੰਦੇ ਨੇ। ਸਾਗਰ ਦੀਆਂ ਲਹਿਰਾਂ ਜਦੋਂ ਬਾਹਰ ਕੰਢਿਆਂ ਵੱਲ ਜਾਂਦੀਆਂ ਨੇ ਤਾਂ ਬਹੁਤ ਕੀਮਤੀ ਹੀਰੇ-ਜਵਾਹਰਾਤ ਬਾਹਰ ਸੁੱਟ ਜਾਂਦੀਆਂ ਨੇ, ਸਾਗਰ ਕੰਢੇ ਪਿਆ ਫ਼ਾਲਤੂ ਕਚਰਾ ਸਮੇਟ ਕੇ ਲੈ ਜਾਂਦੀਆਂ ਨੇ ਇਸੇ ਤਰ੍ਹਾਂ ਅਵਤਾਰੀ ਪੁਰਖਾਂ ਦਾ ਜੀਵਨ ਪਰਉਪਕਾਰ ਰੂਪੀ ਤਰੰਗਾਂ ਸੰਸਾਰ ਨੂੰ ਬਹੁਤ ਕੀਮਤੀ ਪਦਾਰਥ ਬਖ਼ਸ਼ਦੀਆਂ ਨੇ ਤੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਨੇ ਸਾਡੀ ਬਦੀ ਦਾ ਕੂੜਾ-ਕਬਾੜ ਤੇ ਕਚਰਾ, ਸਾਡੀਆਂ ਜਨਮ-ਜਨਮ ਦੀਆਂ ਮੈਲਾਂ, ਈਰਖਾ ਵਾ ਹੰਕਾਰ ਦੇ ਢੇਰ ਨਾਲ ਰੋੜ੍ਹ ਕੇ ਲੈ ਜਾਂਦੇ ਨੇ ਅਵਤਾਰੀ ਪੁਰਖ। ਇਹ ਅਵਤਾਰੀ ਪੁਰਖ ਹਉਮੈ, ਜਾਤ-ਪਾਤ, ਊਚ-ਨੀਚ, ਈਰਖਾ-ਦਵੈਤ, ਨਿੰਦਾ-ਬੁਰਾਈ ਜੈਸੀਆਂ ਅਲਾਮਤਾਂ ਫ਼ਾਨੀ ਸੰਸਾਰ ਤੋਂ ਹੂੰਝ ਕੇ ਲੈ ਜਾਂਦੇ ਹਨ।

ਹਮੇਸ਼ਾ ਲੋੜ ਰਹੇਗੀ ਐਸੇ ਮਹਾਨ ਸਤਪੁਰਖਾਂ ਨੂੰ ਯਾਦ ਕਰਨ ਦੀ। ਉਨ੍ਹਾਂ ਦੇ ਦਿਨ ਮਨਾਉਣ ਦੀ। ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ। ਦਰਸਾਏ ਮਾਰਗ 'ਤੇ ਨਿਸ਼ਠਾ ਨਾਲ ਪਹਿਰਾ ਦੇਣ ਦੀ ਹਮੇਸ਼ਾ ਲੋੜ ਰਹੇਗੀ। ਉਨ੍ਹਾਂ ਅਵਤਾਰੀ ਪੁਰਖਾਂ ਦੇ ਉਪਦੇਸ਼, ਅਮਲੀ ਰੂਪ 'ਚ ਸੁਹਿਰਦ ਹੋ ਕੇ ਕਮਾਉਣ ਦੀ। 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਜੋ ਹੋਕਾ ਲਾਇਆ ਸੀ ਜਗਤ ਗੁਰੂ ਬਾਬੇ ਨਾਨਕ ਜੀ ਨੇ ਤੇ ਇਸ ਮਹਾਨ ਪੰਕਤੀ ਨੂੰ ਅਮਲੀ ਰੂਪ 'ਚ ਆਪਣੇ ਜੀਵਨ ਦਾ ਹਿੱਸਾ ਬਣਾਇਆ ਸੱਤਵੇਂ ਗੁਰੂਦੇਵ ਗੁਰੂ ਹਰਿ ਰਾਇ ਸਾਹਿਬ ਨੇ। ਜੋ ਉਪਦੇਸ਼ ਕਲਯੁਗੀ ਜੀਵਾਂ ਨੂੰ ਦਿੱਤੇ ਪਹਿਲਾਂ ਆਪ ਖ਼ੁਦ ਉਨ੍ਹਾਂ ਦਾ ਮੰਨਣ ਕੀਤਾ। ਐਸੀ ਕਰਨੀ, ਕਹਿਣੀ ਤੇ ਕਥਨੀ ਦੇ ਸੂਰੇ ਸਤਿਗੁਰੂ ਸਾਹਿਬ ਦੇ ਉਦਮਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੇ ਚੌਗਿਰਦੇ ਨੂੰ ਬਚਾਉਣ ਹਿੱਤ ਇਕ ਬੂਟਾ ਖ਼ੁਦ ਲਗਾਉਣ ਦਾ ਸਾਨੂੰ ਵੀ ਅਹਿਦ ਕਰਨਾ ਚਾਹੀਦਾ ਹੈ। •

98780-98555

# ਰਾਗ ਨਾਦ ਸਬਦਿ ਸੋਹਣੇ



ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਤੀਸਰੇ ਸਥਾਨ 'ਤੇ ਆਉਣ ਵਾਲੇ ਰਾਗ 'ਗਉੜੀ' ਬਾਰੇ...

## ਰਾਗ ਗਉੜੀ

ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਮਾਝ ਰਾਗ ਤੋਂ ਬਾਅਦ ਰਾਗ ਗਉੜੀ ਤੀਜੇ ਸਥਾਨ 'ਤੇ ਆਉਂਦਾ ਹੈ। ਗਉੜੀ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 151 ਤੋਂ ਲੈ ਕੇ ਪੰਨਾ ਨੰਬਰ 346 ਤਕ ਸੁਸ਼ੋਭਿਤ ਹੈ। ਗੁਰੂ ਅਮਰਦਾਸ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

***'ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥'***

ਪ੍ਰਚਲਿਤ ਸੁਖਮਨੀ ਸਾਹਿਬ ਦੀ ਬਾਣੀ ਇਸੇ ਰਾਗ ਵਿਚ 'ਗਉੜੀ ਸੁਖਮਨੀ ਮਹਲਾ 5' ਦੇ ਸਿਰਲੇਖ ਹੇਠ ਦਰਜ ਹੈ। ਇਸ ਤੋਂ ਇਲਾਵਾ 'ਬਾਵਨ ਅਖਰੀ', 'ਥਿਤੀ ਗਉੜੀ', 'ਗਉੜੀ ਕੀ ਵਾਰ ਮਹਲਾ 4' ਅਤੇ 'ਗਉੜੀ ਕੀ ਵਾਰ ਮਹਲਾ 5' ਇਸੇ ਰਾਗ ਦੇ ਅੰਤਰਗਤ ਆਉਂਦੀਆਂ ਬਾਣੀਆਂ ਹਨ। ਇਸ ਰਾਗ ਵਿਚ ਗੁਰੂ ਨਾਨਕ ਪਾਤਸ਼ਾਹ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਇਸ ਤੋਂ ਇਲਾਵਾ ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਰਵਿਦਾਸ ਜੀ ਦੀ ਬਾਣੀ ਵੀ ਰਾਗ ਗਉੜੀ ਵਿਚ ਦਰਜ ਹੈ। ਗੁਰਬਾਣੀ ਵਿਚ ਇਸ ਰਾਗ ਦੇ ਅਧੀਨ ਲਗਭਗ ਗਿਆਰਾਂ ਹੋਰ ਕਿਸਮਾਂ ਹਨ, ਜਿਨ੍ਹਾਂ ਵਿਚ 'ਗਉੜੀ ਗੁਆਰੇਰੀ', 'ਗਉੜੀ ਦੱਖਣੀ', 'ਗਉੜੀ ਬੈਰਾਗਣਿ', 'ਗਉੜੀ ਚੇਤੀ', 'ਗਉੜੀ ਦੀਪਕੀ', 'ਗਉੜੀ ਪੂਰਬੀ ਦੀਪਕੀ', 'ਗਉੜੀ ਪੂਰਬੀ', 'ਗਉੜੀ ਮਾਝ', 'ਗਉੜੀ ਮਾਲਵਾ', 'ਗਉੜੀ ਮਾਲਾ' ਅਤੇ 'ਗਉੜੀ ਸੋਰਠਿ' ਸ਼ਾਮਲ ਹਨ।



ਇਤਿਹਾਸਕ ਤੇ ਸੰਗੀਤਕ ਪੱਖ ਤੋਂ ਇਹ ਬਹੁਤ ਪ੍ਰਾਚੀਨ ਤੇ ਪ੍ਰਸਿੱਧ ਰਾਗ ਹੈ। ਲਗਪਗ ਸੰਗੀਤ ਨਾਲ ਸਬੰਧਤ ਹਰ ਗ੍ਰੰਥ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਨੂੰ ਸਿਰੀ ਰਾਗ ਦੀ ਰਾਗਨੀ ਵੀ ਮੰਨਿਆ ਗਿਆ ਹੈ, ਜਿਸ ਦਾ ਜ਼ਿਕਰ 'ਮਹਾਨ ਕੋਸ਼' ਦਾ ਕਰਤਾ ਵੀ ਕਰਦਾ ਹੈ। ਇਸ ਤੋਂ ਇਲਾਵਾ ਇਸ ਰਾਗ ਨੂੰ ਭੈਰਉ ਰਾਗ ਦੇ ਨੇੜੇ ਦਾ ਰਾਗ ਵੀ ਮੰਨਿਆ ਜਾਂਦਾ ਹੈ ਕਿਉਂਕਿ ਗੁਰਮਤਿ ਸੰਗੀਤ ਵਿਚ ਇਸਨੂੰ ਭੈਰਵ ਥਾਟ ਦਾ ਮੰਨਿਆ ਗਿਆ ਹੈ ਅਤੇ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਵੀ ਇਕ ਥਾਂ ਜ਼ਿਕਰ ਕੀਤਾ ਹੈ ਕਿ, 'ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥' ਮਹਾਨ ਕੋਸ਼ ਵਿਚ ਲਿਖਿਆ ਹੈ ਕਿ, 'ਇਕ ਰਾਗਨੀ, ਜੋ ਪੂਰਵ ਥਾਟ ਦੀ ਓੜਵ ਸ਼ਾੜਵ ਹੈ, ਇਸ ਵਿਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹ ਵਿਚ ਗਾਂਧਾਰ ਅਤੇ ਧੈਵਤ ਵਰਜਿਤ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ ਕੋਮਲ, ਮੱਧਮ, ਤੀਵਰ ਬਾਕੀ ਸਾਰੇ ਸੁਰ ਸ਼ੁੱਧ ਹਨ। ਇਸ ਰਾਗ ਨੂੰ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਮੰਨਿਆ ਗਿਆ ਹੈ।' •

98150-24920

# ਸਿੱਖ ਪੰਥ ਦਾ ਸਿਰਮੌਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ

## ਸਭਰਾਵਾਂ ਵਿਖੇ ਅੰਗਰੇਜ਼ਾਂ ਤੇ ਸਿੱਖਾਂ ਦਰਮਿਆਨ ਹੋਏ ਯੁੱਧ ਸਮੇਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਮੋਰਚਿਆਂ 'ਤੇ ਜਾ ਕੇ ਆਪਣੇ ਜਵਾਨਾਂ ਨੂੰ ਹੱਲਾਸ਼ੇਰੀ ਦਿੰਦੇ। ਇਸ ਨਾਲ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ ਤੇ ਫਿਰੰਗੀਆਂ ਦੇ ਹੌਸਲੇ ਪਸਤ ਹੋਣੇ ਸ਼ੁਰੂ ਹੋ ਗਏ...



ਜਸਪਾਲ ਸਿੰਘ ਅਟਾਰੀ
98146-41002

ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਸਥਿਤ ਇਤਿਹਾਸਕ ਕਸਬਾ ਅਟਾਰੀ ਸ਼ਹੀਦਾਂ ਦੇ ਪਿੰਡ ਵਜੋਂ ਮਸ਼ਹੂਰ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ 'ਚ ਜਰਨੈਲ ਰਹੇ ਸਰਦਾਰ ਸ਼ਾਮ ਸਿੰਘ ਅਟਾਰੀ ਤੋਂ ਇਲਾਵਾ ਸਰਦਾਰ ਚਤਰ ਸਿੰਘ, ਸਰਦਾਰ ਸ਼ੇਰ ਸਿੰਘ ਆਦਿ ਵੀ ਅਟਾਰੀ ਪਿੰਡ ਨਾਲ ਸਬੰਧਤ ਸਨ। ਅਟਾਰੀ ਵਾਲੇ ਸਰਦਾਰਾਂ 'ਚੋਂ ਸਿਰਕੱਢ ਸ਼ਖ਼ਸੀਅਤ ਸ਼ਾਮ ਸਿੰਘ ਅਟਾਰੀ ਵਾਲਾ ਸਰਦਾਰ ਨਿਹਾਲ ਸਿੰਘ ਦੇ ਸਪੁੱਤਰ ਸਨ। ਸਰਦਾਰ ਸ਼ਾਮ ਸਿੰਘ ਅਟਾਰੀ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਕਮਾਂਡਰ ਨਿਹਾਲ ਸਿੰਘ ਦੇ ਘਰ ਅਟਾਰੀ ਵਿਖੇ 1788 ਦੇ ਲਗਪਗ ਹੋਇਆ। ਪਿੰਡ ਅਟਾਰੀ ਅੰਮ੍ਰਿਤਸਰ-ਲਾਹੌਰ ਸੜਕ 'ਤੇ ਅੰਮ੍ਰਿਤਸਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਵਾਹਗਾ ਸਰਹੱਦ ਤੋਂ ਦੋ ਕਿਲੋਮੀਟਰ ਉਰ੍ਹਾਂ ਵਸਿਆ ਪੁਰਾਤਨ ਕਸਬਾ ਹੈ। ਇਥੇ ਬਣੇ ਬੁਰਜ, ਹਵੇਲੀਆਂ ਤੇ ਸਮਾਧਾਂ ਇਸ ਦੇ ਇਤਿਹਾਸਕ ਹੋਣ ਦਾ ਸਬੂਤ ਹਨ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਪਿਛੋਕੜ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਜਗਰਾਵਾਂ ਨੇੜਲੇ ਪਿੰਡ ਕਾਉਂਕੇ ਨਾਲ ਜਾ ਜੁੜਦਾ ਹੈ ਕਿਉਂਕਿ ਉਨ੍ਹਾਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਨੇ ਉੱਥੋਂ ਉੱਠ ਕੇ ਅਟਾਰੀ ਵਿਖੇ ਆ ਕੇ ਆਪਣੀ ਰਹਾਇਸ਼ ਸਥਾਪਿਤ ਕਰ ਲਈ ਸੀ।

ਸਰਦਾਰ ਸ਼ਾਮ ਸਿੰਘ ਨੇ ਛੋਟੀ ਉਮਰ 'ਚ ਹੀ ਘੋੜ ਸਵਾਰੀ, ਤੀਰਅੰਦਾਜ਼ੀ, ਤਲਵਾਰਬਾਜ਼ੀ ਆਦਿ ਜੰਗੀ ਕਰਤਬ ਸਿੱਖ ਲਏ ਤੇ ਆਪਣੇ ਪਿਤਾ ਨਾਲ ਜੰਗਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਪਿਤਾ ਦੇ ਹੁੰਦਿਆਂ ਹੀ ਸਰਦਾਰ ਸ਼ਾਮ ਸਿੰਘ ਅਟਾਰੀ ਨੇ 12 ਮਾਰਚ 1816 ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਹੀਰਿਆਂ ਜੜੀ ਕਲਗੀ ਪ੍ਰਾਪਤ ਕਰ ਕੇ ਆਪਣੇ ਪਿਤਾ ਦਾ ਮਾਣ ਵਧਾਇਆ। ਸਰਦਾਰ ਨਿਹਾਲ ਸਿੰਘ ਅਟਾਰੀ ਨੇ 1818 'ਚ ਮਹਾਰਾਜਾ ਰਣਜੀਤ ਸਿੰਘ ਦੇ ਬਿਮਾਰ ਹੋਣ ਸਮੇਂ ਉਨ੍ਹਾਂ ਦੇ ਮੰਜੇ ਦੇ ਦੁਆਲੇ ਪਰਿਕਰਮਾ ਕਰ ਕੇ ਪਰਮਾਤਮਾ ਅੱਗੇ ਅਰਦਾਸ ਕਰ ਕੇ ਉਨ੍ਹਾਂ ਦੀ ਬਿਮਾਰੀ ਆਪਣੇ ਉੱਪਰ ਲੈ ਕੇ ਆਪਾ ਵਾਰ ਦਿੱਤਾ ਸੀ। ਮੁਲਤਾਨ ਦੀ 1818 ਦੀ ਪਹਿਲੀ ਐਸੀ ਲੜਾਈ ਸੀ, ਜਿਸ 'ਚ ਸਰਦਾਰ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹਿੱਸਾ ਲਿਆ ਤੇ ਬਹਾਦਰੀ ਦੇ ਜੌਹਰ ਵਿਖਾਏ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਕ ਸਿੰਘ, ਮਿਸਰ ਦੀਵਾਨ ਚੰਦ, ਸਰਦਾਰ ਦਲ ਸਿੰਘ ਨਾਲ ਉਨ੍ਹਾਂ ਨੂੰ ਵੀ ਪਿਸ਼ਾਵਰ ਦੀ ਮੁਹਿੰਮ 'ਤੇ ਭੇਜਿਆ ਤੇ ਖ਼ਾਲਸਾ ਫ਼ੌਜ ਇਹ ਜੰਗ ਜਿੱਤ ਕੇ ਪਰਤੀ ਸੀ। ਜਿੱਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਵਿਸ਼ੇਸ਼ ਧਿਆਨ ਕਸ਼ਮੀਰ ਜਿੱਤਣ ਵੱਲ ਲਗਾਇਆ।

ਮਈ 1819 ਵਿਚ ਇਕ ਵੱਡੀ ਫ਼ੌਜ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲੀ) ਵਿਖੇ ਇਕੱਠੀ ਹੋਈ। ਉਸ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਹਿੱਸਾ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਮਿਸਰ ਦੀਵਾਨ ਚੰਦ ਗੀ ਕਮਾਂਡ ਹੇਠ, ਦੂਜਾ ਸ਼ਹਿਜ਼ਾਦਾ ਖੜਕ ਸਿੰਘ ਦੀ ਸਰਦਾਰੀ ਹੇਠ ਅਤੇ ਤੀਜਾ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਅਧੀਨ ਸੀ। ਸਰਦਾਰ ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਨੇ ਹੌਲੀਆਂ ਤੋਪਾਂ ਨਾਲ ਰਾਜੌਰੀ 'ਤੇ ਹੱਲਾ ਬੋਲ ਦਿੱਤਾ ਤੇ ਸਭ ਪਾਸਿਓਂ ਹੱਲਾ ਕਰ ਕੇ ਭਾਰੀ ਜੰਗ ਛੇੜ ਦਿੱਤੀ ਤੇ ਕਸ਼ਮੀਰ ਫ਼ਤਹਿ ਕਰ ਲਿਆ ਗਿਆ।



ਮਾਰਚ 1822 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਮੁਹੰਮਦ ਆਜ਼ਿਮ ਬਾਰਕਜ਼ਾਈ ਆਪਣੇ ਭਰਾ ਮੁਹੰਮਦ ਦੋਸਤ ਨਾਲ ਮਿਲ ਕੇ ਪਿਸ਼ਾਵਰ ਉੱਪਰ ਹੱਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਖ਼ਾਲਸਾ ਫ਼ੌਜਾਂ ਨੂੰ ਅਟਕ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਤੇ ਆਪ ਅਟਕ ਕਿਲ੍ਹੇ ਦੇ ਸਾਹਮਣੇ ਦਰਿਆ ਪਾਰਲੇ ਕਿਲ੍ਹੇ ਖੈਰਾਬਾਦ ਵੱਲ ਵਧੇ। ਆਪ ਦਾ ਟਾਕਰਾ ਅਕੋਨੇ ਦੇ ਮੈਦਾਨ ਵਿਚ ਬਾਰਕਜ਼ਾਈ ਦੀਆਂ ਫ਼ੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਬੜੀ ਸੂਰਬੀਰਤਾ ਦਾ ਪ੍ਰਦਰਸ਼ਨ ਕੀਤਾ ਤੇ ਅਖ਼ੀਰ ਜਿੱਤ ਖ਼ਾਲਸਾ ਫ਼ੌਜ ਦੀ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਕੰਵਰ ਸ਼ੇਰ ਸਿੰਘ ਤੇ ਸਰਦਾਰ ਜੈ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਮੋਹਰਾਂ, ਈਰਾਨੀ ਬੰਦੂਕਾਂ, ਝੰਡੇ ਤੇ ਹਾਥੀ ਇਨਾਮ ਵਜੋਂ ਦਿੱਤੇ। ਪਿਸ਼ਾਵਰ ਦੀ ਮੁਹਿੰਮ ਤੋਂ ਵਾਪਸ ਆ ਕੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਆਪਣੀ ਬੇਟੀ ਨਾਨਕੀ ਦਾ ਸਾਕ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕੀਤਾ। ਨਿਉਂਦਰੇ ਦੀ ਰਸਮ 6 ਮਾਰਚ 1837 ਨੂੰ ਹੋਈ। ਬਾਅਦ ਵਿਚ ਸਰਦਾਰ ਅਟਾਰੀ ਵਾਲਾ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਹੋ ਗਈ ਅਤੇ ਲਾਹੌਰ ਦਰਬਾਰ ਵਿਚ ਉਨ੍ਹਾਂ ਦਾ ਸਤਿਕਾਰ ਵਧ ਗਿਆ।

27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਅਸਤ ਹੋਣਾ ਸ਼ੁਰੂ ਹੋ ਗਿਆ ਹੌਲੀ-ਹੌਲੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਡੋਗਰਾਸ਼ਾਹੀ ਆਰੰਭ ਹੋ ਗਈ। ਲਾਹੌਰ ਵਿਚ ਕਤਲਾਂ ਤੇ ਗੱਦਾਰੀਆਂ ਦਾ ਮੁਢ ਬੱਝ ਗਿਆ। ਇੱਥੋਂ ਹੀ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਲੜਾਈ ਦਾ ਮੁੱਢ ਬੱਝਾ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਪੜਾਈ ਸਮੇਂ ਅੰਗਰੇਜ਼ ਫ਼ੌਜ 'ਚ 44000 ਜਵਾਨ ਤੇ 100 ਤੋਪਾਂ ਸਨ। ਅੰਗਰੇਜ਼ ਮੁਲਤਾਨ ਉੱਤੇ ਚੜ੍ਹਾਈ ਕਰਨ ਲੱਗੇ। ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਤੇਜਾ ਸਿੰਘ ਤੇ ਵਜ਼ੀਰ ਲਾਲ ਸਿੰਘ ਸਨ। ਇਨ੍ਹਾਂ ਦੋਹਾਂ ਨੂੰ ਲਾਲਚ ਦੇ ਕੇ ਅੰਗਰੇਜ਼ਾਂ ਨੇ ਆਪਣਾ ਨਾਲ ਮਿਲਾ ਲਿਆ। ਜਿਸ ਕਾਰਨ ਸਿੱਖ ਫ਼ੌਜ ਦੀ ਯੋਜਨਾ ਉਨ੍ਹਾਂ ਦੋਹਾਂ ਨੇ ਸਫ਼ਲ ਨਾ ਹੋਣ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਲਾਹੌਰ ਦਰਬਾਰ ਦਾ ਕੰਮਕਾਜ ਮਹਾਰਾਣੀ ਜਿੰਦ ਕੌਰ ਦੀ ਦੇਖਰੇਖ ਹੇਠ ਸੀ। ਮਹਾਰਾਣੀ ਨੇ 10 ਘੋੜ ਸਵਾਰਾਂ ਦੇ ਹੱਥ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਭੇਜੇ ਸੁਨੇਹੇ ਵਿਚ ਆਖਿਆ ਕਿ ਉਹ ਲਾਹੌਰ ਵੱਲ ਵਧ ਰਹੀਆਂ ਬਰਤਾਨਵੀ ਫ਼ੌਜਾਂ ਨੂੰ ਰੋਕਣ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਖ਼ਾਲਸਾ ਫ਼ੌਜ ਦੀ ਕਮਾਂਡ ਸੰਭਾਲੀ ਤੇ ਫ਼ੌਜ ਨੂੰ ਅੰਗਰੇਜ਼ਾਂ ਵਿਰੁੱਧ ਸਭਰਾਵਾਂ ਵਿਖੇ ਲੜਾਈ ਦੇ ਮੈਦਾਨ ਵਿਚ ਆਣ ਟੱਕਰੇ।

10 ਫਰਵਰੀ 1846 ਨੂੰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਸਿੱਖ ਫ਼ੌਜ ਨੂੰ ਵੰਗਾਰਿਆ। ਅੰਗਰੇਜ਼ਾਂ ਨੇ ਤੋਪਾਂ ਨਾਲ ਸਿੱਖਾਂ ਦੇ ਮੋਰਚਿਆਂ "ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੋਲਿਆਂ ਦਾ ਜਵਾਬ ਗੋਲਿਆਂ ਨਾਲ ਮਿਲਣ 'ਤੇ ਲੜਾਈ ਭਖ਼ ਗਈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਸਭ ਮੋਰਚਿਆਂ 'ਤੇ ਆਪ ਜਾ ਕੇ ਜਵਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਇਸ ਤਰ੍ਹਾਂ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ। ਸਿੱਖ ਫ਼ੌਜ ਦੇ ਜੈਕਾਰਿਆਂ ਨੇ ਫਿਰੰਗੀਆਂ ਦੇ ਹੌਸਲੇ ਪਸਤ ਕਰ ਦਿੱਤੇ। ਅੰਗਰੇਜ਼ ਮੈਦਾਨ 'ਚੋਂ ਭੱਜਣੇ ਸ਼ੁਰੂ ਹੋ ਗਏ ਪਰ ਗੱਦਾਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖ ਫ਼ੌਜ ਨੂੰ ਅਸਲਾ ਤੇ ਗੋਲਾ-ਬਾਰੂਦ ਸਪਲਾਈ ਕਰਨ ਤੋਂ ਰੋਕਣ ਲਈ ਸਤਲੁਜ ਦਰਿਆ ਦਾ ਬੇੜੀਆਂ ਵਾਲਾ ਪੁਲ ਤੋੜ ਦਿੱਤਾ। ਅਸਲਾ-ਬਾਰੂਦ ਮੁੱਕਣ 'ਤੇ ਸਿੱਖ ਫ਼ੌਜਾਂ ਦਾ ਅੰਗਰੇਜ਼ਾਂ ਨੇ ਵੱਡਾ ਨੁਕਸਾਨ ਕੀਤਾ। ਲਾਲ ਸਿੰਘ ਤੇ ਤੇਜਾ ਸਿੰਘ ਨੇ ਕੌਮ ਨਾਲ ਹੋਰ ਗੱਦਾਰੀ ਕਰਦਿਆਂ ਅਸਲੇ ਦੀਆਂ ਜਿਹੜੀਆਂ ਪੇਟੀਆਂ ਲੜਾਈ ਦੇ ਮੈਦਾਨ ਵਿਚ ਭੇਜੀਆਂ ਗਈਆਂ ਸਨ, ਉਨ੍ਹਾਂ 'ਚ ਗੋਲੀ-ਸਿੱਕੇ ਦੀ ਬਜਾਏ ਰੇਤ ਤੇ ਸਰ੍ਹੋਂ ਨਿਕਲੀ। ਉੱਥੇ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਹੈ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। ਉਸ ਦਾ ਇਸ਼ਾਰਾ ਮਹਾਰਾਜਾ ਰਣਜੀਤ ਸਿੰਘ ਵੱਲ ਹੈ, ਜਿਸ ਦੇ ਜਿਊਂਦਿਆਂ ਫਿਰੰਗੀ ਪੰਜਾਬ ਦੀ ਧਰਤੀ 'ਤੇ ਪੈਰ ਧਰਨ ਤੋਂ ਵੀ ਕੰਬਦੇ ਸਨ। ਅਖ਼ੀਰ ਫਿਰੰਗੀ ਫ਼ੌਜਾਂ ਦੀਆਂ ਗੋਲੀਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਸਰੀਰ ਛਾਨਣੀ ਕਰ ਦਿੱਤਾ ਅਤੇ ਮੈਦਾਨ-ਏ-ਜੰਗ ਵਿਚ ਉਹ ਸ਼ਹਾਦਤ ਦਾ ਜਾਮ ਪੀ ਗਏ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਦੇ ਸਨਮਾਨ ਵਜੋਂ ਪਿੰਡ ਅਟਾਰੀ ਵਿਖੇ ਉਨ੍ਹਾਂ ਦੇ ਵਾਰਿਸਾਂ ਵੱਲੋਂ ਇਕ ਸ਼ਾਨਦਾਰ ਸਮਾਰਕ ਉਸਾਰਿਆ ਗਿਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਟਰੱਸਟ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 10 ਫਰਵਰੀ ਨੂੰ ਸਮਾਧਾਂ ਅਟਾਰੀ ਵਿਖੇ 172ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। •

# ਚੌਥਾ ਦਰਜਾ ਮੁਲਾਜ਼ਮਾਂ ਨੇ ਵਣਪਾਲ ਦਫਤਰ ਅੱਗੇ ਧਰਨਾ ਲਾਕੇ ਸ਼ੁਰੂ ਕੀਤਾ ਪੱਕਾ ਮੋਰਚਾ, ਅਧਿਕਾਰੀਆਂ ਵਲੋਂ 24 ਨੂੰ ਮੀਟਿੰਗ ਕਰਨ ਦਾ ਭੇਜਿਆ ਸੱਦਾ ਪੱਤਰ

**ਪਟਿਆਲਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਵਣਪਾਲ ਸਾਊਥ ਸਰਕਲ ਦਫਤਰ ਅੱਗੇ ਜੰਗਲਾਤ, ਜੰਗਲੀ ਜੀਵ ਅਤੇ ਜੰਗਲਾਤ ਨਿਗਮ ਵਿੱਚ ਲੰਮੇ ਸਮੇਂ ਤੋਂ ਲਗਾਤਾਰ ਬਤੌਰ ਡੇਲੀਵੇਜਿਜ਼ ਕੰਮ ਕਰ ਰਹੇ ਕਰਮੀਆਂ ਨੂੰ ਰੈਗੂਲਰ ਕਰਨ ਦੀ ਬਜਾਏ ਮਿਤੀ 15 ਜਨਵਰੀ ਤੋਂ ਕੰਮਾਂ ਤੋਂ ਫਾਰਗ ਕਰਨ ਦੇ ਰੋਸ ਵਜੋਂ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਸੀ। ਮੁਲਾਜਮ ਆਗੂਆਂ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਨੋਲੱਖਾ, ਰਾਮ ਲਾਲ ਰਾਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 2023 ਵਿੱਚ ਮੁਲਾਜਮਾਂ ਨੂੰ ਰੈਗੂਲਰ ਕਰਨ ਦੀ ਨੀਤੀ ਜਾਰੀ ਕੀਤੀ ਸੀ, ਇਸ ਨੀਤੀ ਤਹਿਤ ਵਿਭਾਗ ਵਲੋਂ ਸੀਨੀਆਰਤਾ ਸੂਚੀਆਂ ਤਿਆਰ ਕੀਤੀਆ ਜਾ ਰਹੀਆਂ ਹਨ। ਦੂਸਰੇ ਪਾਸੇ ਜੰਗਲਾਤ, ਜੰਗਲੀਜੀਵ, ਜੰਗਲਾਤ ਨਿਗਮ ਵਿਚੋਂ ਵੱਡੀ ਉਮਰ ਹੋਣ ਦਾ ਇਤਰਾਜ ਲਾ ਕੇ ਸੈਂਕੜੇ-




ਸੈਂਕੜੇ ਕਰਮੀਆਂ ਨੂੰ ਕੰਮਾਂ ਫਾਰਗ ਕੀਤਾ ਗਿਆ ਹੈ। ਇਹਨਾਂ ਆਗੂਆਂ ਨੇ ਕਿਹਾ ਕਿ ਫਾਰਗ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਜਾ ਰਿਹਾ, ਇਹਨਾਂ ਆਗੂਆਂ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦੇ ਵਲੋਂ ਆਏ ਫੈਸਲੇ 2013 ਅਤੇ ਜਾਰੀ ਜੱਜਮੈਂਟ 2016 ਦੀ ਰੋਸ਼ਨੀ ਵਿੱਚ ਗਰੈਚੂਟੀ ਐਕਟ 1972 ਅਨੁਸਾਰ ਦਿਹਾੜੀਦਾਰ ਕਰਮੀ ਨੂੰ ਕੰਮ ਤੋਂ ਫਾਰਗ ਕਰਨ ਤੋਂ ਪਹਿਲਾਂ ਘੱਟੋ—ਘੱਟ ਪੈਨਸ਼ਨ, ਗਰੈਚੂਟੀ ਅਤੇ ਹੋਰ ਲਾਭਾ ਦਿੱਤੇ ਜਾਣੇ ਬਣਦੇ ਹਨ। ਪਰੰਤੂ ਵਿਭਾਗ ਨੇ ਨਾਦਰਸ਼ਾਹੀ ਹੁਕਮ ਜਾਰੀ ਕਰਕੇ 25—25, 30—30 ਸਾਲਾ ਤੋਂ ਕੰਮ ਕਰ ਰਹੇ ਕਰਮਚਾਰੀਆਂ ਨੂੰ ਫਾਰਗ ਕਰ ਦਿੱਤਾ ਹੈ। ਜਿਹਨਾਂ ਨੇ ਆਪਣਾ ਜੀਵਨ ਨਿਗੁਣੀਆਂ ਉਜਰਤਾਂ ਤੇ ਜੰਗਲਾਤ ਤੇ ਇਸ ਨਰਸਰੀ ਦੀ ਸਾਂਭ ਸੰਭਾਲ ਤੇ ਲਾ ਦਿੱਤਾ ਹੈ। ਇਹਨਾ ਆਗੂਆਂ ਨੇ ਮਿਤੀ 13 ਫਰਵਰੀ 2024 ਨੂੰ ਵਣ ਮੰਤਰੀ ਵਲੋਂ ਨਿਗੁਣੀਆਂ ਉਜਰਤਾਂ ਤੇ ਵਣ ਭਵਨ ਮੋਹਾਲੀ ਵਿਖੇ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਇਹ ਨਿਰਦੇਸ਼ ਦਿੱਤੇ ਸਨ ਕਿ ਕੋਈ ਕਾਮਾ ਫਾਰਗ ਨਹੀਂ ਕੀਤਾ ਜਾਵੇਗਾ।

ਯੂਨੀਅਨ ਵਲੋਂ ਇੱਕ ਵਿਸ਼ਾਲ ਧਰਨਾ ਦੇਣ ਉਪਰੰਤ ਵਣਪਾਲ ਤੇ ਵਣ ਮੰਡਲ ਦਫਤਰ ਅੱਗੇ ਹੋਰ ਭਰਪੂਰ ਰੈਲੀ ਕੀਤੀ ਅਤੇ ਧਰਨਾ ਅਣਮਿੱਥੇ ਸਮੇਂ ਲਈ ਜਾਰੀ ਰੱਖਣ ਦਾ ਫੈਸਲਾ ਕੀਤਾ। ਇਸ ਮੌਕੇ ਤੇ ਵਣ ਮੰਡਲ ਦਫਤਰ ਵਲੋਂ ਮਿਤੀ 24 ਜਨਵਰੀ ਨੂੰ ਗੱਲਬਾਤ ਕਰਨ ਦਾ ਪੱਤਰ ਵੀ ਭੇਜਿਆ ਗਿਆ ਹੈ। ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਐਲਨ ਕੀਤਾ ਕਿ ਮਿਤੀ 25 ਅਤੇ 26 ਜਨਵਰੀ ਨੂੰ ਸੂਬੇ ਦੇ ਜਿਲਾ ਸਦਰ ਮੁਕਾਮਾ, ਸਮੂਹਕ ਭੁੱਖ ਹੜਤਾਲ, ਕਰਕੇ ਝੰਡਾ ਲਹਿਰਾਉਣ ਸਥਲ ਤੱਕ ਝੰਡਾ ਮਾਰਚ ਕੀਤਾ ਜਾਵੇਗਾ ਅਤੇ ਮਿਤੀ 19 ਫਰਵਰੀ ਨੂੰ ਵਣ ਭਵਨ ਮੁਹਾਲੀ ਵਿਖੇ ਮੁਜਾਹਰਾ ਕੀਤਾ ਜਾਵੇਗਾ।

ਹੋਰ ਜ਼ੋ ਵੱਖ—ਵੱਖ ਆਗੂ ਧਰਨੇ ਵਿੱਚ ਸ਼ਾਮਲ ਹੋਏ ਉਹਨਾਂ ਵਿੱਚ ਸਰਵ ਸ੍ਰੀ ਸ਼ਿਵ ਚਰਨ, ਤਰਲੋਚਨ ਮਾੜੂ, ਤਰਲੋਚਨ ਮੰਡੋਲੀ, ਬਲਵਿੰਦਰ ਨਾਭਾ, ਦਰਸ਼ਲ ਮਲੇਵਾਲ, ਚੰਦਰ ਭਾਨ, ਪਾਲਾ ਸਮਾਣਾ, ਭੀਮ ਭਾਦਸੋਂ, ਗੁਰਿੰਦਰ ਗੁਰੀ, ਸਬਦਲ, ਹਰਜਿੰਦਰ ਸਿੰਘ, ਨਾਜਰ ਸਿੰਘ, ਗਮਦੂਰ ਸੰਗਰੂਰ, ਨਛੱਤਰ ਲਾਛੜੂ, ਹਰਮੇਸ਼ ਮੋਗਾ, ਅਮਰੀਕ ਸਿੰਘ, ਪ੍ਰੀਤਮ ਚੰਦ ਠਾਕੁਰ, ਰਜਿੰਦਰ ਸਿੰਘ, ਸ਼ਾਮ ਸਿੰਘ, ਰਜਿੰਦਰ ਛਤਬੀੜ, ਬਲਬੀਰ ਸਿੰਘ, ਹਰੀ ਰਾਮ ਨਿੱਕਾ, ਪ੍ਰਕਾਸ਼ ਲੁਬਾਣਾ, ਗੁਰਪ੍ਰੀਤ ਸਿੰਘ, ਵਿਕਰਮ, ਸੁਖਦੇਵ ਸਿੰਘ, ਕਰਮਾ ਨਾਭਾ ਆਦਿ ਹਾਜਰ ਸਨ।

# ਪਟਿਆਲਾ ਸੰਸਦੀ ਹਲਕੇ 'ਚ ਅਕਾਲੀ ਦਲ ਕਰੇਗਾ ਪੰਜ ਲੱਖ ਮੈਂਬਰਾਂ ਦੀ ਭਰਤੀ: ਸ਼ਰਮਾ

## ਗੁਰਪ੍ਰਤਾਪ ਸਿੰਘ ਵਡਾਲਾ ਪਾਰਟੀ 'ਚੋਂ ਕੱਢੇ ਹੋਏ ਆਗੂ: ਰਾਜੂ ਖੰਨਾ

**ਪਟਿਆਲਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਸ਼੍ਰੋਮਣੀ ਅਕਾਲੀ ਦਲ ਨੇ ਪਟਿਆਲਾ ਸੰਸਦੀ ਹਲਕੇ ਵਿੱਚ ਪਾਰਟੀ ਦੇ 5 ਲੱਖ ਮੈਂਬਰਾਂ ਦੀ ਭਰਤੀ ਕਰਨ ਦੀ ਟੀਚਾ ਮਿੱਥਿਆ ਹੈ।' ਇਹ ਪ੍ਰਗਟਾਵਾ ਪਾਰਟੀ ਦੇ ਸੰਸਦੀ ਹਲਕੇ ਦੇ ਇੰਚਾਰਜ-ਕਮ-ਆਬਜ਼ਰਵਰ ਐੱਨ ਕੇ ਸ਼ਰਮਾ ਨੇ ਕੀਤਾ। ਉਨ੍ਹਾਂ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਪਾਰਟੀ ਦੇ ਕੌਮੀ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਸਮੇਤ ਦਲ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਅਮਿਤ ਰਾਠੀ ਤੇ ਪਟਿਆਲਾ ਸ਼ਹਿਰੀ ਹਲਕੇ ਦੇ ਇੰਚਾਰਜ ਅਮਰਿੰਦਰ ਸਿੰਘ ਬਜਾਜ (ਸਾਬਕਾ ਮੇਅਰ) ਨੂੰ ਨਾਲ ਲੈ ਕੇ ਪਾਰਟੀ ਦੀ ਭਰਤੀ ਮੁਹਿੰਮ ਦਾ ਆਗਾਜ਼ ਵੀ ਕੀਤਾ। ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ ਵੀ ਵਿਸ਼ੇਸ਼ ਤੌਰ 'ਤੇ ਨਾਲ ਰਹੇ। ਯਾਦ ਰਹੇ ਕਿ ਐਤਕੀ ਲੋਕ ਸਭਾ ਚੋਣਾ ਦੌਰਾਨ ਪਟਿਆਲਾ ਤੋਂ ਐੱਨ.ਕੇ ਸ਼ਰਮਾ ਨੇ ਹੀ ਅਕਾਲੀ ਉਮੀਦਵਾਰ ਵਜੋਂ ਚੋਣ ਲੜੀ ਹੈ। ਇਸ ਮੌਕੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਰਮਾ ਨੇ ਕਿਹਾ ਕਿ ਇਸ ਭਰਤੀ ਸਬੰਧੀ ਸਮੂਹ ਹਲਕਾ ਇੰਚਾਰਜਾਂ ਅਤੇ ਹੋਰ ਸੀਨੀਅਰ ਆਗੂਆਂ ਸਮੇਤ ਵਰਕਰਾਂ ਨੂੰ ਵੀ ਭਰਤੀ ਲਈ ਪਰਚੀਆਂ ਦਿੱਤੀਆਂ ਗਈਆਂ ਹਨ। ਇਹ ਭਰਤੀ ਮੁਹਿੰਮ 20 ਫਰਵਰੀ ਨੂੰ ਸੰਪੰਨ ਹੋਵੇਗੀ। ਇਸੇ ਦੌਰਾਨ ਸ਼ਹਿਰੀ ਜਿਲ੍ਹਾ ਪ੍ਰਧਾਨ ਅਮਿਤ ਰਾਠੀ ਤੇ ਹਲਕਾ ਇੰਚਾਰਜ ਅਮਰਿੰਦਰ ਸਿੰਘ ਬਜਾਜ ਨੇ ਦੱਸਿਆ ਕਿ ਪਾਰਟੀ ਮੈਂਬਰ ਬਣਨ ਵਾਸਤੇ 10 ਰੁਪਏ ਦੀ ਪਰਚੀ ਕਟਵਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ, ਯੂਥ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਲੰਗ ਤੇ ਸਨੌਰ ਦੇ ਆਗੂ ਕ੍ਰਿਸ਼ਨ ਸਿੰਘ ਸਨੌਰ ਨੇ ਕਿਹਾ ਕਿ ਭਰਤੀ ਸਬੰਧੀ ਲੋਕਾਂ 'ਚ ਭਾਰੀ ਉਤਸ਼ਾਹ ਹੈ।


ਭਰਤੀ ਮੁਹਿੰਮ ਦੀ ਸ਼ੁਰੂਆਤ ਮੌਕੇ ਸਹਾਇਕ ਅਬਜ਼ਰਵਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਹੋਰ ਆਗੂ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੱਤ ਮੈਂਬਰੀ ਕਮੇਟੀ ਗਠਿਤ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਕਰਨ ਦੇ ਦਿੱਤੇ ਆਦੇਸ਼ਾਂ ਦੇ ਬਾਵਜੂਦ ਭਰਤੀ ਸ਼ੁਰੂ ਕਰਨ ਬਾਰੇ ਪੁੱਛੇ ਜਾਣ 'ਤੇ ਸ੍ਰੀ ਰਾਜੂ ਖੰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕੋ-ਇੱਕ ਪਾਰਟੀ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਚੱਲਦੀ ਹੈ। ਸੱਤ ਮੈਂਬਰੀ ਕਮੇਟੀ 'ਚ 5 ਮੈਂਬਰ ਤਾਂ ਸ਼ਾਮਲ ਹੀ ਹਨ ਜਦੋਂਕਿ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਪਾਰਟੀ 'ਚੋ ਬਾਹਰ ਕੱਢਿਆ ਹੋਇਆ ਹੈ। ਜੇਕਰ ਵਡਾਲਾ ਨੇ ਸ਼ਾਮਲ ਹੋਣਾ ਤਾਂ ਉਹ ਪਾਰਟੀ ਦੀ ਅਨੁਸ਼ਾਸਨ ਕਮੇਟੀ ਕੋਲ ਪੇਸ਼ ਹੋ ਕੇ ਆਉਣ। ਇੱਕ ਹੋਰ ਬੀਬੀ ਸਤਵੰਤ ਕੌਰ ਐਸਜੀਪੀਸੀ ਦੇ ਮੁਲਾਜ਼ਮ ਹਨ। ਇਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੂੰ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਗਿਆ ਸੀ। ਜਥੇਦਾਰ ਸਾਹਿਬ ਵੱਲੋਂ ਤਾਂ ਭਰਤੀ ਮੁਹਿੰਮ ਦੀ ਸ਼ਲਾਘਾ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਮੈਂਬਰਸ਼ਿਪ ਭਰਤੀ ਦੀ ਸ਼ੁਰੂਆਤ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਜ਼ਿਲ੍ਹਾ ਸੰਗਰੂਰ 'ਚ ਮੈਂਬਰਸ਼ਿਪ ਭਰਤੀ ਲਈ ਨਿਯੁਕਤ ਕੀਤੇ ਦੋ ਅਬਜ਼ਰਵਰਾਂ ਵਿੱਚੋਂ ਅੱਜ ਸਹਾਇਕ ਅਬਜ਼ਰਵਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਵੱਲੋਂ ਭਰਤੀ ਦੀ ਰਸਮੀ ਸ਼ੁਰੂਆਤ ਕੀਤੀ ਗਈ। ਭਰਤੀ ਲਈ ਪ੍ਰਮੁੱਖ ਅਬਜ਼ਰਬਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਕਿਸੇ ਕਾਰਨ ਨਹੀਂ ਪੁੱਜੇ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਅਤੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ ਵੀ ਮੌਜੂਦ ਸਨ।

ਭਰਤੀ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਸਥਾਨਕ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਅਰਦਾਸ ਕੀਤੀ ਗਈ। ਰਸਮੀ ਸ਼ੁਰੂਆਤ ਕਰਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਹਾਇਕ ਅਬਜ਼ਰਵਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਮੁਹਿੰਮ ਸ਼ੁਰੂ ਹੋ ਗਈ ਹੈ ਜੋ ਕਿ 20 ਫਰਵਰੀ ਤੱਕ ਜਾਰੀ ਰਹੇਗੀ ਅਤੇ 1 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਹੋਵੇਗੀ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਭਰਤੀ ਹਲਕਾ, ਬਲਾਕ, ਸਰਕਲ ਅਤੇ ਵਾਰਡ ਪੱਧਰ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਭਰਤੀ ਨੇ ਜਿਥੇ ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਧਾਨ ਦੇਣਾ ਹੈ ਉਥੇ ਸੰਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਰਕਾਰ ਬਣਾਉਣ 'ਚ ਵੀ ਅਹਿਮ ਭੂਮਿਕਾ ਹੋਵੇਗੀ। ਭਰਤੀ ਮੁਹਿੰਮ ਦੀ ਸ਼ੁਰੂਆਤ ਮੌਕੇ ਪਾਰਟੀ ਦੇ ਜ਼ਿਲ੍ਹਾ ਅਬਜ਼ਰਵਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਗੈਰਹਾਜ਼ਰੀ ਬਾਰੇ ਪੁੱਛੇ ਜਾਣ 'ਤੇ ਰਾਜੂ ਖੰਨਾ ਨੇ ਕਿਹਾ ਕਿ ਭਾਈ ਲੌਂਗੋਵਾਲ ਆਪਣੀ ਬੇਟੀ ਦੇ ਬਿਮਾਰ ਹੋਣ ਕਾਰਨ ਨਹੀਂ ਪੁੱਜ ਸਕੇ।

ਇਸ ਮੌਕੇ ਰਾਜਿੰਦਰ ਦੀਪਾ ਹਲਕਾ ਸੁਨਾਮ, ਗੁਲਜ਼ਾਰ ਸਿੰਘ ਮੂਨਕ ਹਲਕਾ ਦਿੜਬਾ, ਗੁਰਲਾਲ ਸਿੰਘ ਫਤਹਿਗੜ੍ਹ, ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ ਵਿਰਕ, ਰਾਵਿੰਦਰ ਸਿੰਘ ਚੀਮਾਂ, ਇਕਬਾਲਜੀਤ ਸਿੰਘ ਪੂਨੀਆਂ, ਜੋਗਾ ਸਿੰਘ ਫੱਗੂਵਾਲਾ, ਜਤਿੰਦਰ ਸਿੰਘ ਵਿੱਕੀ, ਬੰਟੀ ਮੰਗਵਾਲ, ਸੁਖਦੇਵ ਸਿੰਘ ਬਰਾੜ, ਨਰੇਸ਼ ਕੁਮਾਰ ਆਦਿ ਮੌਜੂਦ ਸਨ।

# ਗ੍ਰਹਿ ਮੰਤਰੀ ਸ਼ਾਹ ਮੁਆਫ਼ੀ ਮੰਗਣ ਜਾਂ ਅਸਤੀਫ਼ਾ ਦੇਣ: ਹੈਰੀਮਾਨ

## ਡਾ. ਅੰਬੇਡਕਰ ਖ਼ਿਲਾਫ਼ ਟਿੱਪਣੀ ਖ਼ਿਲਾਫ਼ ਕਾਂਗਰਸੀ ਆਗੂਆਂ ਵੱਲੋਂ ਰੋਸ ਮਾਰਚ

**ਦੇਵੀਗੜ੍ਹ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਭੀਮ ਰਾਓ ਅੰਬੇਡਕਰ ਖ਼ਿਲਾਫ਼ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਟਿੱਪਣੀ ਕਰਨ 'ਤੇ ਆਲ ਇੰਡੀਆ ਕਾਂਗਰਸ ਦੇ ਸੱਦੇ 'ਤੇ ਹਲਕਾ ਸਨੌਰ ਦੇ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ ਦੀ ਅਗਵਾਈ ਵਿੱਚ ਕਸਬਾ ਦੇਵੀਗੜ੍ਹ ਵਿੱਚ ਧਰਨਾ ਦਿੱਤਾ ਗਿਆ ਤੇ ਬਾਅਦ ਵਿੱਚ ਦੇਵੀਗੜ੍ਹ ਦੇ ਬਾਜ਼ਾਰਾਂ ਵਿੱਚ ਰੋਸ ਮਾਰਚ ਕੀਤਾ ਗਿਆ। ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਹਲਕਾ ਸਨੌਰ ਦੇ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ ਨੇ ਕਿਹਾ ਕਿ ਦੇਸ਼ ਦੀ ਭਾਜਪਾ ਸਰਕਾਰ ਦੇ ਰਾਜ ਵਿੱਚ ਅਮਨ- ਕਾਨੂੰਨ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਜੇਕਰ ਗਰੀਬ, ਦੱਬੇ ਕੁਚਲੇ ਲੋਕਾਂ ਨੂੰ ਬਚਾਅ ਰਿਹਾ ਹੈ ਅਤੇ ਉਨ੍ਹਾਂ ਨੂੰ ਬਰਾਬਰੀ ਦਾ ਅਧਿਕਾਰ ਮਿਲ ਰਿਹਾ ਹੈ ਤਾਂ ਇਹ ਡਾ. ਭੀਮ ਰਾਓ ਅੰਬੇਡਕਰ ਦੀ ਹੀ ਦੇਣ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ, ਅਮਿਤ ਸ਼ਾਹ ਅਤੇ ਭਾਜਪਾ ਖਿਲਾਫ਼ ਇਹ ਪ੍ਰਦਰਸ਼ਨ ਉਦੋਂ ਤੱਕ ਚੱਲਦੇ ਰਹਿਣਗੇ ਜਦੋਂ ਤੱਕ ਉਹ 140 ਕਰੋੜ ਦੇ ਕਰੀਬ ਭਾਰਤੀਆਂ ਤੋਂ ਮੁਆਫ਼ੀ ਨਹੀਂ ਮੰਗਦੇ ਜਾਂ ਅਮਿਤ ਸ਼ਾਹ ਅਸਤੀਫ਼ਾ ਨਹੀਂ ਦੇ ਦਿੰਦੇ। ਇਸ ਮੌਕੇ ਬੱਸ ਸਟੈਂਡ ਦੇਵੀਗੜ੍ਹ ਤੋਂ ਅਨਾਜ ਮੰਡੀ ਤੱਕ ਰੋਸ ਮਾਰਚ ਵੀ ਕੱਢਿਆ ਗਿਆ।



ਕਾਂਗਰਸੀ ਆਗੂ ਤੇ ਕਾਰਕੁਨ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਸ਼ਾਹ ਖ਼ਿਲਾਫ਼ ਰੋਸ ਪ੍ਰਗਟਾਉਂਦੇ ਹੋਏ।

ਇਸ ਮਾਰਚ ਵਿੱਚ ਸੀਨੀਅਰ ਕਾਂਗਰਸੀ ਆਗੂ ਜੋਗਿੰਦਰ ਸਿੰਘ ਕਾਕੜਾ, ਬਲਾਕ ਕਾਂਗਰਸ ਕਮੇਟੀ ਭੁਨਰਹੇੜੀ ਦੇ ਪ੍ਰਧਾਨ ਹਰਵੀਰ ਸਿੰਘ ਥਿੰਦ, ਅਸ਼ਵਨੀ ਬੱਤਾ, ਸਾਬਕਾ ਚੇਅਰਮੈਨ ਜੀਤ ਸਿੰਘ ਮੀਰਾਂਪੁਰ, ਸੁਖਦੇਵ ਸਿੰਘ ਮੀਰਾਂਪੁਰ, ਕਰਮਜੀਤ ਸਿੰਘ ਈਸਰਹੇੜੀ, ਦੇਬਣ ਹਾਜ਼ੀਪੁਰ ਸਾਬਕਾ ਸਰਪੰਚ, ਅਰਸ਼ ਮੱਲ, ਗੁਰਨਾਮ ਸਿੰਘ ਮਸੀਂਗਣ, ਜਰਨੈਲ ਸਿੰਘ ਚੂਹਟ, ਸੁਰਿੰਦਰ ਸਿੰਘ ਸਵਾਈ ਸਿੰਘ ਵਾਲਾ, ਗੁਰਨਾਮ ਸਿੰਘ ਸਾਬਕਾ ਸਰਪੰਚ ਮਸੀਂਗਣ, ਸੋਨੀ ਨਿਜਾਮਪੁਰ, ਡਾ. ਰਣਜੀਤ ਸਿੰਘ ਸੰਧੂ, ਹਰਦੀਸ਼ ਸਿੰਘ ਬ੍ਰਹਮਪੁਰ, ਸ਼ੈਲੀ ਭਾਂਖਰ, ਸੁੱਖਾ ਖਤੌਲੀ ਅਤੇ ਸੁਖਵਿੰਦਰ ਸਿੰਘ ਭੋਲਾ ਛੰਨਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਹਾਜਰ ਸਨ। ਕਾਂਗਰਸ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਡਾ. ਅੰਬੇਡਕਰ ਬਾਰੇ ਵਰਤੀ ਗਈ ਮਾੜੀ ਸ਼ਬਦਾਵਲੀ ਵਿਰੁੱਧ ਬਲਾਕ ਧੂਰੀ ਵਿੱਚ 'ਜੈ ਬਾਪੂ ਜੈ ਭੀਮ ਜੈ ਸੰਵਿਧਾਨ' ਮੁਹਿੰਮ ਨੂੰ ਜਾਰੀ ਰੱਖਦਿਆਂ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦੇ ਨਾਲ ਰੈਲੀ ਕੱਢੀ ਗਈ। ਇਸ ਮੌਕੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰਪਾਲ ਸਿੰਘ ਸਿਵੀਆਂ ਤੇ ਯੂਥ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਨੇ ਕਿਹਾ ਭਾਜਪਾ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅਮਿਤ ਸ਼ਾਹ ਦਾ ਅਸਤੀਫ਼ਾ ਲਿਆ ਜਾਵੇ ਤੇ ਉਨ੍ਹਾਂ ਨੂੰ ਕੇਂਦਰੀ ਕੈਬਨਿਟ ਵਿੱਚੋਂ ਬਾਹਰ ਕੀਤਾ ਜਾਵੇ। ਇਸ ਮੌਕੇ ਤਰਸੇਮ ਤਲਵਾੜ, ਧਰਮਪਾਲ ਬਾਂਸਲ, ਲਖਵੀਰ ਬਮਾਲ, ਸਤੀਸ਼ ਕੁਮਾਰ, ਬਲਵਿੰਦਰ ਸ਼ਰਮਾ, ਗਿਆਨ ਸਿੰਘ, ਹੈਪੀ ਗਰਗ, ਰਾਜਿੰਦਰ ਕੁਮਾਰ ਤੇ ਕਈ ਹੋਰ ਆਗੂ ਹਾਜ਼ਰ ਸਨ।

# ਪਿੰਡ ਬੂਹੀ ਵਾਸੀਆਂ ਨੇ ਦੋ ਲੁਟੇਰੇ ਪੁਲਿਸ ਹਵਾਲੇ ਕੀਤੇ


ਪੁਲੀਸ ਕੋਲੋਂ ਬਾਕੀ ਕਥਿਤ ਦੋਸ਼ੀਆਂ ਨੂੰ ਫੜਨ ਦੀ ਮੰਗ ਕਰਦੇ ਹੋਏ ਪਿੰਡ ਬੂਹੀ ਦੇ ਵਸਨੀਕ।

**ਨਾਭਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੂਹੀ ਦੇ ਵਸਨੀਕਾਂ ਨੇ ਦੇਰ ਰਾਤ ਕਥਿਤ ਲੁੱਟਾਂ-ਖੋਹਾਂ ਕਰਨ ਵਾਲੇ ਦੋ ਲੜਕਿਆਂ ਨੂੰ ਦਬੋਚ ਲਿਆ ਤੇ ਪੁਲੀਸ ਹਵਾਲੇ ਕਰ ਦਿੱਤਾ। ਉਨ੍ਹਾਂ ਕੋਲ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਪਿੰਡ ਦੇ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਪ੍ਰਧਾਨ ਦਲਬੀਰ ਸਿੰਘ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਰਾਤ 8-9 ਜਣਿਆਂ ਦੇ ਇੱਕ ਹਥਿਆਰਾਂ ਨਾਲ ਲੈਸ ਗਰੋਹ ਨੇ ਇੱਕ ਪਿੰਡ ਵਾਸੀ ਤੋਂ ਗੱਡੀ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪਿੰਡ ਵਾਸੀਆਂ ਦੀ ਮੁਸਤੈਦੀ ਕਾਰਨ ਦੋ ਜਣੇ ਪਿੰਡ ਵਾਸੀਆਂ ਦੇ ਕਾਬੂ ਆ ਗਏ ਜਦਕਿ ਬਾਕੀ ਜਣੇ ਭੱਜ ਗਏ। ਹਾਲਾਂਕਿ ਇਸ ਦੌਰਾਨ ਤੇਜ਼ਧਾਰ ਹਥਿਆਰਾਂ ਦੇ ਵਾਰ ਕਾਰਨ ਦੋ ਪਿੰਡ ਵਾਸੀ ਮਾਮੂਲੀ ਜ਼ਖ਼ਮੀ ਵੀ ਹੋਏ।

ਪਿੰਡ ਵਾਸੀ ਜਗਸੀਰ ਨੇ ਥਾਣੇ ਵਿੱਚ ਦੱਸਿਆ ਕਿ ਇਨ੍ਹਾਂ ਮੁੰਡਿਆਂ ਨੇ ਤਿੰਨ ਦਿਨ ਪਹਿਲਾਂ ਉਸ ਕੋਲੋਂ ਗਰਦਨ 'ਤੇ ਹਥਿਆਰ ਰੱਖ ਕੇ ਮੋਬਾਈਲ ਅਤੇ ਇੱਕ ਹਜ਼ਾਰ ਰੁਪਏ ਲੁੱਟੇ ਸਨ ਤੇ ਪਿਛਲੇ ਦਿਨੀਂ ਵੀ ਕਿਸੇ ਕੋਲੋਂ ਮੋਟਰਸਾਈਕਲ ਖੋਹਿਆ ਸੀ। ਫੜੇ ਗਏ ਨੌਜਵਾਨ ਭਵਾਨੀਗੜ੍ਹ ਦੇ ਪਿੰਡ ਡੇਲੇਵਾਲ ਦੇ ਵਸਨੀਕ ਦੱਸੇ ਜਾ ਰਹੇ ਹਨ।

ਉਨ੍ਹਾਂ ਨੇ ਦੱਸਿਆ ਕਿ ਬਾਕੀ ਗਰੋਹ ਦੇ ਮੈਂਬਰ ਭਵਾਨੀਗੜ੍ਹ ਅਤੇ ਭੜੋ ਪਿੰਡ ਤੋਂ ਹਨ। ਪਿੰਡ ਵਾਸੀ ਕਾਰਵਾਈ ਕਰਵਾਉਣ ਲਈ ਇਕੱਠੇ ਹੋ ਕੇ ਰਾਤ ਪੁਲੀਸ ਨਾਲ ਥਾਣੇ ਗਏ ਜਿੱਥੇ ਫੜੇ ਨੌਜਵਾਨਾਂ ਨੂੰ ਛੁਡਵਾਉਣ ਆਏ ਪਿੰਡ ਡੇਲੇਵਾਲ ਦੇ ਮੋਹਤਬਰਾਂ ਨਾਲ ਵੀ ਬੂਹੀ ਪਿੰਡ ਵਾਸੀਆਂ ਦੀ ਕਾਫੀ ਬਹਿਸ ਹੋਈ ਪਰ ਪੁਲੀਸ ਨੇ ਦੋਵੇਂ ਧਿਰਾਂ ਨੂੰ ਸਵੇਰ ਤੱਕ ਦਾ ਭਰੋਸਾ ਦੇ ਕੇ ਘਰ ਭੇਜ ਦਿੱਤਾ ਸੀ। ਅੱਜ ਫਿਰ ਹੋਰ ਕਥਿਤ ਦੋਸ਼ੀਆਂ ਨੂੰ ਫੜਨ ਦਾ ਦਬਾਅ ਬਣਾਉਣ ਲਈ ਸੈਂਕੜੇ ਬੂਹੀ ਪਿੰਡ ਵਾਸੀ ਥਾਣੇ ਪਹੁੰਚੇ।

ਸਦਰ ਥਾਣਾ ਦੇ ਐੱਸਐੱਚਓ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਰਾਤ ਸਮੇਂ ਪਿੰਡ ਵਾਸੀਆਂ ਨੇ ਦੋ ਮੁੰਡੇ ਹਥਿਆਰਾਂ ਨਾਲ ਪੁਲੀਸ ਦੇ ਸਪੁਰਦ ਕੀਤੇ ਸਨ ਤੇ ਪੁਲੀਸ ਵੱਲੋਂ ਸਾਰੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪੁਸਤਕ 'ਹੇਮਕੁੰਟ ਪਰਬਤ ਹੈ ਜਹਾਂ' ਰਿਲੀਜ਼; ਵੱਖ-ਵੱਖ ਸੂਬਿਆਂ ਤੋਂ ਆਏ ਸੌ ਤੋਂ ਵੱਧ ਲੇਖਕਾਂ ਨੇ ਰਚਨਾਵਾਂ ਪੜ੍ਹੀਆਂ



**ਪਟਿਆਲਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਤ ਕਲਸ਼ ਸੰਸਥਾ ਪਟਿਆਲਾ ਵੱਲੋਂ ਪ੍ਰਭਾਤ ਪਰਵਾਨਾ ਆਡੀਟੋਰੀਅਮ ਪਟਿਆਲਾ ਵਿੱਚ ਪੁਸਤਕ ਲੋਕ ਅਰਪਣ, ਸਨਮਾਨ ਸਮਾਗਮ ਅਤੇ ਕਵੀ ਸੰਮੇਲਨ ਕਰਵਾਇਆ ਗਿਆ। ਸਾਹਿਤ ਕਲਸ਼ ਪਬਲੀਕੇਸ਼ਨਜ਼ ਦੇ ਸੰਜੇ ਸਾਗਰ ਸੂਦ ਦੀ ਰਹਿਨੁਮਾਈ ਹੇਠ ਹੋਏ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੁਸ਼ਮਾ ਗੁਪਤਾ ਸਹਾਇਕ ਡਾਇਰੈਕਟਰ ਦੂਰਦਰਸ਼ਨ ਜਲੰਧਰ, ਸੋਹਣ ਕੁਮਾਰ ਪ੍ਰੋਗਰਾਮ ਕਾਰਜਕਾਰੀ ਆਕਾਸ਼ਵਾਣੀ ਜਲੰਧਰ, ਅਸ਼ੋਕ ਕੁਮਾਰ ਸਾਹਿਤਕਾਰ ਅਤੇ ਰੇਡੀਓ ਜੌਕੀ, ਵਿਸ਼ੇਸ਼ ਮਹਿਮਾਨ ਵਜੋਂ ਇੰਦਰਜੀਤ ਚੋਪੜਾ, ਲੇਖਕ ਅਤੇ ਸ਼ਾਇਰ ਤਰਲੋਕ ਸਿੰਘ ਢਿੱਲੋਂ, ਪਵਨ ਗੋਇਲ, ਮੀਨੂੰ ਸੁਖਮਨ ਅਤੇ ਰਾਕੇਸ਼ ਬੈਂਸ ਨੇ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੇ ਇੰਜ. ਸਤਨਾਮ ਸਿੰਘ ਮੱਟੂ ਵੱਲੋਂ ਲਿਖੀ ਪੁਸਤਕ 'ਹੇਮਕੁੰਟ ਪਰਬਤ ਹੈ ਜਹਾਂ' ਰਿਲੀਜ਼ ਕੀਤੀ। ਸਾਹਿਤ ਕਲਸ਼ ਪਬਲੀਕੇਸ਼ਨਜ਼ ਪਟਿਆਲਾ ਵੱਲੋਂ ਪ੍ਰਕਾਸ਼ਿ?ਤ ਕੀਤੀ ਗਈ ਇਸ ਪੁਸਤਕ ਵਿੱਚ ਪਟਿਆਲਾ ਤੋਂ ਉੱਤਰਾਖੰਡ ਸੂਬੇ ਦੇ ਜ਼ਿਲ੍ਹਾ ਚਮੋਲੀ ਵਿੱਚ ਸਥਿਤ ਦੁਨੀਆ ਦੇ ਸਭ ਤੋਂ ਵੱਧ ਉਚਾਈ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੱਕ ਦੇ ਸਫ਼ਰ ਦਾ ਵਰਣਨ ਕੀਤਾ ਗਿਆ ਹੈ। ਇਸ ਸਬੰਧੀ ਲੇਖਕ ਅਤੇ ਸ਼ਾਇਰ ਤਰਲੋਕ ਸਿੰਘ ਢਿੱਲੋਂ ਅਤੇ ਸ਼ਾਇਰ ਸੁਖਮਿੰਦਰ ਸੇਖੋਂ ਨੇ ਕਿਹਾ ਕਿ ਇਸ ਪੁਸਤਕ ਵਿੱਚ ਸਥਿਤ ਗੁਰਦੁਆਰਿਆਂ ਬਾਬਤ ਇਤਿਹਾਸਕ ਜਾਣਕਾਰੀ ਦੇ ਨਾਲ-ਨਾਲ ਭੂਗੋਲਿਕ ਸਥਿਤੀਆਂ ਅਤੇ ਪਰਿਸਥਿਤੀਆਂ, ਹਰਿਦੁਆਰ, ਰਿਸ਼ੀਕੇਸ਼, ਪ੍ਰਯਾਗਾਂ, ਚਮੋਲੀ, ਜੋਸ਼ੀ ਮੱਠ ਤੇ ਪਾਂਡੂਕੇਸ਼ਵਰ ਆਦਿ ਸਥਿਤ ਮੰਦਰਾਂ ਬਾਰੇ ਵੀ ਖ਼ੂਬਸੂਰਤ ਵਿਖਿਆਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਰਸਤੇ ਵਿੱਚ ਸਥਿਤ ਪੰਜ ਪ੍ਰਯਾਗਾਂ ਦੀ ਸਥਿਤੀ, ਧਾਰਮਿਕ ਮਹੱਤਤਾ ਤੇ ਕੁਦਰਤੀ ਸੁੰਦਰਤਾ ਨੂੰ ਬਾਕਮਾਲ ਬਿਆਨ ਕੀਤਾ ਗਿਆ ਹੈ। ਇਸ ਮੌਕੇ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਤੋਂ ਆਏ 100 ਤੋਂ ਵੱਧ ਲੇਖਕਾਂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਦਿੱਤੀ।

# ਲਾਪਤਾ ਨੌਜਵਾਨ ਦੀ ਲਾਸ਼ ਦੋਸਤ ਦੇ ਘਰੋਂ ਮਿਲੀ

**ਸਮਾਣਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿੰਨ ਦਿਨਾਂ ਤੋਂ ਲਾਪਤਾ ਨੌਜਵਾਨ ਦੀ ਮੌਤ ਕਥਿਤ ਤੌਰ 'ਤੇ ਨਸ਼ੇ ਦੀ ਜ਼ਿਆਦਾ ਡੋਜ਼ ਲੈਣ ਕਾਰਨ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਲਾਸ਼ ਨੇੜਲੇ ਪਿੰਡ ਬ੍ਰੰਮਣਾ ਸਥਿਤ ਉਸ ਦੇ ਦੋਸਤ ਦੇ ਘਰੋਂ ਮਿਲੀ ਹੈ। ਸਦਰ ਪੁਲੀਸ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਸ਼ੀਤਲ ਸਿੰਘ (24) ਦੇ ਪਿਤਾ ਰਣਧੀਰ ਸਿੰਘ ਵਾਸੀ ਪਿੰਡ ਗਾਜੇਵਾਸ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਨ੍ਹਾਂ ਦਾ ਪੁੱਤਰ ਪਿਛਲੇ ਤਿੰਨ ਦਿਨਾਂ ਤੋਂ ਲਾਪਤਾ ਸੀ। ਪੁਲੀਸ ਨੂੰ ਸੂਚਨਾ ਦੇਣ ਉਪਰੰਤ ਉਸ ਦੀ ਭਾਲ ਕੀਤੀ ਜਾ ਰਹੀ ਸੀ। ਭਾਲ ਦੌਰਾਨ ਉਸ ਦੀ ਲਾਸ਼ ਉਸ ਦੇ ਦੋਸਤ ਦੇ ਘਰੋਂ ਬੈੱਡ 'ਤੇ ਪਈ ਮਿਲੀ ਜਿਸ ਦੌਰਾਨ ਘਰ ਵਿੱਚ ਕੋਈ ਮੌਜੂਦ ਨਹੀਂ ਸੀ। ਗਾਜੇਵਾਸ ਪੁਲੀਸ ਨੇ ਮੌਕੇ 'ਤੇ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਕੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ।

ਪੁਲੀਸ ਅਧਿਕਾਰੀ ਅਨੁਸਾਰ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਮੁਤਾਬਕ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰਨ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲੀਸ ਅਧਿਕਾਰੀ ਨੇ ਸ਼ਰਾਬ ਜ਼ਿਆਦਾ ਪੀਣ ਨਾਲ ਜਾਂ ਠੰਢ ਲੱਗਣ ਕਾਰਨ ਮੌਤ ਹੋਣ ਸ਼ੱਕ ਜ਼ਾਹਰ ਕਰਦਿਆਂ ਕਿਹਾ ਕਿ ਮ੍ਰਿਤਕ ਦਾ ਬਿਸਰਾ ਜਾਂਚ ਲਈ ਲੈਬ ਭੇਜਿਆ ਜਾ ਰਿਹਾ ਹੈ। ਪੋਸਟਮਾਰਟਮ ਰਿਪੋਰਟ ਉਪਰੰਤ ਮਾਮਲੇ 'ਚ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਲੁੱਟ-ਖੋਹ ਕਰਨ ਵਾਲੇ ਚਾਰ ਵਿਅਕਤੀ ਗ੍ਰਿਫ਼ਤਾਰ


ਮੁਲਜ਼ਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਐੱਸਐੱਚਓ ਬਲਵਿੰਦਰ ਸਿੰਘ।

**ਰਾਜਪੁਰਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਸਿਟੀ ਪੁਲੀਸ ਰਾਜਪੁਰਾ ਨੇ ਲੁੱਟ-ਖੋਹ ਦੀਆਂ ਵਾਰਦਾਤਾਂ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤੇ 3 ਏ ਸੀ, ਅੱਖਾਂ ਵਿੱਚ ਮਿਰਚਾਂ ਪਾ ਕੇ ਖੋਹੀ ਐਕਟਿਵਾ ਤੇ ਇੱਕ ਸੂਟਕੇਸ ਬਰਾਮਦ ਕੀਤਾ ਹੈ। ਐਸਐਚਓ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਸਾਗਰ, ਸਿਕੰਦਰ, ਸਲੀਮ ਖ਼ਾਨ ਵਾਸੀਆਂ ਢੇਹਾ ਬਸਤੀ ਮਿਰਚ ਮੰਡੀ ਅਤੇ ਸਚਿਨ ਕੁਮਾਰ ਵਜੋਂ ਹੋਈ ਹੈ। ਕਥਿਤ ਦੋਸ਼ੀਆਂ ਨੂੰ ਕਾਬੂ ਕਰ ਕੇ ਇਨ੍ਹਾਂ ਪਾਸੇ 3 ਏਸੀ ਬਰਾਮਦ ਕੀਤੇ ਗਏ ਹਨ ਜਿਸ ਸਬੰਧੀ ਥਾਣਾ ਸਿਟੀ ਰਾਜਪੁਰਾ ਵਿੱਚ ਪਹਿਲਾਂ ਹੀ ਕੇਸ ਦਰਜ ਸੀ ਹੈ।

ਉਨ੍ਹਾਂ ਦੱਸਿਆ ਕਿ ਬੀਤੇ ਸ਼ੁੱਕਰਵਾਰ ਸ਼ਾਮ ਵੇਲੇ ਅੱਖਾਂ ਵਿੱਚ ਮਿਰਚਾਂ ਪਾ ਕੇ ਖੋਹੀ ਐਕਟਿਵਾ ਨੰਬਰ ਪੀ.ਬੀ 39 ਕੇ 0759 ਰੰਗ ਕਾਲਾ ਸਮੇਤ ਬਰੀਫ ਕੇਸ ਵੀ ਗਸ਼ਤ ਦੌਰਾਨ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ ਜਿਨ੍ਹਾਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ, ਜਿਨ੍ਹਾਂ ਪਾਸੋਂ ਹੋਰ ਵੀ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ। ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਹਨ। ਮੁਲਜ਼ਮ ਸਾਗਰ ਖ਼ਿਲਾਫ਼ 7, ਸਿਕੰਦਰ ਦੇ ਖ਼ਿਲਾਫ਼ 6 ਤੇ ਸਲੀਮ ਖ਼ਾਨ ਦੇ ਖ਼ਿਲਾਫ਼ 2 ਕੇਸ ਦਰਜ ਹਨ।

# 'ਆਪ' ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਨਹੀਂ ਉਤਰੀ: ਕਾਲੂ

**ਪਟਿਆਲਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਕਾਂਗਰਸ ਪਟਿਆਲਾ ਸ਼ਹਿਰੀ ਮੁਖੀ ਐਡਵੋਕੇਟ ਅਭਿਨਵ ਸ਼ਰਮਾ ਨੇ ਇੱਥੇ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਦਾ ਸਨਮਾਨ ਕੀਤਾ। ਇਸ ਮੌਕੇ ਕਾਂਗਰਸੀ ਵਰਕਰਾਂ ਨੂੰ ਪਾਰਟੀ ਦੀਆਂ ਆਉਣ ਵਾਲੀਆਂ ਯੋਜਨਾਵਾਂ ਤੋਂ ਜਾਣੂ ਕਰਵਾਇਆ ਗਿਆ ਤੇ ਸਾਲ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵਿਰੋਧੀ ਪਾਰਟੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਲਈ ਵੀ ਕਿਹਾ ਗਿਆ।

ਇਸ ਮੌਕੇ ਸੰਜੀਵ ਸ਼ਰਮਾ ਕਾਲੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰ ਖੇਤਰ ਵਿੱਚ ਅਸਫ਼ਲ ਰਹੀ ਹੈ, ਜਿਸ ਕਾਰਨ ਹਾਲ ਹੀ ਵਿੱਚ ਹੋਈਆਂ ਨਗਰ ਨਿਗਮ ਚੋਣਾਂ ਦੌਰਾਨ, ਆਮ ਆਦਮੀ ਪਾਰਟੀ ਨੇ ਨਾ ਸਿਰਫ਼ ਪਟਿਆਲਾ ਵਿੱਚ ਵਿਰੋਧੀ ਪਾਰਟੀ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਪਾੜ ਦਿੱਤੇ ਸਗੋਂ ਉਨ੍ਹਾਂ ਵਿਰੁੱਧ ਝੂਠੇ ਅਪਰਾਧਿਕ ਕੇਸ ਵੀ ਦਰਜ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ 92 ਵਿਧਾਇਕ ਬਣਾ ਕੇ ਪੰਜਾਬ ਸਰਕਾਰ ਨੂੰ ਸਰਕਾਰ ਬਣਾਉਣ ਵਿੱਚ ਮਦਦ ਕੀਤੀ, ਪਰ 'ਆਪ' ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ। ਉਨ੍ਹਾਂ ਕਿਹਾ ਕਿ ਆਗਾਮੀ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਸੰਤ ਬੰਗਾ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੇਵਕ ਸਿੰਘ ਝਿਲ ਸਾਬਕਾ ਐੱਮਸੀ, ਗੁਰਮੀਤ ਚੌਹਾਨ ਚੇਅਰਮੈਨ ਬੀਸੀ ਸੈੱਲ, ਰਿਧਮ ਸ਼ਰਮਾ, ਤਨੁਜ ਮੋਦੀ, ਹਨਦੀਪ ਖਰੌੜ, ਮਾਨਵ ਸੈਣੀ ਮੌਜੂਦ ਸਨ।

# ਬੱਸ ਹਾਦਸਾ: ਮ੍ਰਿਤਕਾਂ ਤੇ ਜ਼ਖ਼ਮੀਆਂ ਦੇ ਮੁਆਵਜ਼ੇ ਲਈ ਪੱਕਾ ਮੋਰਚਾ ਸ਼ੁਰੂ

**ਬਠਿੰਡਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਸ ਹਾਦਸੇ 'ਚ ਫ਼ੌਤ ਹੋਏ 3 ਬੀਬੀਆਂ ਅਤੇ 2 ਵਿਅਕਤੀਆਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦੁਆਉਣ ਲਈ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਅੱਜ ਫਿਰ ਡੀਸੀ ਦਫ਼ਤਰ ਅੱਗੇ ਬੇਮਿਆਦੀ ਧਰਨਾ ਸ਼ੁਰੂ ਕਰ ਦਿੱਤਾ। ਸੜਕ ਹਾਦਸਾ 4 ਜਨਵਰੀ ਨੂੰ ਹੰਢਿਆਇਆ (ਜ਼ਿਲ੍ਹਾ ਬਰਨਾਲਾ) ਵਿਖੇ ਵਾਪਰਿਆ ਸੀ। ਪਿੰਡ ਕੋਠਾਗੁਰੂ (ਜ਼ਿਲ੍ਹਾ ਬਠਿੰਡਾ) ਦੇ ਕਾਫੀ ਕਿਸਾਨ, ਕਿਸਾਨ ਮਹਾ ਪੰਚਾਇਤ 'ਚ ਸ਼ਾਮਲ ਹੋਣ ਲਈ ਟੋਹਾਣਾ (ਹਰਿਆਣਾ) ਜਾ ਰਹੇ ਸਨ ਕਿ ਰਸਤੇ 'ਚ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ 'ਚ ਕੋਠਾਗੁਰੂ ਦੀਆਂ 3 ਔਰਤਾਂ ਮੌਕੇ 'ਤੇ ਹੀ ਦਮ ਤੋੜ ਗਈਆਂ ਸਨ, ਜਦਕਿ 2 ਵਿਅਕਤੀਆਂ ਦੀ ਮੌਤ ਹਸਪਤਾਲਾਂ ਵਿੱਚ ਇਲਾਜ ਦੌਰਾਨ ਬਾਅਦ 'ਚ ਹੋਈ। ਮੁਆਵਜ਼ੇ ਲਈ ਉਗਰਾਹਾਂ ਜਥੇਬੰਦੀ ਨੇ 6 ਜਨਵਰੀ ਤੋਂ ਅੱਜ ਵਾਲੀ ਜਗ੍ਹਾ 'ਤੇ ਹੀ ਬੇਮਿਆਦੀ ਧਰਨਾ ਸ਼ੁਰੂ ਕੀਤਾ ਅਤੇ 10 ਜਨਵਰੀ ਨੂੰ ਮੁਲਤਵੀ ਕਰ ਦਿੱਤਾ ਸੀ। ਧਰਨਾਕਾਰੀਆਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਸ-ਦਸ ਲੱਖ ਰੁਪਏ ਮੁਆਵਜ਼ਾ, ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਅਤੇ ਪਰਿਵਾਰਾਂ ਸਿਰ ਚੜ੍ਹਿਆ ਪੂਰਾ ਕਰਜ਼ਾ ਮੁਆਫ਼ ਕਰਨ ਤੋਂ ਇਲਾਵਾ ਜ਼ਖ਼ਮੀਆਂ ਨੂੰ 5 ਲੱਖ ਅਤੇ ਘੱਟ ਜ਼ਖ਼ਮੀਆਂ ਨੂੰ 2 ਲੱਖ ਦਾ ਮੁਆਵਜ਼ਾ ਅਤੇ ਜ਼ਖ਼ਮੀਆਂ ਦਾ ਵਧੀਆ ਹਸਪਤਾਲਾਂ 'ਚ ਮੁਫ਼ਤ ਇਲਾਜ ਕਰਾਉਣ ਦੀ ਮੰਗ ਕੀਤੀ। ਕਿਸਾਨ ਆਗੂਆਂ ਮੁਤਾਬਕ ਅੱਜ ਡੀਸੀ ਅਤੇ ਏਡੀਸੀ ਵੱਲੋਂ ਕਿਸਾਨਾਂ ਦੇ ਵਫ਼ਦ ਨਾਲ ਦੋ ਗੇੜ ਦੀ ਗੱਲਬਾਤ ਦੌਰਾਨ ਮ੍ਰਿਤਕਾਂ ਦੇ ਵਾਰਸਾਂ ਨੂੰ 7 ਲੱਖ ਦੇਣ ਦੀ ਪੇਸ਼ਕਸ਼ ਕੀਤੀ ਗਈ, ਜੋ ਕਿਸਾਨ ਆਗੂਆਂ ਨੇ ਰੱਦ ਕਰ ਦਿੱਤੀ।

ਕਿਸਾਨ ਆਗੂਆਂ ਨੇ ਪ੍ਰਸ਼ਾਸਨ 'ਤੇ 'ਅੜੀਅਲ ਰਵੱਈਆ' ਅਖਤਿਆਰ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮੁਆਵਜ਼ਾ ਨਾ ਮਿਲਣ ਕਾਰਨ ਮਰਹੂਮ ਬਸੰਤ ਸਿੰਘ ਕੋਠਾਗੁਰੂ ਤੇ ਕਰਮ ਸਿੰਘ ਦੀਆਂ ਬਠਿੰਡਾ ਦੇ ਸਿਵਲ ਹਸਪਤਾਲ 'ਚ ਪਈਆਂ ਲਾਸ਼ਾਂ ਦਾ ਅੰਤਿਮ ਸੰਸਕਾਰ ਨਹੀਂ ਹੋ ਸਕਿਆ।

# ਡਾ. ਸਕਰੌਦੀ ਵਿਦਿਆਰਥੀਆਂ ਦੇ ਰੂਬਰੂ ਹੋਏ

**ਭਵਾਨੀਗੜ੍ਹ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਹਾਈ ਸਕੂਲ, ਕਾਕੜਾ ਦੇ ਮੁੱਖ ਅਧਿਆਪਕ ਮੈਡਮ ਪੰਕਜ ਅਤੇ ਸਕੂਲ ਅਧਿਆਪਕਾਂ ਦੇ ਸੱਦੇ 'ਤੇ ਡਾ. ਇਕਬਾਲ ਸਿੰਘ ਸਕਰੌਦੀ ਵਿਦਿਆਰਥੀਆਂ ਦੇ ਰੂਬਰੂ ਹੋਏ। ਡਾ. ਸਕਰੌਦੀ ਨੇ ਬੱਚਿਆਂ ਨੂੰ ਆਪਣੇ ਮਾਤਾ ਪਿਤਾ, ਅਧਿਆਪਕਾਂ ਅਤੇ ਸਮੇਂ ਦਾ ਸਤਿਕਾਰ ਕਰਨ ਦੀ ਪ੍ਰੇਰਣਾ ਦਿੰਦਿਆਂ ਕਿਹਾ ਕਿ ਸਮਾਂ ਹੀ ਸਭ ਤੋਂ ਵੱਡੀ ਦੌਲਤ ਹੈ। ਉੱਤਮ ਸਾਹਿਤ ਉਹੀ ਹੈ, ਜਿਹੜਾ ਵਿਦਿਆਰਥੀਆਂ ਦੇ ਵਿਵਹਾਰ ਵਿੱਚ ਤਬਦੀਲੀ ਲੈ ਕੇ ਆਵੇ।ਇਸ ਮੌਕੇ ਮੈਡਮ ਗੁੰਜਨ ਚਾਵਲਾ ਨੇ ਬੱਚਿਆਂ ਨੂੰ ਲਾਇਬ੍ਰੇਰੀ ਵਿੱਚੋਂ ਪੁਸਤਕਾਂ ਲੈ ਕੇ ਪੜ੍ਹਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਜੀਤ ਕੌਰ, ਰਮਨਦੀਪ ਕੌਰ, ਦਵਿੰਦਰਪਾਲ ਸਿੰਘ, ਸੋਨੀਆ, ਆਸ਼ੂ ਰਾਣੀ, ਰੋਹਿਣੀ ਗਰਗ, ਬਲਵਿੰਦਰ ਕੌਰ, ਸੁਖਦੀਪ ਸਿੰਘ, ਗੁਰਜੀਤ ਸਿੰਘ, ਕੁਲਵਿੰਦਰ ਸਿੰਘ ਅਤੇ ਹੋਰ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਕਹਾਣੀ



# ਤ੍ਰਿਪਤੀ

-ਸੰਤ ਮੋਹਰ ਸਿੰਘ

ਉਹ ਫਾਇਲਾ ਨਾਲ ਘੋਲ ਕਰ ਰਿਹਾ ਸੀ। ਅਚਾਨਕ ਇਕ ਚੰਗੇ ਰੱਜੇ-ਪੁੱਜੇ ਸਰਦਾਰ ਸਾਹਿਬ ਆਏ। ਸਤਿ ਸ਼੍ਰੀ ਅਕਾਲ ਬੁਲਾਈ ਅਤੇ ਗੱਲਾਂ ਕਰਨ ਲੱਗ ਪਏ। "ਆਪ ਇਸ ਦਫ਼ਤਰ ਵਿਚ ਕੰਮ ਕਰਦੇ ਹੋ?"

"ਜੀ ਮੈਂ ਇੱਥੇ ਕਲਰਕ ਹਾਂ।" "ਆਪ ਪਾਸ ਕੰਮ ਆਇਆ ਹਾਂ!" "ਦੱਸੋ....ਕੀ ਕੰਮ ਹੈ?" "ਮੇਰੀ ਲੜਕੀ" ਸਰਦਾਰ ਜੀ ਨੇ ਆਖਣਾ ਸ਼ੁਰੂ ਕੀਤਾ "ਡਾਕਟਰ ਹੈ। ਪਿਛਲੇ ਵਰ੍ਹੇ ਉਸਨੇ ਐਮ. ਬੀ. ਐਸ. ਐਸ. ਪਾਸ ਕੀਤੀ ਹੈ। ਹੁਣ ਉਹ ਹਾਊਸ ਸਰਜਨ ਲੱਗੀ ਹੋਈ ਹੈ। ਮੇਰੀ ਇੱਛਾ ਆਪ ਨਾਲ ਰਿਸ਼ਤਾ ਕਰਨ ਦੀ ਹੈ। ਆਪ ਬਾਰੇ ਆਪ ਜੀ ਦੇ ਤਾਇਆ ਪਾਸੋਂ ਪਤਾ ਲੱਗਾ ਸੀ।"

"ਜੀ.....ਮੈਂ ਮਾਮੂਲੀ ਕਲਰਕ ਹਾਂ! ਮੇਰੀ ਕਿਸਮਤ ਵਿਚ ਸਾਰੀ ਉਮਰ ਫ਼ਾਈਲਾਂ ਨਾਲ ਮੱਥਾ ਮਾਰਨਾ ਲਿਖਿਆ ਹੈ। ਇਹ ਥੋੜ੍ਹੀ ਜਿਹੀ ਤਨਖਾਹ ਨਾਲ ਮਸਾਂ ਗੁਜ਼ਾਰਾ ਹੀ ਚਲਦਾ ਹੈ। ਮੈਂ ਸਿਰਫ਼ ਦੱਸਵੀਂ ਪਾਸ ਹਾਂ। ਉਹ ਵੀ ਥਰਡ ਕਲਾਸ! ਮੈਂ ਹੈਰਾਨ ਹਾਂ ਆਪ ਕਿਹੋ ਜਿਹੇ ਪਿਤਾ ਹੋ ਜੋ ਆਪਣੀ ਹੋਣਹਾਰ ਚੰਗੀ ਪੜ੍ਹੀ ਲਿਖੀ ਡਾਕਟਰ ਲੜਕੀ ਦਾ ਰਿਸ਼ਤਾ ਮੇਰੇ ਜਿਹੇ ਸਾਧਾਰਨ ਕਲਰਕ ਨਾਲ ਕਰਨਾ ਚਾਹੁੰਦੇ ਹੋ। ਮੇਰੇ ਲਈ ਔਖਾ ਹੈ ਕਿ ਮੈਂ ਆਪਣੇ ਨਾਲੋਂ ਵੱਧ ਪੜ੍ਹੀ ਲਿਖੀ ਕੁੜੀ ਨੂੰ ਆਪਣੀ ਜੀਵਨ ਸਾਥਣ ਚੁਣਾਵਾਂ।"

"ਨਹੀਂ" ਮਲਦੀਪ ਦੇ ਪਿਤਾ ਜੀ ਨੇ ਆਖਣਾ ਸ਼ੁਰੂ ਕੀਤਾ "ਪੁੱਤਰ ਕਾਰਨ ਇਹ ਹੈ ਕਿ ਮੈਂ ਅਜਿਹਾ ਲੜਕਾ ਚਾਹੁੰਦਾ ਹਾਂ ਜੋ ਮੇਰੀ ਧੀ ਨੂੰ ਪਿਆਰ ਕਰੇ, ਉਸਨੂੰ ਸੁਖੀ ਰੱਖੇ। ਅਮੀਰਾਂ ਦੇ ਪੁੱਤਰ ਅਜੀਬ ਹੁੰਦੇ ਹਨ। ਉਨ੍ਹਾਂ ਲਈ ਸੁਹੱਪਣ ਹੀ ਸਭ ਕੁਝ ਹੁੰਦਾ ਹੈ। ਗੁਣਾਂ ਦੀ ਉਹ ਕਦਰ ਨਹੀਂ ਕਰ ਸਕਦੇ। ਉਨ੍ਹਾਂ ਦੀ ਨਿਗਾਹ ਵਿਚ ਵਿਦਿਆ ਹੀ ਸਭ ਕੁਝ ਨਹੀਂ ਹੁੰਦੀ। ਸਿਰਫ਼ ਉਹੀ ਚਿੱਟਾ ਚੰਮ ਚਾਹੁੰਦੇ ਨੇ। ਇਸ ਕਰਕੇ ਮੈਂ ਆਪ ਜਿਹੇ ਸਾਊ ਜਵਾਨ ਨਾਲ ਆਪਣੀ ਕੁੜੀ ਦਾ ਰਿਸ਼ਤਾ ਕਰਨਾ ਚਾਹੁੰਦਾ ਹਾਂ।"

ਉਸਨੇ ਅਨੁਮਾਨ ਲਗਾ ਲਿਆ ਕਿ ਕੁੜੀ ਜ਼ਰੂਰ ਕਾਲੀ ਤੇ ਕਰੂਪ ਹੋਣੀ ਹੈ ਜਿਸ ਕਰਕੇ ਮੇਰੇ ਜਿਹੇ ਨਿਗੁਣੇ ਕਲਰਕ ਨਾਲ ਉਸਦਾ ਨਰੜਨਾਂ ਚਾਹੁੰਦਾ ਹੈ। ਉਹ ਕੁਝ ਚਿਰ ਨੀਵੀਂ ਪਾਈ ਬੈਠਾ ਰਿਹਾ ਫਿਰ ਪੋਲੇ ਆਖਣ ਲੱਗਾ:

"ਮੈਂ ਲੜਕੀ ਦੇਖਣੀ ਚਾਹੁੰਦਾ ਹਾਂ।" "ਕਾਕਾ ਦੇਖ ਨਾ, ਉਹ ਆਖਰ ਲੜਕੀ ਹੀ ਹੈ।" ਪਿਤਾ ਜੀ ਨੇ ਉਦਾਸ ਹੁੰਦਿਆ ਆਖਿਆ "ਨਾਲੇ ਲੜਕੀ ਦਿਖਾਉਣ ਦਾ ਰਿਵਾਜ਼ ਨਹੀਂ।" "ਪਰ ਮੇਰੀ ਜ਼ਿੰਦਗੀ ਦਾ ਸਵਾਲ ਹੈ। ਮੈਂ ਲੜਕੀ ਦੇਖੇ ਬਿਨ੍ਹਾਂ ਹਾਂ ਨਹੀਂ ਕਰ ਸਕਦਾ।"

"ਅਛਾ ਫਿਰ ਤੁਸੀਂ ਐਤਵਾਰ ਸ਼ਾਮ ਨੂੰ ਆ ਜਾਣਾ" ਆਖ ਕੇ ਪਿਤਾ ਜੀ ਆਪਣੇ ਘਰ ਨੂੰ ਤੁਰ ਪਏ। ਐਤਵਾਰ ਸ਼ਾਮ ਨੂੰ ਉਹ ਮਨਦੀਪ ਨੂੰ ਦੇਖਣ ਗਿਆ। ਉਸਨੇ ਮੁਲਕਾਤ ਕੀਤੀ। ਫਿਰ ਚੁੱਪ ਚਾਪ ਨੀਵੀਂ ਪਾਈ ਬੈਠਾ ਰਿਹਾ। ਚਾਹ ਆ ਗਈ। ਚਾਹ ਪੀ ਕੇ ਉਹ ਵਾਪਸ ਆ ਗਿਆ ਅਤੇ ਘਰ ਅ ਕੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਉਹ ਬੱਚ ਗਿਆ। ਉਸਨੇ ਕੁਝ ਦਿਨਾਂ ਪਿੱਛੋਂ ਜਵਾਬ ਦੇ ਦਿੱਤਾ ਕਿ ਮੇਰਾ ਹਾਲੇ ਵਿਆਹ ਕਰਵਾਉਣ ਦਾ ਵਿਚਾਰ ਨਹੀਂ ਹੈ। ਮਨਦੀਪ ਦੀ ਸ਼ਕਲ ਸੂਰਤ ਅਜੀਬ ਸੀ। ਉਸਦਾ ਰੰਗ ਬਹੁਤ ਹੀ ਕਾਲਾ, ਕੱਦ ਮੱਧਰਾ ਤੇ ਸ਼ਰੀਰ ਭਾਰਾ ਸੀ। ਚਿੱਟੇ ਦੰਦ ਉਸਨੂੰ ਹੋਰ ਵੀ ਕਰੂਪ ਬਣਾਉਂਦੇ ਸਨ। ਉਸਦੀਆ ਅੱਖਾਂ ਡਰਾਵਣੀਆਂ ਅਤੇ ਵਾਲਾਂ ਵਿਚ ਧੌਲੇ ਸਨ। ਉਸਦੀ ਕਰੂਪਤਾ ਨੂੰ ਦੇਖ ਕੇ ਕੋਈ ਵੀ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਨਾ ਹੋਇਆ। ਜੋ ਆਉਂਦਾ ਦੇਖ ਕੇ ਚਲਾ ਜਾਂਦਾ ਤੇ ਫਿਰ ਜਵਾਬ ਆ ਜਾਂਦਾ ਕਿ ਸਾਡਾ ਵਿਆਹ ਕਰਾਉਣ ਦਾ ਅਜੇ ਵਿਚਾਰ ਨਹੀਂ ਹੈ।

ਮਨਦੀਪ ਦੇ ਪਿਤਾ ਜੀ ਬਹੁਤ ਹੀ ਉਦਾਸ ਸਨ। ਉਹ ਹਾਰ ਹੰਭ ਕੇ ਬੈਠ ਗਏ। ਉਹ ਬਿਮਾਰ ਹੋ ਗਏ ਤੇ ਇਕ ਦਿਨ ਦਿਲ ਦੇ ਦੌਰੇ ਨੇ ਉਨ੍ਹਾਂ ਦੇ ਸਾਰੇ ਕਸ਼ਟ ਹਰ ਲਏ। ਮਨਦੀਪ ਅੰਤਾਂ ਦੀ ਉਦਾਸ ਹੋ ਗਈ। ਉਸਨੇ ਮਿਸ਼ਨ ਹਸਪਤਾਲ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਬਹੁਤ ਹੀ ਮਿਹਨਤ ਨਾਲ ਕੰਮ ਕਰਦੀ। ਸਾਰਿਆ ਦੇ ਕੰਮ ਬੜੇ ਚਾਅ ਨਾਲ ਕਰਦੀ। ਰੋਗੀ ਉਸਤੋਂ ਬਹੁਤ ਹੀ ਪ੍ਰਭਾਵਿਤ ਤੇ ਖੁਸ਼ ਸਨ। ਪਰ ਉਸਦਾ ਅੰਦਰ ਪਿਆਰ ਭੁੱਖ ਨਾਲ ਚੀਕ ਰਿਹਾ ਸੀ, ਕਿਉਂਕਿ ਦੁਨੀਆ ਵਿਚ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਜਿਸਨੂੰ ਪਿਆਰ ਭੁੱਖ ਨਾ ਹੋਵੇ ਤੇ ਇਸਤਰੀ ਦਾ ਆਸਰਾ ਵੀ ਪਿਆਰ ਹੈ। ਉਹ ਤੜਪਦੀ ਕਿ ਕੋਈ ਉਸਨੂੰ ਪਿਆਰ ਭਰੇ ਬੋਲਾਂ ਨਾਲ ਬੁਲਾਏ, ਉਹਦਾ ਵੀ ਜੀ ਕਰਦਾ ਕਿ ਹੋਰ ਲੇਡੀ ਡਾਕਟਰਾਂ ਵਾਂਗ ਉਸਨੂੰ ਵੀ ਡਾਕਟਰ ਨਾਲ ਸਿਨੇਮਾ ਲੈ ਜਾਣ। ਉਸ ਨਾਲ ਸੈਰ ਕਰਨ ਜਾਣ ਪਰ ਇਹ ਸਭ ਕੁਝ ਸੁਪਨੇ ਵਿਚ ਵੀ ਪੂਰਾ ਹੋਣ ਨੂੰ ਤਿਆਰ ਨਹੀਂ ਸੀ। ਉਸਦੀ ਜ਼ਿੰਦਗੀ ਨਿਰੀ ਅੰਧਕਾਰ ਜਿਹੀ ਬਣ ਗਈ। ਫਿਰ ਪ੍ਰਕਾਸ਼ ਜਿਹੜਾ ਉਥੇ ਕੰਪਾਉਂਡਰ ਸੀ, ਇਕ ਛਿੱਟ ਚਾਨਣ ਦੀ ਬਣ ਕੇ ਆਇਆ। ਮਨਦੀਪ ਨੂੰ ਜਾਪਿਆ ਕਿ ਪ੍ਰਕਾਸ਼ ਉਸਨੂੰ ਪਿਆਰ ਕਰਦਾ ਹੈ, ਤਾਂ ਖੁਸ਼ੀ ਉਸ ਪਾਸੋਂ ਸਾਂਭੀ ਨਾ ਜਾਏ। ਪ੍ਰਕਾਸ਼ ਵੀ ਮਨਦੀਪ ਵਰਗਾ ਕਰੂਪ ਅਤੇ ਕੁਹਜਾ ਜਿਹਾ ਮਨੁੱਖ ਸੀ। ਉਹ ਮਨਦੀਪ ਨੂੰ ਬਹੁਤ ਹੀ ਸਤਿਕਾਰ ਭਰੇ ਮਿੱਠੇ-ਮਿੱਠੇ ਸ਼ਬਦਾਂ ਨਾਲ ਬੁਲਾਉਂਦਾ। ਪਰ ਕਦੇ ਵੀ ਉਸਨੇ ਪਿਆਰ ਜਾਹਰ ਨਾ ਕੀਤਾ। ਮਨਦੀਪ ਨੇ ਸੋਚਿਆ ਕਿ ਉਹ ਸੰਗਦਾ ਹੈ। ਇਸ ਲਈ ਮੈਂ ਖੁਦ ਹੀ ਕਿਸੇ ਦਿਨ ਉਸਨੂੰ ਆਖ ਦੇਣਾ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਏ।

ਇਕ ਸ਼ਾਮ ਪ੍ਰਕਾਸ਼ ਮਨਦੀਪ ਦੇ ਘਰ ਕਿਸੇ ਹਸਪਤਾਲ ਦੇ ਕੰਮ ਆਇਆ! ਮਨਦੀਪ ਲਈ ਉਹ ਖੁਸ਼ੀ ਦਾ ਸੰਦੇਸ਼ ਸੀ। ਉਸਨੇ ਜਲਦੀ ਜਲਦੀ ਚਾਹ ਬਣਾਈ ਤੇ ਫਿਰ ਉਹ ਚਾਹ ਪੀਣ ਲੱਗ ਪਏ। ਮਨਦੀਪ ਨੇ ਬੜੇ ਹੌਂਸਲੇ ਨਾਲ ਪੁੱਛਿਆ, "ਪ੍ਰਕਾਸ਼ ਕਦੇ ਕਿਸੇ ਨੂੰ ਪਿਆਰ ਕੀਤਾ ਹੈ?" ਪਰ ਪ੍ਰਕਾਸ਼ ਨੀਵੀਂ ਪਾਈ ਬੈਠਾ ਰਿਹਾ।

ਫਿਰ ਮਨਦੀਪ ਨੇ ਉਸਨੂੰ ਆਖਣਾ ਸ਼ੁਰੂ ਕੀਤਾ "ਦੇਖ ਪ੍ਰਕਾਸ਼! ਮੇਰੀ ਜ਼ਿੰਦਗੀ ਨਿਰੀ ਨਿਰਾਸ਼ਾ ਹੈ। ਮੈਂ ਅਮੀਰ ਡਾਕਟਰ ਹਾਂ, ਸਾਰੇ ਸੁੱਖ ਹਨ, ਪਰ ਮੈਂ ਪਿਆਰ ਬਿਨ੍ਹਾ ਤੜਪ ਰਹੀ ਹਾਂ। ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ ਤੇ ਫਿਰ ਪਤਾ ਨਹੀਂ ਕਿਉਂ ਮੈਂ ਤੈਨੂੰ ਪਿਆਰ ਕਰਨ ਲੱਗ ਪਈ ਹਾਂ। ਮੇਰੀ ਜ਼ਿੰਦਗੀ ਵਿਚ ਆ ਜਾ। ਤੈਨੂੰ ਸਾਰੀ ਉਮਰ ਪੂਜਾਂਗੀ।" "ਉਫ.....ਸੌਰੀ ਡਾਕਟਰ। ਮੈਂ ਤਾਂ ਆਪ ਸਤਿਕਾਰ ਕਰਦਾ, ਹਾਂ ਪਰ ਆਪ ਮੇਰੇ ਸਤਿਕਾਰ ਨੂੰ ਗਲਤ ਸਮਝ ਗਏ। ਇਕ ਸੋਹਣੀ ਜਿਹੀ ਨਰਸ ਨਾਲ ਮੇਰਾ ਰੁਮਾਂਸ ਚਲਦਾ ਹੈ। ਮੈਂ ਉਸ ਨਾਲ ਮਹੀਨੇ ਤੱਕ ਸ਼ਾਦੀ ਕਰ ਲੈਣੀ ਹੈ, ਇਹ ਆਖ ਕੇ ਪ੍ਰਕਾਸ਼ ਅਲੋਪ ਹੋ ਗਿਆ।

ਉਹ ਉਦਾਸ ਹੋ ਗਈ। ਸੋਚਦੀ ਆਦਮੀ ਤਾਂ ਚੰਮ ਦੇ ਵਿਉਪਾਰੀ ਹਨ, ਉਸਨੇ ਮਿਸ਼ਨ ਹਸਪਤਾਲ ਛੱਡਣ ਦੀ ਸੋਚੀ। ਉਹ ਆਪਣੇ ਮਨ ਨਾਲ ਗੱਲਾਂ ਕਰਦੀ, "ਕਿੰਨੇ ਮਨੁੱਖਾਂ ਨੇ ਮੈਨੂੰ ਤ੍ਰਿਸਕਾਰਿਆ ਹੈ। ਜਿਸਨੇ ਮੈਨੂੰ ਦੇਖਿਆ ਮੂੰਹ ਫੇਰ ਕੇ ਲੰਘ ਗਿਆ। ਰੱਬ ਕਿੰਨਾ ਜਾਲਮ ਹੈ ਜੋ ਮਨੁੱਖ ਦੇ ਅਰਮਾਨਾਂ ਨਾਲ ਖੇਡਦਾ ਹੈ ਤੇ ਖੁਸ਼ ਹੁੰਦਾ ਹੈ। ਕਾਸ਼! ਰੱਬ ਇਕ ਇਸਤਰੀ ਹੁੰਦਾ ਤੇ ਕੋਈ ਉਸਨੂੰ ਪਿਆਰ ਨਾ ਕਰਦਾ। ਫਿਰ ਉਸਨੂੰ ਪਤਾ ਲੱਗਦਾ ਇਸਤਰੀ ਦਾ ਪਿਆਰ ਰਹਿਤ ਜੀਵਨ ਕਿਹੋ ਜਿਹਾ ਹੁੰਦਾ ਹੈ।" ਉਸਨੇ ਨੌਕਰੀ ਛੱਡ ਦਿੱਤੀ। ਉਸਨੇ ਫੈਸਲਾ ਕਰ ਲਿਆ ਕਿ ਹੁਣ ਤਾਂ ਪਿਆਰ ਜਾਂ ਵਿਆਹ ਦਾ ਸੁਪਨਾ ਵੀ ਨਹੀ ਲੈਣਾ।

ਅਚਾਨਕ ਚੀਨ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸਨੇ ਦੇਸ਼ ਸੇਵਾ ਦਾ ਚੰਗਾ ਮੌਕਾ ਜਾਣ ਕੇ ਮਿਲਟਰੀ ਵਿਚ ਭਰਤੀ ਹੋਣ ਠੀਕ ਸਮਝਿਆ। ਉਹ ਭਰਤੀ ਹੋ ਕੇ ਸਰਹੱਦਾਂ 'ਤੇ ਲੜਦੇ ਵੀਰਾਂ ਦੀ ਸੇਵਾ ਵਿਚ ਜੁੱਟ ਗਈ। ਉਹ ਫਲੋਰੈਂਸ ਨਾਈਟਿੰਗੇਲ ਵਾਂਗ ਸਾਰਾ-ਸਾਰਾ ਦਿਨ ਉਨ੍ਹਾਂ ਦੀ ਦੇਖ ਭਾਲ ਕਰਦੀ ਅਤੇ ਫਿਰ ਰਾਤ ਨੂੰ ਉਨ੍ਹਾਂ ਪਾਸ ਜਾ ਕੇ ਉਨ੍ਹਾਂ ਦੇ ਖੱਤ ਪੱਤਰ ਲਿਖਦੀ। ਸਿਪਾਹੀ ਉਸਨੂੰ ਬਹੁਤ ਸਤਿਕਾਰ ਨਾਲ ਦੇਖਦੇ ਤੇ ਉਸ ਦੀਆਂ ਸਿਫਤਾਂ ਕਰਦੇ ਨਾ ਥੱਕਦੇ। ਉਸ ਨੇ ਕਾਫੀ ਤਰੱਕੀ ਕਰ ਲਈ। ਉਸ ਨੂੰ ਦੇਸ਼ ਸੇਵਾ ਵੱਜੋਂ ਰਾਸ਼ਟਰੀ ਸਨਮਾਨ ਵੀ ਮਿਲਿਆ।

ਹੁਣ ਉਹ ਮੇਜਰ ਡਾਕਟਰ ਸੀ। ਉਸ ਪਾਸ ਹਜ਼ਾਰਾਂ ਰੁਪਏ ਸਨ। ਨੌਕਰ ਚਾਕਰ ਘਰ ਦਾ ਕੰਮ ਕਰਦੇ ਪਰ ਸੀ ਉਹ ਅਜੇ ਵੀ ਉਹੀ ਕਰੂਪ ਡਾਕਟਰ! ਜਦੋਂ ਉਸ ਨੂੰ ਇਹ ਖ਼ਿਆਲ ਆਉਂਦਾ ਤਾਂ ਉਸ ਦਾ ਸਾਰਾ ਅਨੰਦ ਗਾਇਬ ਹੋ ਜਾਂਦਾ। ਉਹ ਰੋ ਪੈਂਦੀ। ਘਰ ਖਾਣ ਨੂੰ ਆਉਂਦਾ। ਉਸ ਦਾ ਜੀ ਕੀਤਾ ਕਿ ਯਤੀਮਖਾਨੇ 'ਚੋਂ ਕੋਈ ਬੱਚਾ ਲੈ ਕੇ ਆਵੇ ਪਰ ਫਿਰ ਉਸ ਨੇ ਆਪੇ ਸਲਾਹ ਹਟਾ ਦਿੱਤੀ।

ਉਸ ਦੇ ਚਾਚੇ ਨੇ ਇਕ ਆਦਮੀ ਨਾਲ ਆਪਣੇ ਇਸ ਡਾਕਟਰ ਭਤੀਜੀ ਬਾਰੇ ਗੱਲ ਕੀਤੀ ਜੋ ਹੁਣੇ ਹੀ ਰੰਡਾ ਹੋਇਆ ਸੀ। ਉਸਨੇ ਨਾਂਹ ਨੁਕਰ ਕੀਤੀ ਪਰ ਜਦੋਂ ਚਾਚਾ ਜੀ ਨੇ ਹਜ਼ਾਰਾਂ ਰੁਪਈਆਂ ਦਾ ਜ਼ਿਕਰ ਕੀਤਾ ਤਾਂ ਉਸ ਦਾ ਮਨ ਲਾਲਚ ਵਿਚ ਆ ਗਿਆ। ਉਸ ਨੇ ਸੋਚਿਆ ਕਾਲੀ ਹੈ ਤਾਂ ਕੀ ਹੋਇਆ ਉਹ ਅਮੀਰ ਤਾਂ ਹੈ। ਉਸ ਦਾ ਪੈਸਾ ਮੇਰਾ ਹੋਵੇਗਾ ਤੇ ਅੱਜਕੱਲ੍ਹ ਧਨ ਨਾਲ ਹੁਸਨ ਵੀ ਖਰੀਦਿਆ ਜਾ ਸਕਦਾ ਹੈ। ਉਹ ਚਾਚਾ ਜੀ ਨਾਲ ਮਨਦੀਪ ਨੂੰ ਦੇਖਣ ਆਇਆ। ਮਨਦੀਪ ਉਦਾਸ ਸੀ। ਉਹ ਸਾਰੇ ਚਾਹ ਪੀ ਰਹੇ ਸਨ ਪਰ ਉਸ ਦੇ ਮਨ ਵਿਚ ਖਿਆਲਾਂ ਦੀ ਘੋੜ ਦੌੜ ਹੋ ਰਹੀ ਸੀ। ਇਕ ਖਿਆਲ ਉਸਨੂੰ ਅਪਨਾਉਣ ਤੇ ਦੂਜੇ ਤਿਆਗਣ ਲਈ ਪ੍ਰੇਰ ਰਿਹਾ ਸੀ। ਉਸ ਦੇ ਚਿਹਰੇ ਤੋਂ ਉਸ ਦੇ ਅੰਦਰ ਦੀ ਹਾਲਤ ਦਾ ਪਤਾ ਲੱਗ ਸਕਦਾ ਸੀ। ਉਸ ਓਪਰੇ ਤੇ ਲਾਲਚੀ ਆਦਮੀ ਨੇ ਆਪਣੀਆਂ ਦੰਦੀਆਂ ਜਿਹੀਆਂ ਕੱਢ ਕੇ ਬੜੇ ਪਿਆਰ ਭਰੇ ਅੰਦਾਜ਼ ਵਿਚ ਆਖਿਆ "ਮਨਦੀਪ ਜੀ ਤੁਸੀਂ ਮੈਨੂੰ ਬਹੁਤ ਹੀ ਪਸੰਦ ਹੈ।"

ਉਧਰੋਂ ਜਵਾਬ ਆਇਆ "ਪਰ ਤੁਸੀਂ ਮੈਨੂੰ ਬਿਲਕੁਲ ਪਸੰਦ ਨਹੀਂ। ਤੁਸੀਂ ਬੜੀ ਖੁਸ਼ੀ ਨਾਲ ਮੇਰੇ ਘਰੋਂ ਦਫਾ ਹੋ ਸਕਦੇ ਹੋ। ਮੈਂ ਵਿਆਹ ਨਹੀਂ ਕਰਵਾਉਣਾ।" ਉਹ ਮੂੰਹ ਅੱਡਾ ਮਨਦੀਪ ਵੱਲ ਦੇਖਦਾ ਰਿਹਾ ਤੇ ਫਿਰ ਚੁੱਪ ਚਾਪ ਚਲਾ ਗਿਆ। ਚਾਚਾ ਜੀ ਬੁਰਾ ਭਲਾ ਆਖ ਕੇ ਚਲੇ ਗਏ। ਮਨਦੀਪ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਚਿੰਨ੍ਹ ਉਘੜ ਆਏ। ਉਸਨੂੰ ਸਾਰੇ ਲੋਕਾਂ ਨੇ ਤ੍ਰਿਸਕਾਰਿਆ ਸੀ। ਅੱਜ ਉਸ ਦੀ ਵਰ੍ਹਿਆਂ ਦੀ ਲਾਲਸਾ ਕਿ ਉਹ ਕਿਸੇ ਨੂੰ ਤ੍ਰਿਸਕਾਰੇ ਪੂਰੀ ਹੋ ਗਈ। ਫਿਰ ਉਹ ਅੰਦਰ ਵੜ ਕੇ ਉਚੀ ਉਚੀ ਰੋਣ ਲੱਗ ਪਈ।

# ਵਿਅੰਗ

## ਅਧਿਆਪਕ ਜਾਂ ਰਸੋਈਆ?

ਪਿਛਲੀ ਸਰਕਾਰ ਵਲੋਂ ਪ੍ਰਾਇਮਰੀ ਸਕੂਨਾਂ ਵਿਚ ਸ਼ੁਰੂ ਕੀਤੀ ਈ ਮਿਡ ਡੇ ਮੀਲ ਯੋਜਨਾ ਨੇ ਅਧਿਆਪਕਾਂ ਨੂੰ ਰਸੋਈਏ ਬਣਾ ਕੇ ਰੱਖ ਦਿੱਤਾ ਹੈ। ਲਾਤਾਰ ਖਾਣਾ ਤਿਆਰ ਕਰ ਕਰ ਕੇ ਅਧਿਆਪਕਾਂ ਦਾ ਸੁਭਾਅ ਵੀ ਔਰਤਾਂ ਵਾਲਾ ਹੁੰਦਾ ਜਾ ਰਿਹਾ ਹੈ। ਅਧਿਆਪਕਾਂ ਨੂੰ ਲੂਣ-ਮਿਰਚ ਆਦਿ ਦੀਆਂ ਕੀਮਤਾਂ ਵੀ ਯਾਦ ਹੋ ਗਈਆਂ ਹਨ। ਵਿਅੰਗ ਸਕੂਲ ਆਫ ਮਾਲੇਰਕੋਟਲਾ ਦੇ ਖੋਜਾਰਥੀ ਨੇ ਦੱਸਿਆ ਕਿ ਕੁੜੀਆਂ ਨੇ ਵੀ ਅਜਿਹੇ ਰਿਸ਼ਤੇ ਪਹਿਲ ਦੇ ਆਧਾਰ 'ਤੇ ਕਬੂਲ ਕੀਤੇ ਹਨ, ਜਿਨ੍ਹਾਂ ਵਿਚ ਮੁੰਡਾ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗਾ ਹੋਇਆ ਹੈ। ਇਕ ਅਧਿਆਪਕ ਦਾ ਵਿਆਹ ਨਹੀਂ ਹੋ ਰਿਹਾ ਸੀ ਪਰ ਜਦ ਉਸ ਨੇ ਅਖਬਾਰ ਵਿਚ ਦਿੱਤੇ ਇਸ਼ਤਿਹਾਰ ਵਿਚ ਸਾਫ ਲਿਖਿਆ ਕਿ ਉਹ ਅਧਿਆਪਕ-ਕਮ-ਰਸੋਂਹਆ ਹੈ ਤਾਂ ਝੱਟ ਹੀ ਰਿਸ਼ਤਿਆਂ ਦੀ ਲਾਈਨ ਲੱਗ ਗਈ। ਖਾਣਾ ਬਣਾ-ਬਣਾ ਕੇ ਅਧਿਆਪਕ ਵੀ ਹੁਣ ਏਨੇ ਬੇਸ਼ਰਮ ਹੋ ਗਏ ਹਨ ਕਿ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਦ ਅਧਿਆਪਕਾਂ ਦੀ ਨਵੀਂ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਵੇ ਤਾਂ ਇਸ਼ਤਿਹਾਰ 'ਤੇ ਸਿਰਫ ਅਧਿਆਪਕ ਦੀ ਭਰਤੀ ਲਈ ਇਸ਼ਤਿਹਾਰ ਲਿਖ ਕੇ ਹੀ ਨਾ ਸਾਰ ਦਿੱਤਾ ਜਾਵੇ, ਸਗੋਂ ਸਪਸ਼ਟ ਲਿਖਿਆ ਜਾਵੇ 'ਅਧਿਆਪਕ-ਕਮ-ਰਸੋਈਆ ਦੀ ਭਰਤੀ ਲਈ ਇਸ਼ਤਿਹਾਰ' ਹੈ, ਤਾਂ ਕਿ ਰਿਸ਼ਤਾ ਕਰਨ ਵੇਲੇ ਔਕੜ ਨਾ ਆਵੇ। ਇੰਟਰਵਿਊ ਵੇਲੇ ਵੀ ਖਾਣਾ ਪਕਾਉਣ ਨਾਲ ਸਬੰਧਤ ਸਵਾਲ ਪੁੱਛੇ ਜਾਣ। ਅਧਿਆਪਕਾਂ ਨੇ ਇਹ ਮੰਗ ਕੀਤੀ ਕਿ ਸਾਰੇ ਬੀ. ਐੱਡ ਕਾਲਜਾਂ ਵਿਚ ਖਾਣਾ ਪਕਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ, ਜਿਸ ਕਾਲਜ ਵਿਚ ਭਾਂਡੇ-ਪਤੀਲੇ ਤੇ ਲੂਣ-ਤੇਲ ਨਹੀ ਹੈ, ਉਸ ਦੀ ਮਾਨਤਾ ਰੱਦ ਕਰ ਦਿੱਤੀ ਜਾਵੇ। ਕਿੰਨਾ ਚੰਗਾ ਲੱਗੇਗਾ ਜਦ ਪੜ੍ਹਣ ਵਲੇ ਵੀ ਤੇ ਪੜਾਉਣ ਵੇਲੇ ਵੀ ਭੋਜਨ ਤਿਆਰ ਕੀਤਾ ਜਾਵੇਗਾ। ਸਾਰੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਬੀ. ਐਡ ਤੇ ਐਮ. ਐਡ ਵਿਭਾਗਾਂ ਵਿਚ ਸਵੇਰੇ ਹੀ ਦੇਗਾਂ ਚਾੜ ਦਿੱਤੀਆਂ ਜਾਇਆ ਕਰਨਗੀਆਂ। ਕਿਸੇ ਦਾ ਦਿਮਾਗ ਪੜ੍ਹਾਈ ਜਾਂ ਵਿਕਾਸ ਦੀਆਂ ਨਵੀਆਂ ਯੋਜਨਾਵਾਂ ਘੜਣ ਵੱਲ ਨਹੀਂ ਜਾਵੇਗਾ। ਦਿਨ ਰਾਤ ਖਾਣੇ ਪਕਾਂਉਣ ਤੇ ਖਾਣ ਦੇ ਦੌਰ ਹੀ ਚਲਦੇ ਰਹਿਣਗੇ।

## ਡੰਗਰ ਡਾਕਟਰ

ਜ਼ਿਲ੍ਹਾ ਪ੍ਰੀਸ਼ਦਾਂ ਵਿਚ ਤਿੰਨ ਸਾਲ ਲਈ ਠੇਕੇ 'ਤੇ ਕੰਮ ਕਰ ਰਹੇ ਡੰਗਰ ਡਾਕਟਰਾਂ 'ਤੇ ਮਹੀਨਾਵਾਰ ਤਨਖਾਹ ਨਾ ਮਿਲਣ ਕਾਰਨ ਸਰਕਾਰੀ ਮਾਰ ਤਾਂ ਪੈ ਹੀ ਰਹੀ ਹੈ ਹੈ ਕਿ ਹੁਣ ਉਨ੍ਹਾਂ ਨੂੰ ਜਾਵਨਰਾਂ ਨੇ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਜਲੰਧਰ ਜ਼ਿਲ੍ਹੇ ਦੀ ਇਕ ਪਸ਼ੂ ਡਿਸਪੈਂਸਰੀ ਵਿਚ ਕੰਮ ਕਰ ਰਹੇ ਡਾਕਟਰ ਨੇ ਇਕ ਮੱਝ ਦੇ ਗਰਭਵਤੀ ਹੋਣ ਦਾ ਟੈਸਟ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਬਿਨਾਂ ਹੀ ਸ਼ੁਰੂ ਕਰ ਦਿੱਤਾ ਪਰ ਡਾਕਟਰ ਦੇ ਦਿਮਾਗ ਵਿਚ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਰਕੇ ਸੋਚਾਂ ਦਾ ਤੂਫਾਨ ਆਇਆ ਹੋਇਆ ਸੀ। ਉਸ ਦਾ ਸੰਪੂਰਨ ਧਿਆਨ ਆਪਣੀ ਪਤਨੀ ਨਾਲ ਕੀਤੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਲ ਦੌੜਿਆ ਹੋਇਆ ਸੀ। ਜਿਵੇਂ ਹੀ ਉਸ ਨੇ ਮੱਝ ਦਾ ਚੈਕਅਪ ਸ਼ੁਰੂ ਕੀਤਾ ਤਾਂ ਮੱਝ ਨੇ ਲੱਤਾਂ ਮਾਰਨੀਆਂ ਤੇ ਟੱਪਣਾ ਸ਼ੁਰੂ ਕਰ ਦਿੱਤਾ। ਡਾਕਟਰ ਅਚਾਨਕ ਹੋਈ ਗੜਬੜੀ ਕਾਰਨ ਘਬਰਾ ਗਿਆ ਤੇ ਉਸ ਦੇ ਹੱਥ ਵਿਚ ਫੜੀਆਂ ਸੂਈਆਂ ਮੱਝ ਦੇ ਖੁੱਭ ਗਈਆਂ, ਜਿਸ ਕਾਰਨ ਮੱਝ ਨੇ ਗੁੱਸੇ ਵਿਚ ਆ ਕੇ ਧੂੜਾਂ ਪੱਟਦੀ ਦੌੜ ਸ਼ੁਰੂ ਕਰ ਦਿੱਤੀ। ਡੰਗਰ ਡਾਕਟਰ ਹੋਰ ਘਬਰਾ ਗਿਆ, ਉਸ ਨੇ ਗੰਭੀਰ ਸੱਟਾਂ ਤੋਂ ਬਚਣ ਲਈ ਮੱਝ ਦੀ ਪੂੰਛ ਨੂੰ ਜ਼ੋਰ ਨਾਲ ਫੜ ਲਿਆ, ਕਿਉਂਕਿ ਡਾਕਟਰ ਦਾ ਕੱਦ ਕਾਫੀ ਛੋਟਾ ਸੀ, ਇਸ ਕਰਕੇ ਮੱਝ ਦੀ ਤੇਜ਼ ਰਫਤਾਰ ਕਾਨ ਉਸ ਨੇ ਪੂੰਛ ਨਾਲ ਲਟਕ ਜਾਣਾ ਹੀ ਚੰਗਾ ਸਮਝਿਆ। ਮੱਝ ਦੌੜਦੀ ਰਹੀ, ਡਾਕਟਰ ਸਫਰ ਕਰਦਾ ਰਿਹਾ। ਜਦ ਲਟਕਦਿਆਂ-ਲਟਕਦਿਆਂ ਡਾਕਟਰ ਥੱਕ ਗਿਆ ਤਾਂ ਉਸ ਨੇ ਮੱਝ ਨੂੰ ਰੋਕਣ ਲਈ ਉਸ ਦੀ ਪੂੰਛ 'ਤੇ ਦੰਦੀ ਵੱਢ ਦਿੱਤੀ। ਦੰਦੀ ਕਾਰਨ ਮੱਝ ਅਚਾਨਕ ਇਕ ਪਲ ਲਈ ਰੁਕ ਤਾਂ ਗਈ ਪਰ ਡਾਕਟਰ ਨੂੰ ਕੁਝ ਸਮਝ ਨਾ ਆਇਆ ਤੇ ਉਹ ਪੂੰਛ ਛੱਡ ਕੇ ਸੁਰੱਖਿਆ ਹੋਣ ਦੀ ਥਾਂ ਟਪੂਸੀ ਮਾਰ ਕੇ ਮੱਝ ਦੇ ਉਪਰ ਚੜ੍ਹ ਗਿਆ। ਮੱਝ ਨੇ ਫਿਰ ਦੌੜਨਾ ਸ਼ੁਰੂ ਕਰ ਦਿੱਤਾ ਤੇ ਕਈ ਕਿਲੋਮੀਟਰ ਖੇਤਾਂ ਤੇ ਸੜਕਾਂ 'ਤੇ ਗੇੜੇ ਦੇ ਕੇ ਹੀ ਆਪਣੀ ਰਫਤਾਰ ਹੌਲੀ ਕੀਤੀ। ਬਾਅਦ ਵਿਚ ਪਿੰਡ ਵਾਲਿਆਂ ਨੇ ਹਫ ਚੁੱਕੀ ਮੱਝ ਦੀ ਪਿੱਠ ਤੋਂ ਡਾਕਟਰ ਨੂੰ ਹੇਠਾਂ ਉਤਾਰਿਆ। ਜਿਥੇ ਡਾਕਟਰ ਦੇ ਕੱਪੜੇ ਗਾਰੇ ਨਾਲ ਲੱਥਪਥ ਹੋ ਗਏ ਸਨ, ਉਥੇ ਮੱਝ ਦੀ ਪੂੰਛ ਵੀ ਲਹੂ-ਲੁਹਾਨ ਹੋਈ ਪਾਈ ਗਈ। ਵਿਅੰਗ ਸਕੂਲ ਆਫ ਮਾਲੇਰਕੋਟਲਾ ਨੇ ਜ਼ਖਮੀ ਮੱਝ ਤੇ ਪੂੰਤ ਨਾ ਲਟਕੇ ਹੋਏ ਡੰਗਰ ਡਾਕਟਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ।



# ਮਿੰਨੀ ਕਹਾਣੀਆਂ

## ਰਸੀਦੀ ਟਿਕਟਾਂ..ਨਹੀਂ ਡਾਕ ਟਿਕਟਾਂ

"ਮੈਂਮ ਇਕ ਵਿਦਿਆਰਥੀ ਦੀ ਜਨਮ ਮਿਤੀ ਬੋਰਡ ਵੱਲੋਂ ਗਲਤ ਲਿਖੀ ਆਈ ਹੈ, ਮੈਂ ਰੋਲ ਨੰਬਰਾਂ ਦਾ ਹੁਣੇ ਮਿਲਾਨ ਕਰਕੇ ਵੇਖਿਆ। ਆਪਾਂ ਤਾਂ ਫਾਰਮ ਵਿਚ ਦਾਖਲਾ ਖਾਰਜ ਅਨੁਸਾਰ ਠੀਕ ਲਿਖੀ ਹੋਈ ਆ। ਪ੍ਰਿੰਸੀਪਲ ਮੈਂਮ ਮੈਡੀਕਲ ਛੁੱਟੀ 'ਤੇ ਹਨ... ਉਹ ਤਾਂ ਅੱਠ ਦਿਨ ਆਉਂਦੇ ਨਹੀਂ। ਹੁਣ ਕੀ ਕਰੀਏ?" ਮਿਸਿਜ਼ ਰਾਜਦੀਪ ਨੇ ਮਿਸਿਜ਼ ਬੱਲ ਨਾਲ ਗੱਲ ਸਾਂਝੀ ਕੀਤੀ।

"ਕੋਈ ਗੱਲ ਨਹੀਂ ਬੋਰਡ ਨੂੰ ਪੱਤਰ ਲਿਖ ਦਿਆਂਗੇ, ਨਾਲ ਫਾਰਮ ਦੀ ਫੋਟੋ ਸਟੇਟ ਕਾਪੀ। ਗਲਤੀ ਦਰੁਸਤ ਹੋ ਕੇ ਆ ਜਾਏਗੀ।" ਮਿਸਿਜ਼ ਬੱਲ ਨੇ ਕਿਹਾ। "ਮੈਂਮ ਮੈਂ ਤਾਂ ਕਦੇ ਇਹੋ ਜਿਹੀ ਚਿੱਠੀ ਲਿਖੀ ਨਹੀਂ, ਕਿਵੇਂ ਲਿਖਣੈ?" "ਲਿਖੋ, ਵੱਲੋਂ : ਪ੍ਰਿੰਸੀਪਲ ਸ. ਸ. ਸ. ਸਕੂਲ ਦਾਨਾਂ। ਵੱਲ : ਸਕੱਤਰ (ਪ੍ਰੀਖਿਆਵਾਂ) ਬੋਰਡ ਦਾ ਨਾਂ। ਵਿਸ਼ਾ : ਜਨਮ ਮਿਤੀ ਠੀਕ ਕਰਾਉਣ ਬਾਰੇ। ਸ੍ਰੀ ਮਾਨ ਜੀ...ਵਗੈਰਾ..ਵਗੈਰਾ..ਵਗੈਰ। ਇਹ ਹੁਣ ਰਜਿਸਟਰਡ ...ਡਾਕ ਰਾਹੀਂ ਭੇਜ ਦਿਓ। ਵੀਹ ਰੁਪਏ ਦੀਆਂ ਟਿਕਟਾਂ ਲੱਗਣਗੀਆਂ।" ਮਿਸਿਜ਼ ਬੱਲ ਨੇ ਦੱਸਿਆ।

ਪਿੰਡ ਵਿਚ ਡਾਕਘਰ ਨਾ ਹੋਣ ਕਾਰਨ ਰਾਜਦੀਪ ਨੇ ਦੁਕਾਨ ਤੋਂ ਵੀਹ ਰੁਪਏ ਦੀਆਂ ਟਿਕਟਾਂ ਮੰਗਵਾਈਆਂ। ਦੁਕਾਨਦਾਰ ਨੇ ਵੀਹਾਂ ਦੀ ਥਾਂ ਤੀਹ ਰੁਪਏ ਲਏ ਉਸ ਨੇ ਲਿਫਾਫੇ 'ਤੇ ਟਿਕਟਾਂ ਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜਦੋਂ ਟਿਕਟਾਂ ਲਿਫਾਫੇ ਤੋਂ ਬਾਹਰ ਜਾਣ ਲੱਗੀਆਂ ਤਾਂ ਮਿਸਿਜ਼ ਬੱਲ ਕੋਲ ਆ ਕੇ ਕਹਿਣ ਲੱਗੀ, "ਕਿਵੇਂ ਲਾਈਏ? ਐਨੀਆਂ ਟਿਕਟਾਂ ਤਾਂ ਲਿਫਾਫੇ 'ਤੇ ਕਿਸੇ ਪਾਸੇ ਵੀ ਪੂਰੀਆਂ ਨਹੀਂ ਲੱਗਦੀਆਂ।"
"ਵੱਡੀਆਂ ਟਿਕਟਾਂ ਮੰਗਵਾਉਣੀਆਂ ਸਨ, ਪੰਜ-ਪੰਜ ਰੁਪਏ ਦੀਆਂ ਚਾਰ ਜਾਂ ਦਸ-ਦਸ ਰੁਪਏ ਵਾਲੀਆਂ ਦੋ।" ਬਿਨਾਂ ਟਿਕਟਾਂ ਵੱਲ ਵੇਖੇ ਮਿਸਿਜ਼ ਬੱਸ ਨੇ ਜਵਾਬ ਦਿੱਤਾ।
"ਲਿਆਓ ਮੈਂ ਲਾਵਾਂ।" ਰਾਜਦੀਪ ਹੱਥੋਂ ਟਿਕਟਾਂ ਫੜਦੇ ਮਿਸਿਜ਼ ਬੱਲ ਨੇ ਕਿਹਾ। ਹੱਥ ਵਿਚ ਟਿਕਟਾਂ ਫੜ ਕੇ ਉਹ ਜ਼ੋਰ-ਜ਼ੋਰ ਦੀ ਹੱਸਣ ਲੱਗ..ਉਸ ਕੋਲੋਂ ਗੱਲ ਨਾ ਹੋਵੇ...ਹੱਸੀ...ਹੱਸੀ..ਜਾਵੇ। ਹਾਸਾ ਮੁਸ਼ਕਿਲ ਨਾਲ ਰੋਕਦੇ ਸਿਰਫ਼ ਇਹੀ ਕਹਿ ਹੋਇਆ, "...ਇ...ਹ.. ਤਾਂ ਰ..ਸੀ...ਦੀ ਟਿ..ਕ..ਟਾਂ...ਨੇ, ਡਾ..ਕ ਟਿ..ਕ....ਟਾਂ ਨਹੀਂ...।"

ਬਮਲਜੀਤ ਕੌਰ ਮਾਨ

## ਉਹ ਮਿਲ ਗਿਆ!

ਉਹ ਦੋ ਬੇਟੀਆਂ ਤੋਂ ਬਾਅਦ ਹਰੇਕ ਬੱਚੀ ਦਾ ਗਰਭਪਾਤ ਮੁੰਡੇ ਦੀ ਲੋੜ ਕਰਕੇ ਕਰਦੇ ਰਹੇ। ਵੱਡੀ ਬੇਟੀ ਪਰਮਜੀਤ ਹੁਣਸੋਲ੍ਹਾਂ ਸਾਲ ਦੀ ਉਮਰ ਪਾਰ ਕਰ ਚੁੱਕੀ ਸੀ। ਰਵਨੀਤ ਉਸ ਤੋਂ ਦੋ ਸਾਲ ਛੋਟੀ ਸੀ। ਕਾਲਜ ਵਿਚ ਪੜ੍ਹਦੀਆਂ ਪਰਮਜੀਤ ਦੀਆਂ ਸਹੇਲੀਆਂ ਦੇ ਮਨਵਿਚ ਇਹ ਭੁਲੇਖਾ ਸੀ ਕਿ ਪਰਮਜੀਤ ਦੇ ਮੰਮੀ-ਡੈਡੀ ਨੇ ਦੋ ਬੇਟੀਆਂ ਨੂੰ ਹੀ ਮੁੰਡੇ ਸਮਝ ਕੇ ਪਰਿਵਾਰ ਸੀਮਤ ਰੱਖਿਆ ਹੈ ਅਤੇ ਕੁੜੀਆਂ ਨੂੰ ਮੁੰਡਿਆਂ ਵਾਂਗ ਸਨਮਾਨ ਦਿੱਤਾ ਹੈ। ਪਰਮਜੀਤ ਵੀ ਆਪਣੇ ਆਪ ਨੂੰ ਮੁੰਡੇ ਦੀ ਥਾਂ ਹੀਸਮਝਣ ਲੱਗ ਪਈ। ਉਹ ਮੁੰਡਿਆਂ ਵਾਲੀਆਂ ਜ਼ਿੰਮੇਵਾਰੀਆਂ ਵੀ ਕਈ ਵਾਰ ਨਿਭਾਉਣ ਦਾ ਹੰਭਲਾ ਮਾਰਦੀ। ਭਰੂਣ ਹੱਤਿਆ ਵਿਸ਼ੇਸ਼ 'ਤੇ ਕਾਲਜ ਵਿਚ ਪਰਮਜੀਤ ਨੇ ਬੜੇ ਮਾਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਸ਼ਣ ਦਿੱਤਾ ਤੇ ਵਾਹ-ਵਾਹ ਖੱਟੀ। ਆਪਣੀ ਮਾਂ ਦਾ ਪੈਰ ਭਾਰੀ ਹੋਣ ਦਾ ਜਦੋਂ ਪਰਮਜੀਤ ਨੂੰ ਪਤਾ ਲੱਗਿਆ ਤਾਂ ਉਸਦੇ ਮਨ ਅੰਦਰ ਆਪਣੀ ਹੋਂਦ ਉਸ ਨੂੰ ਬੁਰੀ ਲੱਗਣ ਲੱਗ ਪਈ। ਉਸ ਦੀ ਛੋਟੀ ਭੈਣ ਵੀ ਹੁਣ ਸਭ ਸਮਝਦੀ ਸੀ। ਨਰਸਿੰਗ ਹੋਮ 'ਚੋਂ ਪਰਮਜੀਤ ਦੇ ਡੈਡੀ ਨੇ ਫੋਨ ਕਰਕੇ ਘਰੇ ਦੱਸਿਆ, 'ਬੇਟੀ ਤੁਹਾਡਾ ਵੀਰ ਆ ਗਿਆ।" ਦੋਵੇਂ ਬੱਚੀਆਂ ਨੇ ਪਹਿਲਾਂ ਹੀ ਬਣਾਈ ਸਕੀਮ ਅਨੁਸਾਰ ਆਤਮ-ਹੱਤਿਆ ਕਰ ਲਈ ਤੇ ਪਰਚੇ 'ਤੇ ਲਿਖ ਦਿੱਤਾ, "ਹੁਣ ਤੁਹਾਨੂੰ ਉਹ ਮਿਲ ਗਿਆ, ਜਿਸ ਦੀ ਤੁਹਾਨੂੰ ਲੋੜ ਸੀ। ਹੁਣਸਾਡੀ..।

-ਮੇਜਰ ਸਿੰਘ



# ਵਿਅੰਗ ਅਨੋਖੀ ਖਬਰ



ਪਿਛਲੀ ਰਾਤ ਬੱਸ ਸਟੈਂਡ ਕੋਲ ਵਾਲੀਆਂ ਝੁੱਗੀਆਂ ਵਾਲਿਆਂ ਨੂੰ ਪੰਦਰਾਂ-ਵੀਹ ਡਾਕੂਆਂ ਨੇ ਘੇਰਾ ਪਾਉਣ ਦੀ ਲਾਈ ਖ਼ਬਰ ਜਿਉਂ ਹੀ 'ਪਰਸੋਂ ਤੱਕ' ਚੈਨਲ ਵਾਲਿਆਂ ਨੇ ਪ੍ਰਸਾਰਿਤ ਕੀਤੀ ਤਾਂ ਸਾਰੇ ਸੁੱਤੇ ਪਏ ਸ਼ਹਿਰ ਵਿਚ ਸਨਸਨੀ ਫੈਲ ਗਈ। ਡਾਕੂਆਂ ਨੇ ਸਾਰੇ ਲੁੱਟੇ ਹੋਏ ਮਾਲ ਜਿਵੇਂ ਰੂੜੀਆਂ ਵਿਚੋਂ ਚੁੱਗੇ ਹੋਏ ਖਾਲੀ ਫਟੇ-ਪੁਰਾਣੇ ਲਿਫਾਫੇ, ਬੋਰੇ, ਪਾਟੀਆਂ ਤਰਪਾਲਾਂ ਅਤੇ ਹੋਰ ਸਾਰੇ ਨਿੱਕ-ਸੁੱਕ ਦੀਆਂ ਪੰਡਾਂ ਬੰਨ੍ਹ ਕੇ ਚਾਰ ਡਾਕੂਆਂ ਦੇ ਸਾਈਕਲਾਂ 'ਤੇ ਰੱਖ ਕੇ ਆਪਣੇ ਅੱਡੇ ਵੱਲ ਨੂੰ ਰਵਾਨਾ ਕਰ ਦਿੱਤਾ। ਬਾਕੀ ਦੇ ਡਾਕੂ ਵੀ ਮਾਰੇ ਹੋਏ ਸਫਲ ਡਾਕੇ ਦੀ ਖੁਸ਼ੀ ਵਿਚ ਝੂੰਮਦੇ ਦੌੜਨ ਦੀ ਤਿਆਰੀ ਕਰ ਹੀ ਰਹੇ ਸਨ ਪਰ ਟੀ. ਵੀ. ਵਿਚ ਖ਼ਬਰ ਆਉਣ ਕਰਕੇ ਸਾਰੇ ਜ਼ਿਲ੍ਹੇ ਦੀ ਪੁਲਿਸ ਵੀ ਹਰਕਤ ਵਿਚ ਆ ਗਈ। ਘੇਰਾ ਪਿਆ ਦੇਖ ਡਾਕੂਆਂ ਨੇ ਵੀ ਪੁਜ਼ੀਸ਼ਨਾਂ ਲੈ ਲਈਆਂ। ਦੋਹਾਂ ਪਾਸਿਉਂ ਰਾਈਫਲਾਂ ਅਤੇ ਗੁਲੇਲਾਂ ਚਲਣ ਲੱਗੀਆਂ, ਗੁਲੇਲਾਂ ਨਾਲ ਡੇਕ ਦੀਆਂ ਗੋਟਲੀਆਂ ਅਤੇ ਰਾਈਫਲਾਂ ਨਾਲ ਬਰਾਬਰ ਗੋਲੀਆਂ ਦਾ ਮੀਂਹ ਵਰ੍ਹਨ ਲੱਗਾ। ਲਗਾਤਾਰ ਪੰਜ ਘੰਟੇ ਤੱਕ ਚਲੇ ਮੁਕਾਬਲੇ ਵਿਚ ਪੁਲਿਸ ਨੂੰ ਕੋਈ ਵੀ ਕਾਮਯਾਬੀ ਨਾ ਮਿਲੀ ਤਾਂ ਪੁਲਿਸ ਨੇ ਵਾਇਰਲੈੱਸ ਕਰਕੇ ਹੋਰ ਪੁਲਿਸ ਅਤੇ ਕਮਾਂਡੋਜ਼ ਬੁਲਾ ਲਏ। ਗੋਲੀਆਂ ਤੇ ਗਟੋਲਾਂ ਡਾਕੂਆਂ ਦੀਆਂ ਵੀ ਤਕਰੀਬਨ ਖਤਮ ਵਰਗੀਆਂ ਹੀ ਸਨ ਨਾਲੇ ਪੁਲਿਸ ਦਾ ਘੇਰਾ ਤੰਗ ਹੁੰਦਾ ਦੇਖ ਡਾਕੂ ਵੀ ਉਸ ਜਗ੍ਹਾ ਨੂੰ ਛੱਡਣ ਦੀ ਵਿਉਂਤਬੰਦੀ ਕਰਨ ਲੱਗੇ। ਡਾਕੂਆਂ ਦੇ ਸਰਦਾਰ ਦੀ ਜਿਉਂ ਹੀ ਸੜਕ ਕੰਢੇ ਖੜ੍ਹੇ ਪੀ. ਡਬਲਿਊ. ਡੀ. ਵਾਲਿਆਂ ਦੇ ਰੋਡ ਰੋਲਰ 'ਤੇ ਪਈ ਤਾਂ ਉਸ ਦਿਮਾਗ ਨੇ ਮਿੰਟਾਂ ਵਿਚ ਹੀ ਸਾਰੀ ਪਲਾਨਿੰਗ ਕਰ ਲਈ। ਉਸ ਨੇ ਆਪਣੇ ਸਾਰੇ ਸਾਥੀ ਡਾਕੂਆਂ ਨੂੰ ਕੁਝ ਸਮਝਾਉਣ ਤੋਂ ਬਾਅਦ 'ਅੱਖ ਝਪਕਦਿਆਂ ਹੀ ਸਾਰੇ ਡਾਕੂ ਉਸ ਰੋਡ ਰੋਲਰ 'ਤੇ ਸਵਾਰ ਹੋ ਕੇ ਹਨ੍ਹੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋਣ 'ਚ ਸਫਲ ਹੋ ਗਏ। ਪੁਲਿਸ ਨੇ ਡਾਕੂਆਂ ਪਿੱਛੇ ਬਥੇਰੀਆਂ ਜਿਪਸੀਆਂ ਲਾਈਆਂ ਪਰ ਹੱਥ ਅਸਫਲਤਾ ਹੀ ਲੱਗੀ। ਡਾਕੂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਏ ਸਨ। ਪੁਲਿਸ ਇਕ ਵਾਰ ਫਿਰ ਨਾਕਾਮ। ਪਰ ਪੁਲਿਸ ਨੂੰ ਉਸ ਵਕਤ ਬਹੁਤ ਹੀ ਵੱਡੀ ਸਫਲਤਾ ਹਾਸਲ ਹੋਈ ਜਦੋਂ ਸਿਰਫ ਅੱਧੇ ਘੰਟੇ ਬਾਅਦ ਉਹੀ ਰੋਡ ਰੋਲਰ ਵਾਰਦਾਤ ਵਾਲੀ ਥਾਂ ਤੋਂ ਸਵਾ ਕੁ ਸੌ ਕਿਲੋਮੀਟਰ ਦੂਰ ਪੱਛਮ ਵਾਲੇ ਪਾਸਿਉਂ ਪੁਲਿਸ ਨੇ ਬਰਾਮਦ ਕੀਤਾ। ਪੁਲਿਸ ਦਾ ਕਹਿਣਾ ਹੈ ਕਿ ਅਪਰਾਧੀ ਕਿੰਨਾ ਵੀ ਹੁਸ਼ਿਆਰ ਹੋਵੇ, ਉਹ ਪਿੱਛੇ ਕੋਈ ਨਾ ਕੋਈ ਸਬੂਤ ਜ਼ਰੂਰ ਛੱਡ ਜਾਂਦਾ ਹੈ। ਇਸ ਕਰਕੇ ਪੁਲਿਸ ਉਸ ਰੋਡ ਰੋਲਰ ਨੂੰ ਟੋਅ ਕਰਕੇ ਥਾਣੇ ਵਿਚ ਲਿਆ ਕੇ ਉਸ ਰੋਲਰ ਦੀ ਬਹੁਤ ਹੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਤਾਂ ਕਿ ਡਾਕੂਆਂ ਦੇ ਟਿਕਾਣੇ ਦੀ ਅਤੇ ਲੁੱਟੇ ਹੋਏ ਮਾਲ ਦੀ ਕੋਈ ਨਾ ਕੋਈ ਸੂਹ ਜਾਂ ਕੋਈ ਹੋਰ ਠੋਸ ਸਬੂਤ ਮਿਲ ਸਕੇ। ਖ਼ਬਰ ਲਿਖੇ ਜਾਣ ਤੱਕ ਪੁਲਿਸ ਕਿਸੇ ਵੀ ਨਤੀਜੇ 'ਤੇ ਨਹੀਂ ਸੀ ਪਹੁੰਚ ਸਕੀ। ਛਾਣਬੀਨ ਜਾਰੀ ਹੈ।

ਗੁਰਦੀਪ ਮਣਕੂ (ਪੋਨਾ)

# ਮਿੰਨੀ ਕਹਾਣੀਆਂ

## ਚੰਗੀ ਸਿਹਤ

ਇਕ ਪਿੰਡ ਵਿਚ ਇਕ ਸੇਠ ਰਹਿੰਦਾ ਸੀ। ਉਹ ਬਹੁਤ ਜ਼ਿਆਦਾ ਅਮੀਰ ਸੀ। ਸੇਠ ਦੇ ਇਕੋ ਔਲਾਦ ਹੋਣ ਕਰਕੇ ਸੇਠ ਉਸ ਦੀਆਂ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਦਾ ਸੀ। ਛੋਟੀ ਉਮਰ ਦਾ ਹੋਣ ਕਰਕੇ ਗੁਰਜੀਤ ਬਹੁਤ ਚਾਕਲੇਟ, ਆਈਸਕ੍ਰੀਮ, ਟੌਫੀਆਂ ਆਦਿ ਸ਼ੌਕ ਨਾਲ ਖਾਂਦਾ ਸੀ। ਸੇਠ ਨੂੰ ਪਤਾ ਸੀ ਕਿ ਇਹਸਭ ਕੁਝ ਖਾਣ ਨਾਲ ਉਸ ਦੇ ਦੰਦ ਅਤੇ ਸਿਹਤ ਖਰਾਬ ਹੋ ਜਾਵੇਗੀ। ਪਰ ਇਕੋ ਔਲਾਦ ਹੋਣ ਕਰਕੇ ਉਹ ਉਸ ਨੂੰ ਕੁਝ ਨਹੀਂ ਸੀ ਕਹਿੰਦਾ। ਸੇਠ ਦੀ ਪਤਨੀ ਉਸ ਨੂੰ ਬਹੁਤ ਸਮਝਾਉਂਦੀ ਸੀ। ਲੇਕਿਨ ਗੁਰਜੀਤ ਫਿਰ ਵੀ ਕੁਝ ਨਾ ਕੁਝ ਖਾਈ ਜਾਂਦਾ ਸੀ। ਉਹ ਕੋਈ ਵੀ ਕੰਮ ਆਪ ਨਹੀਂ ਸੀ ਕਰਦਾ। ਹਮੇਸ਼ਾ ਵਿਹਲਾ ਰਹਿੰਦਾ ਸੀ, ਜਿਸ ਕਾਰਨ ਉਸ ਦੀ ਸਿਹਤ ਵਿਗੜਦੀ ਜਾ ਰਹੀ ਸੀ।

ਇਕ ਰਾਤ ਉਸ ਨੇ ਸੁਪਨੇ ਵਿਚ ਦੇਖਿਆ ਕਿ ਇਕ ਜਾਦੂਗਰ ਉਸ ਦੇ ਕੋਲ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਗੁਰਜੀਤ ਤੂੰ ਤਿੰਨ ਸਾਲ ਦੇ ਬਾਅਦ ਮਰ ਜਾਵੇਂਗਾ। ਇਹ ਸੁਣ ਕੇ ਗੁਰਜੀਤ ਨੂੰ ਯਕੀਨ ਨਹੀਂ ਹੋਇਆ। ਫਿਰ ਉਸ ਨੇ ਪੁੱਛਿਆ ਕਿ ਕਿਉਂ? ਜਾਦੂਗਰ ਨੇ ਕਿਹਾ ਕਿ ਤੂੰ ਬਹੁਤ ਚਾਕਲੇਟ, ਆਈਸਕ੍ਰੀਮ ਖਾਂਦਾਂ ਏਂ ਤੇ ਤੇਰੇ ਮਾਤਾ-ਪਿਤਾ ਤੈਨੂੰ ਇਹ ਖਾਣ ਤੋਂ ਨਹੀਂ ਰੋਕਦੇ ਕਿਉਂਕਿ ਤੂੰ ਉਨ੍ਹਾਂ ਦੀ ਇਕੋ ਇਕ ਔਲਾਦ ਹੈਂ ਅਤੇ ਉਹ ਤੈਨੂੰ ਹਮੇਸ਼ਾ ਖੁਸ਼ ਦੇਖਣਾ ਚਾਹੁੰਦੇ ਹਨ। ਇਹ ਚੀਜ਼ਾਂ ਤੇਰੀ ਸਿਹਤ ਲਈ ਬਹੁਤ ਹਾਨੀਕਾਰਕ ਹਨ।

ਜੇਕਰ ਤੂੰ ਇਹ ਚੀਜ਼ਾਂ ਐਵੇਂ ਹੀ ਖਾਂਦਾ ਰਿਹਾ ਅਤੇ ਚੰਗਾ ਭੋਜਨ ਨਾ ਖਾਧਾ ਤਾਂ ਤੇਰੀ ਸਿਹਤ ਵਿਗੜ ਜਾਵੇਗੀ। ਫਿਰ ਗੁਰਜੀਤ ਨੂੰ ਇਹ ਗੱਲ ਸਮਝ ਵਿਚ ਆ ਗਈ ਅਤੇ ਉਸ ਨੇ ਵਚਨ ਲਿਆ ਕਿ ਅੱਗੇ ਤੋਂ ਚੰਗਾ ਭੋਜਨ ਖਾਇਆ ਕਰੇਗਾ।

ਉਸ ਨੇ ਇਹ ਗੱਲ ਆਪਣੇ ਮਾਤਾ-ਪਿਤਾ ਨੂੰ ਦੱਸੀ। ਉਸ ਨੇ ਇਹ ਗੱਲ ਆਪਣੇ ਦੋਸਤਾਂ ਨੂੰ ਵੀ ਦੱਸੀ ਅਤੇ ਕਿਹਾ ਕਿ ਅੱਗੇ ਤੋਂ ਉਹ ਵੀ ਚੰਗੀਆਂ ਚੀਜ਼ਾਂ ਖਾਣ ਤਾਂ ਕਿ ਤੁਸੀਂ ਵੀ ਸਿਹਤਮੰਦ ਰਹਿ ਸਕੋ।

– ਆਕਾਸ਼ਦੀਪ ਕੌਰ

# ਮਿੰਨੀ ਕਹਾਣੀਆਂ

## ਮੰਗ

ਗਲੀ ਦੀਆਂ ਤੀਵੀਆਂ ਸੰਤੋਖ ਕੌਰ ਨੂੰ ਮੁੰਡੇ ਦੇ ਵਿਆਹ ਦੀਆਂ ਵਧਾਈਆਂ ਦੇਣ ਆ ਰਹੀਆਂ ਸਨ। ਉਹ ਮੁੰਡੇ ਦਾ ਵਿਆਹ ਨਕੋਦਰ ਕਰ ਕੇ ਆਈ ਸੀ-ਅਖੇ! ਕੌਣ ਆਣ-ਜਾਣ ਦਾ ਝੰਜਟ ਕਰੇ। ਸੋਚਿਆ, ਮੈਂ ਵੀ ਵਧਾਈ ਦੇ ਆਵਾਂ-ਗਲੀ ਦਾ ਮਾਮਲਾ ਜੁ ਹੈ। ਖਾਸ ਗੱਲ ਇਹ ਵੀ ਸੀ ਕਿ ਸੰਤੋਖ ਕੌਰ ਨੇ ਦਾਜ ਨਹੀਂ ਸੀ ਲਿਆ। ਮੈਂ ਜਾ ਕੇ ਵੇਖਿਆ ਕਿ ਘਰ ਵਧੀਆ ਫਰਨੀਚਰ ਅਤੇ ਢੇਰਾਂ ਦੇ ਢੇਰ ਕੀਮਤੀ ਤੋਂ ਕੀਮਤੀ ਸਮਾਨ ਨਾਲ ਭਰਿਆ ਪਿਆ ਸੀ। ਮੇਰੇ ਮੂੰਹੋਂ ਨਿਕਲ ਗਿਆ, ਭੈਣ ਜੀ! ਆਹ ਕੀ! ਤੁਸੀਂ ਤਾਂ ਦਾਜ ਨਹੀਂ ਲੈਣਾ। ਸੰਤੋਖ ਕੌਰ ਕਹਿਣ ਲੱਗੀ, "ਭੈਣ ਜੀ ਜੋ ਦਿੱਤਾ ਆਪਣੀ ਧੀ ਨੂੰ ਦਿੱਤਾ, ਸਾਡੀ ਤਾਂ ਕੋਈ ਮੰਗ ਹੀ ਨਹੀਂ ਸੀ।

ਹਰਪ੍ਰੀਤ ਕੌਰ ਮਨਚੰਦਾ

## ਰੋਟੀ

ਜਾਦੂਗਰ ਤਮਾਸ਼ਾ ਦਿਖਾ ਰਿਹਾ ਸੀ। ਉਹ ਕਾਗਜ਼ ਨੂੰ ਸੌ ਦੇ ਨੋਟਾਂ ਵਿਚ ਬਦਲ ਦਿੰਦਾ। ਟੋਪੀ ਵਿਚੋਂ ਕਬੂਤਰ ਕੱਢ ਦਿੰਦਾ। ਉਹ ਕਿਸੇ ਨੂੰ ਵੀ ਬੁਲਾ ਕੇ ਉਸ ਤੋਂ ਸਿੱਕਿਆਂ ਦਾ ਡੱਬਾ ਭਰ ਲੈਂਦਾ। ਡੰਡਾ ਘੁੰਮਾ ਕੇ ਕਾਗਜ਼ ਤੋਂ ਤਰ੍ਹਾਂ-ਤਰ੍ਹਾਂ ਦੇ ਫੁੱਲ ਬਣਾ ਦਿੰਦਾ। ਜਾਦੂਗਰ ਦੇ ਇਸ ਤਮਾਸ਼ੇ 'ਤੇ ਲੋਕ ਤਾੜੀਆਂ ਵਜਾ ਰਹੇ ਸਨ। ਪਰ ਉਹ ਜਾਦੂ ਨਾਲ ਆਪਣੇ ਲਈ ਦੋ ਵਕਤ ਦੀ ਰੋਟੀ ਨਹੀਂ ਮੰਗਵਾ ਸਕਦਾ।

ਬੂਟਾ ਰਾਮ, ਮਾਖਾ ਚਹਿਲਾਂ

## ਨਜ਼ਰੀਆ

ਲਾਇਬਰੇਰੀ ਵਿਚ ਇਕ ਮੇਜ਼ 'ਤੇ ਪਏ ਤਿੰਨ ਚਾਰ ਅਖ਼ਬਾਰ ਆਪਸ ਵਿਚ ਗੱਲਾਂ ਕਰ ਰਹੇ ਸਨ :-

ਪਹਿਲਾ ਅਖ਼ਬਾਰ : ਆਪਣੀ ਵੀ ਕੋਈ ਜ਼ਿੰਦਗੀ ਏ। ਬੰਬ ਧਮਾਕਿਆਂ, ਐਕਸੀਡੈਂਟਾਂ, ਆਤਮ-ਹੱਤਿਆਵਾਂ, ਮੰਤਰੀਆਂ ਦੇ ਘੁਟਾਲਿਆਂ ਆਦਿ ਦੀਆਂ ਖ਼ਬਰਾਂ ਨਾਲ ਆਪਾਂ ਸਵੇਰੇ ਸਵੇਰੇ ਹੀ ਪਾਠਕਾਂ ਦੇ ਮੂਡ ਖਰਾਬ ਕਰ ਦਿੰਦੇ ਹਾਂ।

ਦੂਜਾ ਅਖ਼ਬਾਰ : ਹਾਂ ਯਾਰ, ਹੋਰ ਤਾਂ ਹੋਰ ਫਿਲਮੀ ਐਕਟਰਸਾਂ ਤੇ ਤਰ੍ਹਾਂ-ਤਰ੍ਹਾਂ ਦੀਆਂ ਮਾਡਲਾਂ ਦੇ ਅਸ਼ਲੀਲ ਫੋਟੋ ਪਾਠਕਾਂ ਅੰਦਰ ਗਲਤ ਪ੍ਰਵਿਰਤੀਆਂ ਜਗਾਉਂਦੇ ਹਨ।

ਤੀਜਾ ਅਖ਼ਬਾਰ : ਤਿੰਨ-ਤਿੰਨ ਸਾਲਾਂ ਦੀਆਂ ਮਾਸੂਮ ਬੱਚੀਆਂ ਨਾਲ ਬਲਾਤਕਾਰ, ਭਰੂਣ-ਹੱਤਿਆਵਾਂ, ਨਵ-ਵਿਆਹੁਤਾ ਦਾ ਸਹੁਰਿਆਂ ਵੱਲੋਂ ਮਾਰ ਦਿੱਤੇ ਜਾਣ ਦੀਆਂ ਵਾਰਦਾਤਾਂ। ਇਹੋ ਜਿਹੀਆਂ ਹੈਵਾਨਗੀ ਭਰੀਆਂ ਖ਼ਬਰਾਂ ਨਾਲ ਲੋਕਾਂ ਦੇ ਦਿਲ ਦਹਿਲ ਜਾਂਦੇ ਹਨ। ਕੀ ਸਿੱਖਿਆ ਦਿੰਦੇ ਹਾਂ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ?

ਚੌਥਾ ਅਖ਼ਬਾਰ : ਗੁਰੂ ਨਾਨਕ ਦੇਵ ਜੀ, ਮਹਾਤਮਾ ਬੁੱਧ, ਈਸਾ ਮਸੀਹ, ਸਵਾਮੀ ਦਇਆ ਨੰਦ ਵਰਗੀਆਂ ਹੋਰ ਮਹਾਨ ਆਤਮਾਵਾਂ ਬਾਰੇ ਸਮੱਗਰੀ, ਵਿਗਿਆਨ ਦੀਆਂ ਕਾਢਾਂ, ਸਿਹਤ ਬਾਰੇ, ਰਸੋਈ ਬਾਰੇ ਅਤੇ ਬੱਚਿਆਂ ਦੇ ਸੁੰਦਰ ਚਿੱਤਰ ਆਦਿ ਤਰ੍ਹਾਂ-ਤਰ੍ਹਾਂ ਦੀ ਜਾਣਕਾਰੀ ਵੀ ਤਾਂ ਹੁੰਦੀ ਹੈ ਅਖ਼ਬਾਰ ਵਿਚ। ਇਹ ਤਾਂ ਸਭ ਕੁਝ ਪਾਠਕ ਦੇ ਪੜ੍ਹਨ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਏ ਕਿ ਕਿਹੜਾ ਕੀ ਪੜ੍ਹਨਾ ਪਸੰਦ ਕਰਦਾ ਏ?

ਰਿੰਪੀ ਪਨੇਸਰ



# ਕਾਵਿ ਰਚਨਾ

## ਗਜ਼ਲਾਂ

ਪੱਥਰਾਂ ਵਿਚ ਵਹੇ, ਇਕ ਨਦੀ ਸਾਂਵਲੀ।
ਦਰਦ ਦਿਲ ਦਾ ਕਹੇ, ਇਕ ਨਦੀਂ ਸਾਂਵਲੀ।
ਪੀੜ ਜ਼ਖਮਾਂ ਦੀ ਮਹਿਣੇ, ਤੇ ਇਲਜ਼ਾਮ ਸਹਿ,
ਗਮ ਦੇ ਸਾਗਰ ਲੋਹੇ, ਇਕ ਨਦੀ ਸਾਂਵਲੀ।
ਮੈਂ ਜਦੋਂ ਵੀ ਲਿਖਾਂ, ਗੀਤ ਕੋਈ ਗਜ਼ਲ,
ਮਨ ਵਿਚ ਮੇਰੇ ਰਹੇ, ਇਕ ਨਦੀ ਸਾਂਵਲੀ।
ਹੌਕਿਆਂ ਨੂੰ ਦਬਾ, ਹੰਝੂਆਂ ਨੂੰ ਛੁਪਾ
ਹਰ ਸਿੱਤਮ ਨਿੱਤ ਸਹੇ, ਇਕ ਨਦੀ ਸਾਂਵਲੀ
ਜਾਣਦੇ ਹੋਏ ਵੀ, ਬਣ ਕੇ ਅਣਜਾਣ ਹੀ
ਕੁਝ ਨਾ ਬੋਲੇ ਕਹੇ, ਇਕ ਨਦੀ ਸਾਂਵਲੀ।
ਦਿਲ ਵਿਚ ਮੇਰੇ ਉਹ, ਹਰ ਵਾਰ ਜਾਵੇ ਉਤਰ
ਪਾਸ ਜਦ ਵੀ ਬਹੇ, ਇਕ ਨਦੀ ਸਾਂਵਲੀ।
ਕਾਸ਼ ਸਮਝੇ ਉਹ, ਜੋ ਉਸ ਨੂੰ ਕਹਿ ਨਾ ਸਕਾਂ,
ਬਣ ਕੇ ਮੇਰੀ ਰਹੇ, ਇਕ ਨਦੀ ਸਾਂਵਲੀ।

* * * * *

ਹਰ ਮੋੜ ਮਕਤਲਾਂ ਨੇ ਹੋਰ ਚੌਕ ਕਤਲਗਾਹਾਂ,
ਕਿਧਰੇ ਵੀ ਜ਼ਿੰਦਗੀ ਨੂੰ ਨਹੀਂ ਮਿਲਦੀਆਂ ਪਨਾਹਾਂ
ਕਦਮਾਂ 'ਚ ਤੇਰੇ ਅਰਪਣ ਤਾਉਮਰ ਦੀ ਕਮਾਈ
ਅਸ਼ਕਾਂ ਦਾ ਇਕ ਸਮੁੰਦਰ ਲੱਖਾਂ ਹੀ ਸਰਦ ਆਹਾਂ।
ਦਰਵੇਸ਼ ਬੇਜ਼ੁਬਾਂ ਹਾਂ ਖਾਮੋਸ਼ ਚੀਕ ਮੇਰੀ,
ਦੁਨੀਆਂ ਨੂੰ ਨਾ ਸੁਣੇਗੀ ਕਿੰਨਾ ਵੀ ਮੈਂ ਕਰਾਹਾਂ
ਤਨ ਵੀ ਨਹੀਂ ਹੈ ਸਾਬਤ ਮਨ ਵੀ ਨਹੀਂ ਸਲਾਤਮ
ਤੇਰੀ ਪ੍ਰੀਤ ਲੈ ਤੂੰ ਅਣਲਿਖੇ ਨੂੰ ਸੁਣ ਲੈ ਤੂੰ ਅਦਕਹੇ ਨੂੰ
ਲੂ ਲੂ ਵਿਚ ਤਜ਼ਕਰਾ ਹੈ ਕਿੰਨਾ ਮੈਂ ਤੈਨੂੰ ਚਾਹਾਂ
ਸੁਣ ਲੈ ਪੁਕਾਰ ਮੇਰੀ ਖੰਭਾਂ 'ਚ ਤਾਣ ਭਰਦੇ
ਤੇਰੀ ਦੀਦਾਰ ਖਾਤਰ ਗਗਨਾਂਤਰਾਂ ਨੂੰ ਗਾਹਾਂ
ਅਜ਼ਲਾਂ ਤੋਂ ਮੁੰਤਜ਼ਿਰ ਹਾਂ ਆ ਮਿਲ ਹੁਣੇ ਹੀ ਵਰਨਾ
ਚੜ੍ਹਿਆ ਚਨਾਬ ਹਾਂ ਮੈਂ ਹੁਣ ਕਿੰਗਰੇ ਵੀ ਢਾਹਾਂ।

-ਡਾ. ਸਰਬਜੀਤ

* * * * *

ਰਾਤ ਦਾ ਸੰਨਾਟਾ ਹੈ ਤੇ ਦਿਨ ਦੀ ਖਾਮੋਸ਼ੀ ਹੈ,
ਹਰਕਤ-ਏ-ਲਾਸ਼ ਹੈ ਤੇ ਰੂਹ ਦੀ ਬੇਹੋਸ਼ੀ ਹੈ।
ਕਬਰਾਂ ਦਾ ਰਾਜ ਦਿੱਤਾ ਪਰਜਾ ਨੇ ਮੁਰਦੇ,
ਕਿਹੋ-ਜਿਹਾ ਜਸ਼ਨ ਇਹ ਕੇਹੀ ਤਾਜਪੋਸ਼ੀ ਹੈ।
ਸੂਰਤ ਦਾ ਜੋ ਵੀ ਚੰਗਾ ਲੱਗੇ ਉਹੀ ਮਹਿਬੂਬ,
ਪਿਆਰ ਨਹੀਂ ਯਾਰੋ ਇਹ ਤਾਂ ਜਿਸਮਫਰੋਸ਼ੀ ਹੈ।
ਖ਼ਫਾ ਕੁਝ ਬੋਲਾਂ ਜੇ ਮੈਂ ਚੁੱਪ ਰਹਾਂ ਸੜਦੇ ਨੇ,
ਲੋਕਾਂ ਪੱਲੇ ਪਾਈ ਮੇਰੇ ਅਜ਼ਬ ਨਮੋਸ਼ੀ ਹੈ।
ਹਸ਼ਰ ਦੇ ਵੇਲੇ ਖੌਰੇ ਹਸ਼ਰ ਕੀ ਹੋਣਾ ਏ,
ਮਿਲੀ ਨਾ ਪਰਮਜੀਤ' ਖੁਸ਼ੀ ਜੋ ਵੀ ਲੋਚੀ ਹੈ।

# ਕਾਵਿ ਕਿਆਰੀ

ਵੱਡਾ ਪੁੰਨ :-
ਮੈਂ ਵੇਖਦਾ ਹਾਂ ਤੂੰ, ਹਰ ਰੋਜ਼
ਗਊ ਨੂੰ ਆਟੇ ਦਾ ਪੇੜਾ ਜ਼ਰੂਰ
ਚਾਰਦੀ ਏਂ
ਮੈਨੂੰ ਪਤਾ ਹੈ
ਤੂੰ ਬਹੁਤ ਵੱਡਾ ਪੁੰਨ ਸਮਝਦੀ ਏਂ
ਗਊ ਨੂੰ ਪੇੜਾ ਚਾਰਨਾ
ਪਰ
ਤੇਰੇ ਪੜੋਸੀਆਂ ਦੇ ਮਾਸੂਮ ਬੱਚੇ
ਤੈਨੂੰ ਪਤਾ ਹੈ
ਰੋਜ਼ਾਨਾ ਹੀ
ਭੁੱਖਣ ਭਾਣੇ ਸੌਂਦੇ ਹਨ
ਤਰਸਦੇ ਨੇ ਏਸ ਆਟੇ ਨੂੰ
ਜੋ ਤੂੰ ਨਿੱਤ ਚਾਰਦੀ ਏਂ ਗਊ ਨੂੰ
ਕੀ ਤੂੰ ਕਿਸੇ ਇਨਸਾਨ ਨੂੰ
ਰੋਟੀ ਦੀ ਬੁਰਕੀ ਦੇਣੀ
ਪੁੰਨ ਨਹੀਂ ਸਮਝਦੀ
ਜ਼ਰਾ ਸੋਚ
ਭੁੱਖੇ ਇਨਸਾਨ ਨੂੰ ਰਜਾਉਣਾ
ਪੁੰਨ ਨਹੀਂ, ਕਿ ਪੁੰਨ ਹੈ
ਪੁੰਨ ਹੈ ਜਾਂ
ਗਊ ਨੂੰ ਪੇੜਾ ਚਾਰਨ ਤੋਂ ਵੀ ਵੱਡਾ ਪੁੰਨ
ਹੈ।

-ਬੇਅੰਤ ਗਿੱਲ

## ਮੁਖ਼ਾਤਿਬ

ਉਸ ਨੂੰ ਕਵਿਤਾ ਨੇ ਪੁੱਛਿਆ
ਤੂੰ ਕੌਣ ਏਂ?
ਬੰਦਾ ਇਸ ਦੇ ਇਵਜ਼
ਕੁਝ ਬੋਲਣਾ ਚਾਹ ਕੇ ਵੀ
ਨਾ ਬੋਲਿਆ
ਕਵਿਤਾ ਫਿਰ ਮੁਖ਼ਾਤਿਬ ਹੋਈ
ਮੇਰੇ ਲੋਕਾਂ ਦੇ ਕੋਈ ਮਾਅਨੇ ਨਹੀਂ?
ਤਾਂ ਬੰਦਾ ਰਤਾ ਘਬਰਾਇਆ
ਡਰਿਆ, ਪਰ ਉਪਰੋਂ
ਮੁਸਕਰਾਇਆ ਅਤੇ ਦਹਿਸ਼ਤ
ਵਰਗੇ
ਬੋਲਾਂ ਨਾਲ
ਹੋਇਆ ਕਵਿਤਾ ਨੂੰ ਸੰਬੋਧਨ
ਐ ਕਵਿਤਾ, ਤੋੜ ਦਿਆਂਗਾ
ਮੈਂ ਤੇਰਾ ਭਰਮ
ਮੇਰੇ ਆਪਣੇ ਕਰਮ ਤੇਰਾ
ਆਪਣਾ
ਧਰਮ ਕਵਿਤਾ
ਇਸ ਦੇ ਇਵਜ਼ ਸ਼ਰਮਾਈ
ਥੋੜ੍ਹਾ ਮੁਸਕਰਾਈ
ਵੀ ਅਤੇ ਜ਼ਮੀਨ ਤੋਂ ਲਈ ਉਸ
ਨੇ ਅੰਬਰ ਦੀ ਉਡਾਣ
ਧਰਤ ਬਣੀ ਕਬਰਿਸਤਾਨ।...

## ਸੰਪਾਦਕੀ

# ਪੰਜਾਬ ਵਿੱਚ ਅੱਜ ਖੇਡ ਸੱਭਿਆਚਾਰ ਨੂੰ ਸੁਰਜੀਤ ਕਰਨ ਦੀ ਜ਼ਿਆਦਾ ਲੋੜ

ਕਿਸੇ ਵੀ ਸਮੇਂ ਨਾਲੋਂ ਪੰਜਾਬ ਵਿੱਚ ਅੱਜ ਖੇਡ ਸੱਭਿਆਚਾਰ ਨੂੰ ਸੁਰਜੀਤ ਕਰਨ ਦੀ ਜ਼ਿਆਦਾ ਲੋੜ ਹੈ ਕਿਉਂਕਿ ਸਾਡਾ ਨੌਜਵਾਨ ਵਰਗ ਬਹੁਤ ਸਾਰੀਆਂ ਘਾਤਕ ਚੁਣੌਤੀਆਂ ਨਾਲ ਘਿਰਿਆ ਹੋਇਆ ਹੈ ਜਿਨ੍ਹਾਂ ਦਾ ਟਾਕਰਾ ਕਰਨ ਲਈ ਉਸ ਨੂੰ ਸਰੀਰਕ, ਮਾਨਸਿਕ ਅਤੇ ਆਤਮਿਕ ਪੱਧਰ ’ਤੇ ਮਜ਼ਬੂਤ ਤੇ ਸਮੱਰਥ ਬਣਾਉਣਾ ਪਵੇਗਾ। ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਤੰਦੂਆ ਜਾਲ ਨੂੰ ਤੋੜਨ ਲਈ ਵੱਖ-ਵੱਖ ਪੱਧਰਾਂ ’ਤੇ ਹੰਭਲੇ ਮਾਰਨ ਦੀ ਲੋੜ ਦਰਸਾਈ ਜਾਂਦੀ ਰਹੀ ਹੈ ਤੇ ਹੁਣ ਇਸ ਦਿਸ਼ਾ ਵਿੱਚ ਕੁਝ ਗੰਭੀਰ ਯਤਨ ਕੀਤੇ ਵੀ ਜਾ ਰਹੇ ਹਨ ਜਿਨ੍ਹਾਂ ਦੇ ਹਾਂਦਰੂ ਸਿੱਟਿਆਂ ਦੀ ਉਮੀਦ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਇਸ ਵੱਲ ਉਚੇਚਾ ਧਿਆਨ ਦਿੰਦਿਆਂ ਕੁਝ ਪਹਿਲਕਦਮੀਆਂ ਕਰ ਰਹੀ ਹੈ। ਪੰਜਾਬ ਪੁਲੀਸ ਵੱਲੋਂ ਜ਼ਿਲ੍ਹਾ, ਸਬ ਡਿਵੀਜ਼ਨ ਅਤੇ ਤਹਿਸੀਲ ਪੱਧਰ ’ਤੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਤਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਖੇਡ ਸਰਗਰਮੀਆਂ ਵਿੱਚ ਸ਼ਾਮਿਲ ਕਰ ਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਦਿੱਤਾ ਜਾਵੇ। ਇਸ ਦਿਸ਼ਾ ਵਿੱਚ ਮਾਲੇਰਕੋਟਲਾ ਦੇ ਐੱਸਐੱਸਪੀ ਗਗਨ ਅਜੀਤ ਸਿੰਘ ਦੀ ਅਗਵਾਈ ਹੇਠ ਮਾਲੇਰਕੋਟਲਾ, ਅਮਰਗੜ੍ਹ ਅਤੇ ਅਹਿਮਦਗੜ੍ਹ ਸਬ ਡਿਵੀਜ਼ਨਾਂ ਅੰਦਰ ਫੁੱਟਬਾਲ, ਕਬੱਡੀ ਅਤੇ ਕੁਸ਼ਤੀ ਦੇ ਮੁਕਾਬਲੇ ਕਰਵਾਏ ਗਏ ਹਨ।

ਇਸੇ ਦੌਰਾਨ ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਦੋ ਸੌ ਤੋਂ ਵੱਧ ਪਿੰਡਾਂ ਵਿੱਚ ਨਵੇਂ ਖੇਡ ਮੈਦਾਨਾਂ ਦਾ ਨਿਰਮਾਣ ਕਰਨ ਅਤੇ ਖੇਡ ਮੈਦਾਨਾਂ ਦੀ ਦੇਖ-ਰੇਖ ਕਰਨ ਲਈ ਜ਼ਿਲ੍ਹਾ ਖੇਡ ਮੈਦਾਨ ਸੰਭਾਲ ਕਮੇਟੀ×ਨਬਸਪ; (ਡੀਪੀਐੱਮਐੱਸ) ਕਾਇਮ ਕੀਤੀ ਹੈ। ਪਹਿਲੇ ਪੜਾਅ ਤਹਿਤ ਇਹ ਕਮੇਟੀ ਜ਼ਿਲ੍ਹੇ ਦੇ ਪਿੰਡਾਂ ਵਿੱਚ ਸਵਾ ਦੋ ਸੌ ਖੇਡ ਮੈਦਾਨਾਂ ਦੀ ਸਾਂਭ-ਸੰਭਾਲ ਕਰੇਗੀ ਅਤੇ ਇਸ ਕੰਮ ਲਈ 30 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ। ਨਸ਼ਿਆਂ ਦੀ ਕੌਮਾਂਤਰੀ ਤਸਕਰੀ ਨੂੰ ਠੱਲ੍ਹ ਪਾਉਣੀ ਅਜੇ ਦੂਰ ਦੀ ਕੌਡੀ ਹੋ ਸਕਦੀ ਹੈ ਪਰ ਅਸੀਂ ਆਪਣੇ ਸੂਬੇ ਨੂੰ ਇਨ੍ਹਾਂ ਦੀ ਮਾਰ ਤੋਂ ਬਚਾਉਣ ਦੇ ਉਪਰਾਲੇ ਕਰ ਸਕਦੇ ਹਾਂ। ਇਸ ਮਾਮਲੇ ਵਿੱਚ ਖੇਡਾਂ ਨਸ਼ਾਖੋਰੀ ਦਾ ਕਾਰਗਰ ਤੋੜ ਬਣ ਸਕਦੀਆਂ ਹਨ। ਪੰਜਾਬ ਕੋਲ ਨਾ ਤਾਂ ਖੇਡ ਨਾਇਕਾਂ ਦੀ ਤੋਟ ਰਹੀ ਹੈ ਤੇ ਨਾ ਹੀ ਪ੍ਰਤਿਭਾ ਦੀ। ਇਸ ਦਿਸ਼ਾ ਵਿੱਚ ਠੋਸ ਅਤੇ ਬੱਝਵੇਂ ਹੰਭਲਿਆਂ ਤੇ ਹੌਲੀ-ਹੌਲੀ ਇਸ ਨੂੰ ਜਨਤਕ ਲਹਿਰ ਦਾ ਰੂਪ ਦੇਣ ਦੀ ਲੋੜ ਹੈ।

ਪੰਜਾਬ ਦੇ ਕਈ ਪਿੰਡਾਂ ਵਿੱਚ ਖੇਡ ਮੈਦਾਨ ਤਾਂ ਹਨ ਪਰ ਉੱਥੇ ਸਾਜ਼ੋ-ਸਾਮਾਨ ਅਤੇ ਸਿਖਲਾਈ ਤੇ ਮਾਰਗ ਦਰਸ਼ਨ ਉਪਲਬਧ ਨਹੀਂ। ਇਸ ਦਿਸ਼ਾ ਵਿੱਚ ਪ੍ਰਸ਼ਾਸਨ ਅਤੇ ਪੁਲੀਸ ਦੇ ਯਤਨ ਸ਼ਲਾਘਾਯੋਗ ਹਨ ਪਰ ਪੰਚਾਇਤਾਂ ਤੇ ਮੁਕਾਮੀ ਯੂਥ ਅਤੇ ਖੇਡ ਕਲੱਬਾਂ ਨੂੰ ਵੀ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਖੇਡ ਸੱਭਿਆਚਾਰ ਨੂੰ ਸੁਰਜੀਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਮੁਹਿੰਮ ਤਹਿਤ ਜਿੱਥੇ ਸਾਡੀਆਂ ਕਬੱਡੀ ਜਿਹੀਆਂ ਰਵਾਇਤੀ ਖੇਡਾਂ ਨੂੰ ਆਸਾਨੀ ਨਾਲ ਸੁਰਜੀਤ ਕੀਤਾ ਜਾ ਸਕਦਾ ਹੈ, ਉੱਥੇ ਫੁੱਟਬਾਲ, ਹਾਕੀ, ਅਥਲੈਟਿਕਸ, ਬੈਡਮਿੰਟਨ ਤੇ ਵਾਲੀਬਾਲ ਜਿਹੀਆਂ ਖੇਡਾਂ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਕ੍ਰਿਕਟ ਦਾ ਮੋਹ ਕਿਸੇ ਤੋਂ ਵੀ ਲੁਕਿਆ ਨਹੀਂ ਹੈ ਤੇ ਇਸ ਨੂੰ ਵੀ ਠੀਕ ਦਿਸ਼ਾ ਵਿੱਚ ਵਿਉਂਤਣ ਦੀ ਲੋੜ ਹੈ।

## ਪੁਲਿਸ ਹਿਰਾਸਤ ਵਿਚ ਵੱਧ ਰਹੇ ਤਸ਼ੱਦਦ ਦੇ ਮਾਮਲੇ

ਆਈਜੀਪੀ ਜ਼ਹੂਰ ਹੈਦਰ ਜ਼ੈਦੀ ਅਤੇ ਸੱਤ ਹੋਰ ਪੁਲੀਸ ਕਰਮੀਆਂ ਨੂੰ ਹਿਰਾਸਤੀ ਮੌਤ ਦੇ ਕੇਸ ਵਿੱਚ ਹੋਈ ਸਜ਼ਾ ਉਨ੍ਹਾਂ ਦੁਖਦਾਈ ਘਟਨਾਵਾਂ ਦਾ ਕਠੋਰਤਾ ਨਾਲ ਚੇਤਾ ਕਰਵਾਉਂਦੀ ਹੈ ਜਿਹੜੀਆਂ ਉਸ ਵੇਲੇ ਵਾਪਰਦੀਆਂ ਹਨ ਜਦੋਂ ਪੁਲੀਸ ਕਰਮੀ ਹੀ ਕਾਨੂੰਨ ਆਪਣੇ ਹੱਥਾਂ ’ਚ ਲੈ ਲੈਂਦੇ ਹਨ। ਸੰਨ 2017 ਵਿੱਚ ਹਿਮਾਚਲ ਪ੍ਰਦੇਸ਼ ਵਰਗੇ ਸ਼ਾਂਤ ਸੂਬੇ ਦੇ ਕੋਟਖਾਈ ’ਚ ਸਕੂਲੀ ਬੱਚੀ ਨਾਲ ਹੋਏ ਸਮੂਹਿਕ ਜਬਰ-ਜਨਾਹ ਅਤੇ ਮਗਰੋਂ ਹੱਤਿਆ ਦੇ ਮਾਮਲੇ ਨੇ ਪੂਰੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਭਿਆਨਕ ਅਪਰਾਧ ’ਤੇ ਲੋਕਾਂ ਨੇ ਕਾਫ਼ੀ ਗੁੱਸਾ ਕੱਢਿਆ ਸੀ ਜਿਸ ਤੋਂ ਬਾਅਦ ਰਾਜ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਜ਼ੈਦੀ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ (ਸਿਟ) ਗਠਿਤ ਕੀਤੀ ਸੀ। ਸ਼ੱਕ ਦੇ ਆਧਾਰ ’ਤੇ ‘ਸਿਟ’ ਨੇ ਛੇ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਪਰ ਜਦੋਂ ਇਨ੍ਹਾਂ ਵਿੱਚੋਂ ਇੱਕ ਦੀ ਪੁਲੀਸ ਹਿਰਾਸਤ ਵਿੱਚ ਮੌਤ ਹੋ ਗਈ ਤਾਂ ਸਾਰੀ ਜਾਂਚ ਪ੍ਰਕਿਰਿਆ ਹੀ ਸ਼ੱਕ ਦੇ ਘੇਰੇ ਵਿੱਚ ਆ ਗਈ। ਹੁਣ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਫ਼ੈਸਲਾ ਸੁਣਾਇਆ ਹੈ ਕਿ ਜਾਂਚ ਟੀਮ ਦੇ ਮੈਂਬਰ ਹੱਤਿਆ, ਅਪਰਾਧ ਕਬੂਲ ਕਰਾਉਣ ਲਈ ਤਸ਼ੱਦਦ ਢਾਹੁਣ ਦੇ ਦੋਸ਼ੀ ਹਨ। ਉਨ੍ਹਾਂ ਨੂੰ ਸਬੂਤ ਘੜਨ ਤੇ ਹੋਰ ਗੰਭੀਰ ਅਪਰਾਧਾਂ ਦਾ ਦੋਸ਼ੀ ਵੀ ਠਹਿਰਾਇਆ ਗਿਆ ਹੈ।

‘ਜਲਦੀ ਤੋਂ ਜਲਦੀ ਨਤੀਜਾ’ ਦੇਣ ਦੇ ਦਬਾਅ ਵਿੱਚ ਆਈ ‘ਸਿਟ’ ਨੇ ਇੱਕ ਤੋਂ ਬਾਅਦ ਇੱਕ ਹੱਦ ਪਾਰ ਕੀਤੀ। ਇਹ ਸੱਚ ਹੈ ਕਿ ਘਿਨਾਉਣੇ ਜਬਰ-ਜਨਾਹ ਤੇ ਹੱਤਿਆ ਦੇ ਮਾਮਲੇ ’ਤੇ ਲੋਕਾਂ ਦਾ ਗੁੱਸਾ ਸਿਖ਼ਰਾਂ ਉੱਤੇ ਪਹੁੰਚ ਗਿਆ ਸੀ ਪਰ ਇਸ ਦਾ ਇਹ ਮਤਲਬ ਨਹੀਂ ਸੀ ਕਿ ਪੁਲੀਸ ਕਰਮੀ ‘ਤੁਰੰਤ ਨਿਆਂ’ ਦੇਣ ਲਈ ਇਸ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ। ਇਹ ਦੇਸ਼ ਭਰ ਦੇ ਉਨ੍ਹਾਂ ਸਾਰੇ ਪੁਲੀਸ ਕਰਮੀਆਂ ਲਈ ਚਿਤਾਵਨੀ ਹੈ ਜਿਹੜੇ ਜਾਂਚ-ਪੜਤਾਲ ਦੌਰਾਨ ਨਤੀਜੇ ਪ੍ਰਾਪਤ ਕਰਨ ਲਈ ਕੋਈ ਵੀ ਰਾਹ ਫੜ ਲੈਂਦੇ ਹਨ। ਥਾਣਿਆਂ ’ਚ ਹਿੰਸਾ ਨੂੰ ਮਿਲਦੀ ਮਾਨਤਾ ਤੋਂ ਇਨ੍ਹਾਂ ਨੂੰ ਸ਼ਹਿ ਮਿਲਦੀ ਹੈ। ਸ਼ੱਕ ਦੇ ਆਧਾਰ ’ਤੇ ਫੜਿਆ, ਸਲਾਖ਼ਾਂ ਪਿੱਛੇ ਬੰਦ ਕੋਈ ਬੰਦਾ ਅਕਸਰ ਆਪਣੇ ਆਪ ਨੂੰ ਪੁਲੀਸ ਦੀ ਜ਼ਾਲਿਮਾਨਾ ਪਹੁੰਚ ਦੇ ਨਿਸ਼ਾਨੇ ਉੱਤੇ ਦੇਖਦਾ ਹੈ। ਸਾਲ 2021 ਵਿੱਚ ਭਾਰਤ ਦੇ ਤਤਕਾਲੀ ਚੀਫ ਜਸਟਿਸ ਐੱਨਵੀ ਰਮੰਨਾ ਨੇ ਦਰੁਸਤ ਫਰਮਾਇਆ ਸੀ ਕਿ ਥਾਣੇ ਮਾਨਵੀ ਅਧਿਕਾਰਾਂ ਲਈ ਸਭ ਤੋਂ ਵੱਡਾ ਖ਼ਤਰਾ ਹਨ ਕਿਉਂਕਿ ਸੰਵਿਧਾਨਕ ਗਰੰਟੀਆਂ ਦੇ ਬਾਵਜੂਦ ਹਿਰਾਸਤੀ ਤਸ਼ੱਦਦ ਤੇ ਪੁਲੀਸ ਦਾ ਅੱਤਿਆਚਾਰ ਵਿਆਪਕ ਪੱਧਰ ’ਤੇ ਨਜ਼ਰੀਂ ਪੈਂਦਾ ਹੈ। ਕਈ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਥਾਣਿਆਂ ਵਿੱਚ ਸੀਸੀਟੀਵੀ ਕੈਮਰੇ ਲਾਉਣ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਪੈਰ ਪਿੱਛੇ ਖਿੱਚਦੇ ਰਹੇ ਹਨ। ਪੁਲੀਸ ਦੇ ਸਬੰਧਿਤ ਉੱਚ ਅਧਿਕਾਰੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮੁੱਦੇ ’ਤੇ ਕੋਈ ਨਰਮੀ ਨਾ ਵਰਤੀ ਜਾਵੇ। ਆਪਣੇ ਅਧਿਕਾਰ ਖੇਤਰ ਦੀ ਬੇਸ਼ਰਮੀ ਨਾਲ ਉਲੰਘਣਾ ਕਰਨ ਵਾਲੇ ਪੁਲੀਸ ਕਰਮੀਆਂ ਖ਼ਿਲਾਫ਼ ਬਿਲਕੁਲ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਕਿਉਂਕਿ ਇਸ ਮਾਮਲੇ ’ਚ ਹਮੇਸ਼ਾ ਕਾਨੂੰਨ ਦੇ ਰਖਵਾਲਿਆਂ ਦੀ ਭਰੋਸੇਯੋਗਤਾ ਹੀ ਦਾਅ ਉੱਤੇ ਲੱਗੀ ਹੁੰਦੀ ਹੈ।

# ਅਵਾਰਾ ਘੁੰਮਦੇ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਰ ਪਾਏ



**ਸੁਨਾਮ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੱਲ ਰਹੇ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਟਰੈਫਿਕ ਪੁਲਿਸ ਸੁਨਾਮ ਅਤੇ ਲਾਇਨ ਕਲੱਬ ਸੁਨਾਮ ਵੱਲੋਂ ਸੜਕ ਹਾਦਸਿਆਂ ਨੂੰ ਘਟਾਉਣ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਵਿੱਚ ਅਵਾਰਾ ਘੁੰਮਦੇ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਰ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੁਣ ਤੱਕ 50 ਤੋਂ ਵੱਧ ਪਸ਼ੂਆਂ ਦੇ ਗੱਲਾਂ ਚ ਰਿਫਲੈਕਟਰ ਪਾ ਚੁੱਕੇ ਹਨ ਅਤੇ ਇਹ ਰਿਫਲੈਕਟਰ ਪਾਉਣ ਦਾ ਕੰਮ ਲਗਾਤਾਰ ਜਾਰੀ ਹੈ।

ਟਰੈਫਿਕ ਇੰਚਾਰਜ ਸੁਨਾਮ ਨਿਰਭੈ ਸਿੰਘ ਨੇ ਕਿਹਾ ਕਿ ਜਿੱਥੇ ਕਿ ਟਰੈਫਿਕ ਪੁਲਿਸ ਸਮਾਜ ਵਿਰੋਧੀ ਅੰਸਰਾਂ ਨਾਲ ਸਖਤ ਨਾਲ ਨਿਪਟ ਰਹੀ ਹੈ , ਟਰੈਫਿਕ ਨਿਯਮਾਂ ਦੇ ਕਾਨੂੰਨ ਤੋੜਨ ਵਾਲਿਆਂ ਦੇ ਵਿੱਚ ਚਲਾਨ ਕਰ ਰਹੀ ਹੈ ਉੱਥੇ ਹਮੇਸ਼ਾ ਹੀ ਸੜਕ ਸੁਰੱਖਿਆ ਲਈ ਕੰਮ ਕਰਦੇ ਰਹਿੰਦੇ ਹਾਂ ।

ਲਾਈਨ ਕਲੱਬ ਸੁਨਾਮ ਦੇ ਪ੍ਰਧਾਨ ਰਮਨ ਗਰਗ ਨੇ ਕਿਹਾ ਕਿ ਇਹ ਸਾਡਾ ਉਪਰਾਲਾ ਲਗਾਤਾਰ ਜਾਰੀ ਹੈ ਜਿੰਨਾ ਵੀ ਇਸ ਇਸ ਪ੍ਰੋਜੈਕਟ ਤੇ ਖਰਚਾ ਆਵੇਗਾ ਲਾਈਨ ਕਲੱਬ ਸੁਨਾਮ ਕਰਨ ਦਾ ਬਚਨ ਵੱਧ ਹੈ ਸਾਡੀ ਕੋਸ਼ਿਸ਼ ਰਹੇਗੀ ਕਿ ਸ਼ਹਿਰ ਦੇ ਹਰ ਇੱਕ ਅਵਾਰਾ ਪਸ਼ੂ ਦੇ ਗਲੇ ਵਿੱਚ ਰਿਫਲੈਕਟਰ ਪੈ ਸਕੇ। ਟਰੈਫਿਕ ਮਾਰਸਲ ਟੀਮ ਦੇ ਇੰਚਾਰਜ ਪੰਕਜ ਅਰੋੜਾ ਨੇ ਕਿਹਾ ਕਿ ਇਹ ਅਵਾਰਾ ਪਸ਼ੂਆਂ ਦੇ ਰਿਫਲੈਕਟਰ ਨਾਲ ਰਾਤ ਸਮੇਂ ਆਉਂਦੇ ਵਾਹਨ ਚਾਲਕਾਂ ਨੂੰ ਰੋਸ਼ਨੀ ਨਾਲ ਇੰਨਾ ਪਟਿਆਂ ਦੇ ਝਮਕਣ ਅਵਾਰਾ ਪਸ਼ੂ ਬਾਰੇ ਆਸਾਨੀ ਨਾਲ ਪਤਾ ਲੱਗ ਸਕਦਾ ਹੈ ਇਸ ਮੌਕੇ ਤੇ ਉਹਨਾਂ ਤੋਂ ਇਲਾਵਾ ਸੁਸ਼ੀਲ ਗੋਇਲ, ਦਿਨੇਸ਼ ਕੁਮਾਰ, ਭੂਸ਼ਣ ਕਾਂਸਲ, ਰੋਡ ਸੇਫਟੀ ਮੈਂਬਰ ਸੁਖਦੇਵ ਸਿੰਘ, ਭਾਰਤ ਗਰਗ, ਏਐਸਆਈ ਰਣਜੀਤ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

# ਉਚੇਰੀ ਸਿੱਖਿਆ ਮੰਤਰੀ ਵੱਲੋਂ ਕੀਤਾ ਵਾਅਦਾ ਵਫਾ ਨਹੀਂ ਹੋਇਆ

**ਸੁਨਾਮ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀ ਨੌਕਰੀ ਤੇ ਤਲਵਾਰ ਲਟਕ ਰਹੀ ਹੈ। ਦੱਸ ਦਈਏ ਕਿ ਸਾਢੇ ਤਿੰਨ ਮਹੀਨੇ ਪਹਿਲਾਂ ਗੈਸਟ ਫੈਕਲਟੀ ਸੰਯੁਕਤ ਫਰੰਟ ਸਰਕਾਰੀ ਕਾਲਜ ਪੰਜਾਬ ਦੇ ਵਫਦ ਨਾਲ ਮੁਖ ਸਕਤਰੇਤ ਚੰਡੀਗੜ੍ਹ ਵਿਖੇ ਹਰਜੋਤ ਸਿੰਘ ਬੈਂਸ ਸਿਖਿਆ ਮੰਤਰੀ ਪੰਜਾਬ ਨਾਲ ਹੋਈ ਇਕੱਤਰਤਾ ਵਿੱਚ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀ ਨੌਕਰੀ ਨੂੰ ਨਿਯਮਤ ਕਰਨ ਸਬੰਧੀ ਜਲਦ ਕੋਈ ਪਾਲਿਸੀ ਬਣਾਈ ਜਾਵੇਗੀ ਪਰ ਹਾਲੇ ਤੱਕ ਇਹ ਵਾਅਦਾ ਵਫਾ ਨਰ ਰਹੀਂ ਹੋਇਆ।

ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਕੰਮ ਕਰਦੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਡਾ ਕੁਲਦੀਪ ਸਿੰਘ ਬਾਹੀਆ, ਪ੍ਰੋ ਰਮਨਦੀਪ ਸਿੰਘ, ਡਾ ਮਨੀਤਾ ਜੋਸ਼ੀ, ਡਾ ਮਨਜਤ ਕੌਰ, ਪ੍ਰੋ ਸੁਮੀਤ ਸ਼ਰਮਾ, ਡਾ ਪਰਮਿੰਦਰ ਕੌਰ ਆਦਿ ਨੇ ਦੱਸਿਆ ਕਿ ਉਚੇਰੀ ਸਿਖਿਆ ਵਿਭਾਗ ਵੱਲੋਂ ਉਨ੍ਹਾਂ ਦੀਆਂ ਅਸਾਮੀਆਂ ਨੂੰ ਖਾਲੀ ਦਿਖਾ ਦਿੱਤਾ ਗਿਆ ਹੈ ਜਦੋਂ ਕਿ ਉਹ ਕਈ ਸਾਲਾਂ ਤੋਂ ਮੰਜੂਰਸ਼ੁਦਾ ਅਸਾਮੀਆਂ ਤੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਅਨੇਕਾਂ ਹੋਰ ਅਕਾਦਮਿਕ ਅਤੇ ਪ੍ਰਸ਼ਾਸ਼ਨਿਕ ਡਿਊਟੀਆਂ ਤਨਦੇਹੀ ਨਾਲ ਨਿਭਾ ਰਹੇ ਹਨ।

ਉਨ੍ਹਾਂ ਕਿਹਾ ਕਿ ਉਸ ਸਮੇਂ ਤੋਂ ਸਰਕਾਰੀ ਕਾਲਜਾਂ ਵਿੱਚ ਸੇਵਾਵਾਂ ਨਿਭਾਅ ਰਹੇ ਹਨ ਜਦੋਂ ਨਿਗੂਣੀਆਂ ਤਨਖਾਹਾਂ ਕਾਰਨ ਇਨ੍ਹਾਂ ਕਾਲਜਾਂ ਵੱਲ ਕੋਈ ਮੂੰਹ ਨਹੀਂ ਸੀ ਕਰਦਾ। ਉਨ੍ਹਾਂ ਦੱਸਿਆ ਕਿ ਬੂਹਤ ਸਾਰੇ ਗੈਸਟ ਫੈਕਲਟੀ ਸਹਾਇਕ ਪ੍ਰੋਫਸਰ ਸਰਕਾਰੀ ਨੌਕਰੀ ਲੱਗਣ ਦੀ ਉਮਰ ਹੱਦ ਵੀ ਲੰਘਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਫਰੰਟ ਦੇ ਮੋਹਰੀ ਆਗੂ ਕਈ ਵਾਰ ਮੁੱਖ ਮੰਤਰੀ ਰਿਹਾਇਸ਼ ਚੰਡੀਗੜ੍ਹ ਵਿਖੇ ਕਈ ਗੇੜੇ ਮਾਰ ਚੁੱਕੇ ਹਨ ਪਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਉਨ੍ਹਾਂ ਇਹ ਵੀ ਦੱਸਿਆ ਕਿ ਜਿਮਨੀ ਚੋਣਾ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਰੋਡ ਸ਼ੋਅ ਦੌਰਾਨ ਕਈ ਵਾਰ ਮੁਲਾਕਾਤ ਹੋਈ ਅਤੇ ਉਨਾਂ ਇਹ ਵਾਅਦਾ ਵੀ ਕੀਤਾ ਸੀ ਕਿ ਜਲਦ ਉਨ੍ਹਾਂ ਦੀ ਪੈਨਲ ਮੀਟਿੰਗ ਸੱਦੀ ਜਾਵੇਗੀ ਪਰ ਕਾਫੀ ਸਮਾਂ ਬੀਤਣ ਦੇ ਬਾਵਜੂਦ ਕੋਈ ਮੀਟਿੰਗ ਦਾ ਸੱਦਾ ਨਹੀਂ ਮਿਲਿਆ। ਉਨ੍ਹਾਂ ਸਪੱਸ਼ਟ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਾਅਵਾ ਕੀਤਾ ਗਿਆ ਕਿ ਉਹ ਕਿਸੇ ਦਾ ਚੁੱਲ੍ਹਾ ਬੁਝਣ ਨਹੀਂ ਦੇਣਗੇ ਨੂੰ ਅਮਲੀ ਜਾਮਾ ਪਹਿਨਾ ਕੇ ਉਨ੍ਹਾਂ ਦੀ ਨੌਕਰੀ ਨੂੰ ਸੁਰੱਖਿਅਤ ਕਰਕੇ ਸਰਕਾਰੀ ਖਜਾਨੇ ਵਿੱਚੋਂ ਨਵੇਂ ਪੇਅ ਗਰੇਡ ਦਿੱਤੇ ਜਾਣ। ਉਨ੍ਹਾਂ ਦੱਸਿਆ ਕਿ 795 ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਨਿਰਾਸ਼ਾ ਦੇ ਆਲਮ ਵਿੱਚ ਹਨ ਜਿਸ ਕਰਕੇ ਮਜਬੂਰੀਬੱਸ 25 ਜਨਵਰੀ ਨੂੰ ਉਚੇਰੀ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਇੱਕ ਰੋਜ਼ਾ ਰੋਸ ਪ੍ਰਦਰਸ਼ਨ ਕਰਨਾ ਪੈ ਰਿਹਾ ਹੈ ਤਾਂ ਜੋ ਸਾਡੀ ਆਵਾਜ਼ ਸਰਕਾਰ ਕੋਲ ਪਹੁੰਚ ਸਕੇ।

ਇਸ ਮੌਕੇ ਪ੍ਰੋ ਪ੍ਰਭਜੀਤ ਕੌਰ,ਡਾ ਅੰਚਲਾ,ਪ੍ਰੋ ਮੀਨਾਕਸ਼ੀ ਪੁਰੀ,ਪ੍ਰੋ ਸਿਮਰਨਜੀਤ ਕੌਰ,ਡਾ ਕੁਲਵਿੰਦਰ ਕੌਰ ਬੇਦੀ,ਡਾ ਰਸ਼ਮੀ,ਪ੍ਰੋ ਮਨਪ੍ਰੀਤ ਹਾਂਡਾ,ਪ੍ਰੋ ਮਨਪ੍ਰੀਤ ਖੁਰਮੀ,ਪ੍ਰੋ ਚਮਕੌਰ ਸਿੰਘ,ਪ੍ਰੋ ਦਲਜੀਤ ਸਿੰਘ ਅਤੇ ਹੋਰ ਸਾਥੀ ਵੀ ਹਾਜ਼ਰ ਰਹੇ।

# ਨੌਜਵਾਨ ਨਸ਼ਿਆਂ ਤੋਂ ਦੂਰ ਹੋ ਕੇ ਸੱਭਿਅਕ ਸਮਾਜ ਸਿਰਜਣ ਤੇ ਦੇਸ਼ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ : ਬਲਰਾਮ ਪਰਾਸ਼ਰ



**ਸ੍ਰੀ ਆਨੰਦਪੁਰ ਸਾਹਿਬ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਗਰ ਵਿਚ ਹਰ ਸਾਲ ਦੀ ਤਰਾਂ ਵੱਖ ਵੱਖ ਪਿੰਡਾਂ ਵਿੱਚ ਲੜੀਵਾਰ ਛਿੰਝਾਂ ਦੰਗਲ ਹੋ ਰਹੇ ਹਨ ਜਿਸ ਲੜੀ ਤਹਿਤ ਅੱਜ ਪਿੰਡ ਪਹਾੜਪੁਰ ਦੀ ਪੰਚਾਇਤ ਵਲੋਂ ਸ਼੍ਰੀ ਭਗਤ ਰਾਮ ਸਰਪੰਚ ਦੀ ਦੇਖਰੇਖ ਹੇਠ ਛਿੰਝ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਛਿੰਝ ਦੰਗਲ ਸ.ਫਲਤਾ ਪੂਰਵਕ ਨੇਪਰੇ ਚਾੜ੍ਹਿਆ ਗਿਆ। ਇਸ ਮੌਕੇ ਤੇ ਇਲਾਕੇ ਦੇ ਬੇਬਾਕ ਟਿੱਪਣੀਕਾਰ ਅਤੇ ਨੌਜਵਾਨ ਜਿਲ੍ਹਾ ਭਾਜਪਾ ਦੇ ਚੀਫ ਸਪੋਕਸਪਰਸਨ ਬਲਰਾਮ ਪਰਾਸ਼ਰ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ ਤੇ ਇਸ ਛਿੰਝ ਦੰਗਲ ਵਿਚ ਪਹੁੰਚੇ ਉਹ ਪਾਰਟੀਬਾਜੀ ਤੋਂ ਉਪਰ ਉਠ ਕੇ ਹਰ ਪਾਰਟੀ ਦੇ ਲੋਕਾਂ ਵਿਸ਼ੇਸ਼ਕਰ ਨੌਜਵਾਨਾਂ ਵਿਚ ਆਪਣੇ ਮਿਲਵਰਤਣ ਸੁਭਾਅ, ਹਰ ਸੁਖ ਦੁਖ ਵਿਚ ਖੜਨ ਕਾਰਨ ਵਿਸ਼ੇਸ਼ ਸਥਾਨ ਰੱਖਦੇ ਹਨ।

ਇਸ ਮੌਕੇ ਤੇ ਪ੍ਰਬੰਧਕ ਕਮੇਟੀ ਵਲੋਂ ਉਨਾਂ ਦਾ ਵਿਸ਼ੇਸ਼ ਮਾਣ ਸਤਿਕਾਰ ਕੀਤਾ ਗਿਆ। ਇਸ ਦੋਰਾਨ ਉਨਾਂ ਨੇ ਹਾਜ਼ਰ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਜਿਥੇ ਪ੍ਰਬੰਧ ਕਮੇਟੀ, ਗ੍ਰਾਮ ਪੰਚਾਇਤ ਪਹਾੜਪੁਰ, ਅਤੇ ਸਮੂਹ ਪਿੰਡ ਵਾਸੀਆਂ ਨੂੰ ਸਫਲ ਦੰਗਲ ਲਈ ਵਧਾਈਆਂ ਦਿਤੀਆਂ ਉਥੇ ਹੀ ਉਨਾਂ ਵਲੋਂ ਇਸ ਦੰਗਲ ਵਿਚ ਪੰਜਾਬ ਦੇ ਵੱਖ-ਵੱਖ ਹਿਸਿਆਂ ਅਤੇ ਗੁਆਂਢੀ ਸੂਬਿਆਂ ਤੋਂ ਪਹੁੰਚੇ ਪਹਿਲਵਾਨਾਂ ਨੂੰ ਚੰਗੇ ਘੋਲਾ ਅਤੇ ਉਨਾਂ ਦੀ ਵਧੀਆ ਸਿਹਤ ਲਈ ਸ਼ੁਭਕਾਮਨਾਵਾਂ ਦਿੱਤੀਆਂ। ਭਾਜਪਾ ਆਗੂ ਬਲਰਾਮ ਪਰਾਸ਼ਰ ਨੇ ਲੋਕਾਂ, ਵਿਸ਼ੇਸ਼ ਤੌਰ ਤੇ ਨੌਜਵਾਨ ਨੂੰ ਇਸ ਦੰਗਲ ਤੋਂ ਸੇਧ ਲੈ ਕੇ ਵਧੀਆ ਸਿਹਤ, ਸੱਭਿਅਕ ਸਮਾਜ ਨਿਰਮਾਣ ਦਾ ਸੁਨੇਹਾ ਦਿਤਾ। ਇਸ ਮੌਕੇ ਤੇ ਉਨ੍ਹਾਂ ਵਲੋਂ ਪਿੰਡ ਪਹਾੜਪੁਰ ਨਾਲ ਸਬੰਧਤ ਨੌਜਵਾਨ ਮੁਲਾਜ਼ਮ ਆਗੂ ਅਤੇ ਦੰਗਲ ਪ੍ਰਬੰਧ ਕਮੇਟੀ ਮੈਂਬਰ ਮੱਖਣ ਕਾਲਸ ਤੋਂ ਨੌਜਵਾਨਾਂ ਨੂੰ ਸੇਧ ਲੈਣ ਦੀ ਗੱਲ ਵੀ ਕੀਤੀ ਜ਼ੋ ਕਿ ਲੋਕ ਹੱਕਾਂ ਲਈ ਲਈ ਲਗਾਤਾਰ ਸਮੇਂ-ਸਮੇਂ ਦੀਆਂ ਸਰਕਾਰਾਂ ਅਤੇ ਮਾੜੇ ਸਿਸਟਮ ਨਾਲ ਆਰ ਪਾਰ ਦੀ ਲੜਾਈ ਲੜਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਵਿਚਾਰਕ ਮੱਤਭੇਦ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਹ ਕਹਿਣ ਵਿਚ ਫ਼ਖ਼ਰ ਹੈ ਕਿ ਮੱਖਣ ਕਾਲਸ ਨਾਂ ਸਿਰਫ ਪਹਾੜਪੁਰ ਸਗੋਂ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੀ ਸ਼ਾਨ ਦੇ ਰੂਪ ਵਿਚ ਉਭਰ ਕੇ ਪਿੰਡ ਪਹਾੜਪੁਰ ਦਾ ਨਾਮ ਰੋਸ਼ਨ ਕਰ ਰਹੇ ਹਨ। ਅਖੀਰ ਵਿਚ ਬਲਰਾਮ ਪਰਾਸ਼ਰ ਵਲੋਂ ਦੰਗਲ ਕਮੇਟੀ ਨੂੰ ਸਤਿਕਾਰ ਵਲੋਂ ਆਪਣੇ ਵਲੋਂ 3100/- ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ। ਜ਼ਿਕਰਯੋਗ ਹੈ ਉਨ੍ਹਾਂ ਨੇ ਆਪਣੀ ਪੂਰੀ ਗਲਬਾਤ ਦੋਰਾਨ ਕੋਈ ਵੀ ਸਿਆਸੀ ਗੱਲ ਨਹੀਂ ਕੀਤੀ ਸਿਰਫ ਸਮਾਜਿਕ ਅਤੇ ਸੱਭਿਆਚਾਰਕ ਵਿਚਾਰਾਂ ਹੀ ਸਾਂਝੀਆਂ ਕੀਤੀਆਂ ਗਈਆਂ। ਇਸ ਮੌਕੇ ਅਖਿਲ ਭਾਰਤੀ ਗੁਜ਼ਰ ਮਹਾਂ ਸਭਾ ਦੇ ਪੰਜਾਬ ਪ੍ਰਧਾਨ ਰਤਨ ਧਨੇੜਾ, ਸਾਬਕਾ ਸਰਪੰਚ ਰਾਮ ਕਿਸ਼ਨ, ਕਮਲ ਕਾਲਸ, ਕ੍ਰਿਸ਼ਨ ਕੁਮਾਰ ਪੰਚ, ਪ੍ਰੇਮ ਪੰਚ ਕੇਹਰ ਸਿੰਘ, ਸਾਬਕਾ ਸਰਪੰਚ ਦੇਵ ਚੌਧਰੀ, ਤਰਸੇਮ ਪੋਸਵਾਲ, ਭੁਪਿੰਦਰ ਸਿੰਘ ਕਾਕੂ ਭੁੰਭਲਾ, ਸਾਬਕਾ ਸਰਪੰਚ ਰਾਮਪਾਲ ਕਹੀਵਾਲ, ਸ਼ਮਸ਼ੇਰ ਸਿੰਘ ਸ਼ੇਰੂ, ਚੰਨਣ ਸਿੰਘ ਕੋਆਪਰੇਟਿਵ ਸਕੱਤਰ, ਮੌਜੂਦਾ ਅਤੇ ਸਾਬਕਾ ਸਰਪੰਚ, ਪੰਚ, ਅਤੇ ਨੰਬਰਦਾਰ ਸਮੇਤ ਪਿੰਡਾਂ ਦੇ ਮੋਹਤਬਰ ਹਾਜ਼ਰੀਨ ਸਨ॥

# ਗਰੀਨ ਸਕੂਲ ਪ੍ਰੋਗਰਾਮ ਤਹਿਤ ਦੇਸ਼ ਭਰ ’ਚ ਹੁਸ਼ਿਆਰਪੁਰ ਬਣਿਆ ‘ਬੈਸਟ ਗਰੀਨ ਡਿਸਟ੍ਰਿਕਟ’

**ਹੁਸ਼ਿਆਰਪੁਰ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲੇ ਦੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਦੇਸ਼ ਭਰ ਵਿਚ ਚਲਾਏ ਗਰੀਨ ਸਕੂਲ ਪ੍ਰੋਗਰਾਮ ਆਡਿਟ ਉਪਰਾਲੇ ਵਿਚ ਹੁਸ਼ਿਆਰਪੁਰ ਨੇ ਦੇਸ਼ ਭਰ ਵਿਚ ਮੋਹਰੀ ਜ਼ਿਲ੍ਹਾ ਹੋਣ ਦਾ ਮਾਣ ਹਾਸਿਲ ਕੀਤਾ ਹੈ। ਇਸ ਪ੍ਰੋਗਰਾਮ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੀ ’ਬੈਸਟ ਗਰੀਨ ਡਿਸਟ੍ਰਿਕਟ’ ਅਵਾਰਡ ਲਈ ਚੋਣ ਕੀਤੀ ਗਈ ਹੈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵਲੋਂ ਨਵੀਂ ਦਿੱਲੀ ਵਿਖੇ 4 ਫਰਵਰੀ ਨੂੰ ਇਹ ਅਵਾਰਡ ਪ੍ਰਾਪਤ ਕੀਤਾ ਜਾਵੇਗਾ।

ਪੰਜਾਬ ਰਾਜ ਸਾਇੰਸ ਅਤੇ ਟੈਕਨਾਲੋਜੀ ਕੌਂਸਲ ਵਲੋਂ ਕੇਂਦਰੀ ਮੰਤਰਾਲੇ ਦੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਸੂਬੇ ਅੰਦਰ 8 ਹਜ਼ਾਰ ਸਕੂਲਾਂ ਅਤੇ ਕਾਲਜਾਂ ਵਿਚ ਈਕੋ ਕਲੱਬ ਸਥਾਪਤ ਕੀਤੇ ਗਏ ਸਨ, ਜਿਥੇ ਗਰੀਨ ਸਕੂਲ ਪ੍ਰੋਗਰਾਮ ਹੇਠ ਹਵਾ, ਊਰਜਾ, ਖੁਰਾਕ, ਭੌਂ, ਪਾਣੀ ਅਤੇ ਰਹਿੰਦ-ਖੂੰਹਦ



ਦੀ ਵਿਵਸਥਾ ਦਾ ਆਡਿਟ ਕੀਤਾ ਗਿਆ। ਕੌਂਸਲ ਵਲੋਂ ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਸਾਇੰਸ ਤੇ ਵਾਤਾਵਰਣ ਸੈਂਟਰ ਦੀ ਭਾਈਵਾਲੀ ਰਾਹੀਂ ਗਰੀਨ ਸਕੂਲ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ ਗਈ ਜਿਸ ਤਹਿਤ ਪੰਜਾਬ ਵਿਚ 11917 ਸਕੂਲਾਂ ਦੀ ਰਜਿਸਟ੍ਰੇਸ਼ਨ ਹੋਈ ਅਤੇ ਇਨ੍ਹਾਂ ਵਿਚੋਂ 7406 ਸਕੂਲਾਂ ਵਿਚ ਗਰੀਨ ਆਡਿਟ ਸਫਲਤਾਪੂਰਵਕ ਨੇਪਰੇ ਚੜ੍ਹਿਆ। ਇਨ੍ਹਾਂ ਸਫਲ ਸਕੂਲਾਂ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ 1945 ਸਕੂਲ ਸ਼ਾਮਲ ਹਨ।ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੇਸ਼ ਭਰ ਦੇ ਸਕੂਲਾਂ ਵਿਚ ਗਰੀਨ ਆਡਿਟ ਪ੍ਰੋਗਰਾਮ ਤਹਿਤ ਹੁਸ਼ਿਆਰਪੁਰ ਨੂੰ ਮੋਹਰੀ ਜ਼ਿਲ੍ਹੇ ਦਾ ਸਥਾਨ ਪ੍ਰਾਪਤ ਹੋਣ ’ਤੇ ਸਿੱਖਿਆ ਵਿਭਾਗ ਦੇ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ/ਕਰਮਚਾਰੀਆਂ ਦੀ ਸਖ਼ਤ ਮਿਹਨਤ ਲਈ ਵਧਾਈ ਦਿੰਦਿਆਂ ਕਿਹਾ ਕਿ ਗਰੀਨ ਸਕੂਲ ਪ੍ਰੋਗਰਾਮ ਤਹਿਤ ਦੇਸ਼ ਵਿਚੋਂ 345 ਸਕੂਲਾਂ ਦੀ ਚੋਣ ਕੀਤੀ ਗਈ ਜਿਨ੍ਹਾਂ ਵਿਚ 196 ਸਕੂਲ ਪੰਜਾਬ ਦੇ ਹਨ ਅਤੇ ਇਨ੍ਹਾਂ ਵਿਚ 12 ਸਕੂਲ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਦਾ ਅਮਲਾ ਹੁਸ਼ਿਆਰਪੁਰ ਦੇ ਵੱਧ ਤੋਂ ਵੱਧ ਸਕੂਲਾਂ ਵਿਚ ਹਰ ਪਾਸੇ ਵਾਤਾਵਰਣ ਪੱਖੀ (ਈਕੋ ਫਰੈਂਡਲੀ) ਸਿਸਟਮ ਦੀ ਸਥਾਪਤੀ ਲਈ ਪੂਰੀ ਤਤਪਰਤਾ ਨਾਲ ਕਾਰਜਸ਼ੀਲ ਹੈ ਅਤੇ ਆਉਂਦੇ ਸਮੇਂ ਵਿਚ ਹੋਰਨਾਂ ਸਕੂਲਾਂ ਵਿਚ ਵੀ ਮੁਕੰਮਲ ਤੌਰ ’ਤੇ ਸਿਹਤਮੰਦ ਵਾਤਾਵਰਣ ਦੀ ਸਥਾਪਤੀ ਯਕੀਨੀ ਬਣਾਈ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਨੇ ਇਸ ਪ੍ਰਾਪਤੀ ਦਾ ਸਿਹਰਾ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਯੋਗ ਅਗਵਾਈ ਅਤੇ ਸਿੱਖਿਆ ਵਿਭਾਗ ਦੇ ਸਟਾਫ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਮਰਪਣ ਭਾਵਨਾ ਸਦਕਾ ਹੁਸ਼ਿਆਰਪੁਰ ਨੇ ਗਰੀਨ ਸਕੂਲ ਪ੍ਰੋਗਰਾਮ ਆਡਿਟ ਵਿਚ ਦੇਸ਼ ਭਰ ਵਿਚ ਨਾਮਣਾ ਖੱਟਿਆ ਹੈ।

# ਮੌਸਮ ਵਿੱਚ ਆਈ ਤਬਦੀਲੀ ਕਾਰਨ ਕਣਕ ਦੀ ਫ਼ਸਲ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ : ਡਾ: ਸ਼ਤੀਸ਼ ਚੌਧਰੀ



**ਸਮਾਣਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਖੇਤੀਬਾੜੀ ਅਫਸਰ । ਸਮਾਣਾ ਸਤੀਸ਼ ਕੁਮਾਰ ਵੱਲੋਂ ਪਾਤੜਾਂ = ਬਲਾਕ ਦੇ ਵੱਖ-ਵੱਖ ਪਿੰਡਾਂ ਪਲਾਸੌਰ - ,ਗੁਰਦਿੱਤਪੁਰਾ,ਬਹਿਰ ਜੱਛ ਦੇ - ਕਿਸਾਨਾਂ ਦੇ ਖੇਤਾਂ ਦਾ ਦੌਰਾ ਕੀਤਾ ਬ ਗਿਆ ।

ਇਸ ਸਮੇਂ ਵੱਖ-ਵੱਖ ਪਿੰਡਾਂ - ਦੇ ਕਿਸਾਨਾਂ ਨੂੰ ਸਤੀਸ਼ ਕੁਮਾਰ ਚੌਧਰੀ - ਵੱਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ - ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ = ਮੌਜੂਦਾ ਸਮੇਂ ਦੌਰਾਨ ਮੌਸਮ ਵਿੱਚ - ਆਈ ਤਬਦੀਲੀ ਕਾਰਨ ਕਣਕ ਦੀ - ਫਸਲ ਉੱਪਰ ਪੀਲੀ ਕੁੰਗੀ ਅਤੇ ਤੇਲੇ ਦਾ ਹਮਲਾ ਹੋ ਸਕਦਾ ਹੈ, ਜਿਸਦੀ ਰੋਕਥਾਮ ਲਈ ਜ਼ਰੂਰਤ ਅਨੁਸਾਰ ਸਮੇਂ ਸਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਦਵਾਈਆਂ ਦਾ ਹੀ ਛਿੜਕਾਅ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਖਾਦਾਂ ਦੀ ਵਰਤੋਂ ਵੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਅਨੁਸਾਰ ਕਰਨ ਲਈ ਕਿਹਾ । ਉਹਨਾਂ ਕਿਹਾ ਕਿ ਵੱਧ ਮਾਤਰਾ ਵਿੱਚ ਖਾਦ ਪਾਉਣ ਨਾਲ ਫਸਲਾਂ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ।

ਕਿਸਾਨਾਂ ਨੂੰ ਖੇਤੀਬਾੜੀ ਅਫਸਰ ਵੱਲੋਂ ਵਿਭਾਗ ਵਿਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਖੇਤੀਬਾੜੀ ਵਿਭਾਗ ਵਿੱਚ ਚੱਲ ਰਹੀਆਂ ਵੱਧ ਤੋਂ ਵੱਧ ਸਕੀਮਾਂ ਦਾ ਲਾਭ ਲੈਣ।

ਇਸ ਮੌਕੇ ਅਗਾਂਹਵਧੂ ਮੌਜੂਦਾ ਸਰਪੰਚ ਜਗਦੀਪ ਸਿੰਘ , ਸਰਪੰਚ ਸੁਖਵਿੰਦਰ ਸਿੰਘ,ਸਰਪੰਚ ਬਲਵਿੰਦਰ ਸਿੰਘ, ਸਾਬਕਾ ਸਰਪੰਚ ਹਰਜਿੰਦਰ ਸਿੰਘ, ਕਿਸਾਨ ਹਰਵਿੰਦਰ ਸਿੰਘ, ਜਸਵੰਤ ਸਿੰਘ ,ਬਲਦੇਵ ਸਿੰਘ, ਸ਼ਮਿੰਦਰ ਸਿੰਘ ਅਤੇ ਖੇਤੀਬਾੜੀ ਵਿਭਾਗ ਦਾ ਸਟਾਫ ਮੈਂਬਰ ਜਤਿੰਦਰ ਸਿੰਘ,ਓਮ ਪ੍ਰਕਾਸ਼ ਅਤੇ ਮਨਜਿੰਦਰ ਸਿੰਘ ਹਾਜ਼ਰ ਸਨ ।

# ਪਬਲਿਕ ਨੂੰ ਸਾਂਝ ਸੁਵਿਧਾਵਾਂ, ਸਾਈਬਰ ਸੁਰੱਖਿਆ ਬਾਰੇ ਜਾਣਕਾਰੀ ਦੇਣੀ ਸਮੇਂ ਦੀ ਮੁੱਖ ਲੋੜ : ਐਸ ਆਈ ਪ੍ਰਦੀਪ ਕੁਮਾਰ




**ਪਟਿਆਲਾ, 24 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝ ਕੇਂਦਰ ਸਿਟੀ 1 ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਦੇ ਸਹਿਯੋਗ ਅਤੇ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ, ਐਸ ਪੀ ਹੈਡਕੁਆਰਟਰ ਕਮ ਜ਼ਿਲਾ ਕਾਮਿਊਨਟੀ ਅਫੇਅਰ ਅਫ਼ਸਰ ਓਲੰਪੀਅਨ ਹਰਵੰਤ ਕੌਰ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਬਲਿਕ ਨੂੰ ਸਾਂਝ ਸੁਵਿਧਾਵਾਂ, ਸਾਈਬਰ ਸੁਰੱਖਿਆ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਨ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਨੇ ਸ਼ਿਰਕਤ ਕੀਤੀ,ਵਿਸ਼ੇਸ਼ ਤੌਰ ਤੇ ਵਿਨੇ ਸ਼ਰਮਾ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ ਨੇ ਵੀ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਐਸ ਆਈ ਪ੍ਰਦੀਪ ਕੁਮਾਰ ਅਤੇ ਪਰਮਿੰਦਰ ਭਲਵਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਬਲਿਕ ਨੂੰ ਸਾਂਝ ਸੁਵਿਧਾਵਾਂ, ਸਾਈਬਰ ਸੁਰੱਖਿਆ ਅਤੇ ਨਸ਼ਿਆ ਵਿਰੁੱਧ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ ਉਹਨਾਂ ਕਿਹਾ ਕਿ ਗੋਲਾ ਬਰੂਦ ਵਰਗੇ ਅੱਤਵਾਦ ਵਾਂਗ ਨਸ਼ੇ ਰੂਪੀ ਅੱਤਵਾਦ ਦੇ ਖ਼ਾਤਮੇ ਲਈ ਵੀ ਪਬਲਿਕ ਨੂੰ ਅੱਗੇ ਆਉਣਾ ਚਾਹੀਦਾ ਹੈ ਉਹਨਾਂ ਨੌਜਵਾਨਾਂ ਵਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ, ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੌਜਵਾਨਾਂ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਕਰਨ ਲਈ ਅੱਗੇ ਆ ਕੇ ਆਪਣਾ ਸਹਿਯੋਗ ਦੇਵੇ। ਇਸ ਮੌਕੇ ਸਾਂਝ ਕੇਂਦਰ ਸਿਟੀ 1 ਵਲੋਂ ਸਾਂਝ ਕੇਂਦਰ ਵੱਲੋਂ ਦਿਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਪ੍ਰਚਾਰ ਸਮੱਗਰੀ ਵੀ ਪਬਲਿਕ ਨੂੰ ਵੰਡੀ ਗਈ।

# ਚੇਅਰਮੈਨ ਰਮਨ ਬਹਿਲ ਨੇ ਸਰਕਾਰੀ ਪ੍ਰਾਇਮਰੀ ਸਕੂਲ, ਭੰਗਵਾਂ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਗੁਰਦਾਸਪੁਰ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਭੰਗਵਾਂ, ਬਲਾਕ ਗੁਰਦਾਸਪੁਰ-1 ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮ, ਕੰਪਿਊਟਰ ਲੈਬ, ਹੈੱਡ ਰੂਮ, ਡਾਇਨਿੰਗ ਏਰੀਆ, ਮੁੱਖ ਪ੍ਰਵੇਸ਼ ਦੁਵਾਰ, ਖੇਡ ਮੈਦਾਨ, ਪ੍ਰੀ ਪ੍ਰਾਇਮਰੀ ਟਾਇਲਟ ਯੂਨਿਟ ਅਤੇ ਇੰਟਰਲਾਕ ਟਾਈਲਾਂ ਦੇ ਮੁਕੰਮਲ ਹੋਏ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ। ਇਸਦੇ ਨਾਲ ਹੀ ਉਨ੍ਹਾਂ ਨੇ ਇਸੇ ਹੀ ਸਕੂਲ ਵਿੱਚ 79 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੋਰ ਨਵੇਂ ਕਲਾਸ ਰੂਮ, ਚਾਰ ਦੀਵਾਰੀ, ਹੋਲੀ ਸਟਿੱਕ ਪਲੈਨ, ਗਰਲਜ਼ ਟਾਇਲਟ ਦੇ ਪ੍ਰੋਜੈਕਟ ਦੀ ਸ਼ੁਰੂਆਤ ਵੀ ਕਰਵਾਈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭੰਗਵਾਂ ਦੇ ਵਿਕਾਸ ਉੱਪਰ 1.32 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ।

ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਆਪ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜ਼ਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸੋਚ



ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰਨ ਦੀ ਹੈ ਅਤੇ ਏਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਸਰਕਾਰੀ ਸਕੂਲਾਂ ਵਿੱਚ ਨਵੀਂ ਸਿੱਖਿਆ ਕ੍ਰਾਂਤੀ ਲਿਆ ਕੇ ਸਹੂਲਤਾਂ ਦੇ ਪੱਖ ਤੋਂ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਭੰਗਵਾਂ ਵਿਖੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ 1.32 ਕਰੋੜ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਸੀ, ਜਿਸ ਵਿੱਚ 40 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਵਿੱਚ ਨਵੇਂ ਕਲਾਸ ਰੂਮ, ਕੰਪਿਊਟਰ ਲੈਬ, ਹੈੱਡ ਰੂਮ, ਡਾਇਨਿੰਗ ਏਰੀਆ, ਮੁੱਖ ਪ੍ਰਵੇਸ਼ ਦੁਵਾਰ, ਖੇਡ ਮੈਦਾਨ, ਪ੍ਰੀ ਪ੍ਰਾਇਮਰੀ ਟਾਇਲਟ ਯੂਨਿਟ ਅਤੇ ਇੰਟਰਲਾਕ ਟਾਈਲਾਂ ਦੇ ਪ੍ਰੋਜੈਕਟ ਮੁਕੰਮਲ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਸੇ ਹੀ ਸਕੂਲ ਵਿੱਚ 79 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹੋਰ ਨਵੇਂ ਕਲਾਸ ਰੂਮ, ਲਾਇਬ੍ਰੇਰੀ, ਸਾਫ਼ ਤੇ ਸ਼ੁੱਧ ਪਾਣੀ ਲਈ ਆਰ.ਓ. ਸਿਸਟਮ, ਚਾਰ ਦੀਵਾਰੀ, ਹੋਲੀ ਸਟਿੱਕ ਪਲੈਨ, ਗਰਲਜ਼ ਟਾਇਲਟ ਦੇ ਪ੍ਰੋਜੈਕਟ ਦੀ ਅੱਜ ਸ਼ੁਰੂਆਤ ਵੀ ਕੀਤੀ ਗਈ ਹੈ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਆਪਣੇ ਹਲਕੇ ਵਿੱਚ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੇ ਸੁਧਾਰ ਕਰਨਾ ਹੈ ਅਤੇ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਸਹੂਲਤਾਂ ਦੇ ਪੱਖ ਤੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਕੂਲ ਸੂਬੇ ਭਰ ਵਿਚੋਂ ਮੋਹਰੀ ਹੋਣਗੇ। ਸ੍ਰੀ ਬਹਿਲ ਨੇ ਕਿਹਾ ਕਿ ਉਨ੍ਹਾਂ ਨੇ ਕੋਸ਼ਿਸ਼ ਕਰਕੇ ਗੁਰਦਾਸਪੁਰ ਵਿਖੇ ਸਕੂਲ ਆਫ਼ ਐਮੀਨੈਂਸ ਵੀ ਸ਼ੁਰੂ ਕਰਵਾਇਆ ਹੈ ਜਿਸ ਵਿੱਚ ਵਿਦਿਆਰਥੀ ਉੱਚ ਮਿਆਰੀ ਸਿੱਖਿਆ ਗ੍ਰਹਿਣ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚੇ ਸਾਡਾ ਆਉਣ ਵਾਲਾ ਭਵਿੱਖ ਹਨ ਅਤੇ ਇਨ੍ਹਾਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਬੈਕਫਿੰਕੋ ਵਲੋਂ ਰੋਸੀਆਣਾ ਪਿੰਡ ’ਚ ਜਾਗਰੂਕਤਾ ਕੈਂਪ ਦਾ ਆਯੋਜਨ

**ਲੁਧਿਆਣਾ, 24 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਲਾਈ ਸਕੀਮਾਂ ਦੇ ਲਾਭ ਪਛੜੇ ਅਤੇ ਸਮਾਜ ਦੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਦੇ ਵੱਧ ਤੋਂ ਵੱਧ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ, ਪੰਜਾਬ ਪੱਛੜੀਆਂ ਸ਼੍ਰੇਣੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ (ਬੈਕਫਿੰਕੋ) ਵਲੋ ਰੋਸੀਆਣਾ ਪਿੰਡ ਵਿੱਚ ਇੱਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਚੇਅਰਮੈਨ ਸੰਦੀਪ ਸੈਣੀ ਅਤੇ ਕਾਰਜਕਾਰੀ ਨਿਰਦੇਸ਼ਕ ਸੰਦੀਪ ਹੰਸ ਦੇ ਨਿਰਦੇਸ਼ਾਂ ’ਤੇ, ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਨਿਗਮ ਦੇ



ਸਹਿਯੋਗ ਨਾਲ ਲਗਾਇਆ ਜਾਣ ਵਾਲਾ ਇਹ ਕੈਂਪ, ਪਛੜੇ ਵਰਗਾਂ, ਘੱਟ ਗਿਣਤੀ ਸਮੂਹਾਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵੱਖ-ਵੱਖ ਕਰਜ਼ਾ ਯੋਜਨਾਵਾਂ ’ਤੇ ਮੁੱਖ ਧਿਆਨ ਕੇਂਦਰਿਤ ਕਰੇਗਾ।

# ਸਮੇਂ ਦੀ ਮੁੱਖ ਲੋੜ ਹੈ ਰੋਬੋਟਿਕਸ ਸਿੱਖਿਆ

*ਕਰੀਅਰ ਦੀ ਗੱਲ ਕਰੀਏ ਤਾਂ ਵਿਦਿਆਰਥੀਆਂ ਦਾ ਧਿਆਨ ਆਮ ਵਿਸ਼ਿਆਂ 'ਤੇ ਅੰਗਰੇਜ਼ੀ, ਹਿਸਾਬ, ਸਾਇੰਸ, ਸਮਾਜਿਕ ਸਿੱਖਿਆ, ਹਿੰਦੀ ਤੇ ਪੰਜਾਬੀ ਆਦਿ ਹੀ ਕੇਂਦਰਿਤ ਹੁੰਦਾ ਹੈ ਅੱਜ ਤਕਨਾਲੋਜੀ ਦੇ ਯੁੱਗ 'ਚ ਇਨ੍ਹਾਂ ਵਿਸ਼ਿਆਂ ਤੋਂ ਅੱਗੇ ਵਧਣ ਦੀ ਲੋੜ ਹੈ ਹੁਣ ਆਮ ਵਿਸ਼ਿਆਂ ਤੋਂ ਇਲਾਵਾ ਕੰਪਿਊਟਰ ਨੂੰ ਵੀ ਦੂਜੇ ਵਿਸ਼ਿਆਂ ਨਾਲ ਮਿਲਾ ਦਿੱਤਾ ਗਿਆ ਹੈ ਸਕੂਲਾਂ ਵਿੱਚ ਕੰਪਿਊਟਰ ਦੇ ਬਾਕਾਇਦਾ ਪੀਰੀਅਡ ਲਾਏ ਜਾਂਦੇ ਹਨ ਤਾਂ ਜੋ ਬੱਚਿਆਂ ਨੂੰ ਮੁਢਲੀਆਂ ਜਮਾਤਾਂ ਤੋਂ ਹੀ ਕੰਪਿਊਟਰ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ ਕੰਪਿਊਟਰ ਅਜਿਹਾ ਵਿਸ਼ਾ ਹੈ, ਜਿਸ ਨੂੰ ਸਿੱਖਣ ਦੀ ਲੋੜ ਹਰ ਪੜ੍ਹੇ-ਲਿਖੇ ਵਿਅਕਤੀ ਨੂੰ ਹੈ ਕੰਪਿਊਟਰ 'ਤੇ ਕੰਮ ਕਰਨ ਦੀ ਜਾਣਕਾਰੀ ਤਾਂ ਹਰੇਕ ਵਿਦਿਆਰਥੀ ਨੂੰ ਮਿਲ ਰਹੀ ਹੈ, ਪਰ ਕੰਪਿਊਟਰ ਰਾਹੀਂ ਹਕੀਕਤ ਵਿੱਚ ਕਿਸੇ ਵਿਅਕਤੀ ਦਾ ਸੱਚਮੁੱਚ ਦਾ ਮਾਡਲ ਜਾਂ ਕਿਸੇ ਮਸ਼ੀਨ ਦਾ ਮਾਡਲ ਬਣਾ ਕੇ ਉਸ ਤੋਂ ਉਸੇ ਤਰ੍ਹਾਂ ਕੰਮ ਕਰਵਾਉਣਾ ਜਿਸ ਤਰ੍ਹਾਂ ਮਸ਼ੀਨਾਂ ਜਾਂ ਵਿਅਕਤੀ ਕੰਮ ਕਰਦੇ ਹਨ, ਅਸੰਭਵ ਜਾਪਦਾ ਹੈ ਅਸੰਭਵ ਨੂੰ ਸੰਭਵ ਬਣਾਉਂਦੀ ਹੈ ਰੋਬੋਟਿਕਸ ਸਿੱਖਿਆ, ਜਿਸ ਨਾਲ ਵਿਦਿਆਰਥੀ ਇੱਕ ਆਦਮੀ ਜਾਂ ਕਿਸੇ ਮਸ਼ੀਨ ਦੀ ਨਕਲ ਬਣਾ ਕੇ ਉਸ ਤੋਂ ਕੰਮ ਕਰਾ ਸਕਦਾ ਹੈ ਰੋਬੋਟਿਕਸ ਸਿੱਖਿਆ ਵਿੱਚ ਮਾਹਿਰ ਵਿਦਿਆਰਥੀ ਮਨੁੱਖ ਦੀ ਤਰਜ਼ 'ਤੇ ਰੋਬੋਟ ਬਣਾ ਕੇ ਉਸ ਨੂੰ ਉਸੇ ਤਰ੍ਹਾਂ ਚੱਲਣ-ਫਿਰਨ ਲਾ ਦਿੰਦੇ ਹਨ, ਜਿਸ ਤਰ੍ਹਾਂ ਇਨਸਾਨ ਚਲਦਾ-ਫਿਰਦਾ ਹੈ ਰੋਬੋਟਿਕਸ ਨਾਲ ਸਬੰਧਤ ਸਾਫ਼ਟਵੇਅਰਾਂ ਦੀ ਮਦਦ ਨਾਲ ਕੰਪਿਊਟਰ ਰਾਹੀਂ ਵੱਖ-ਵੱਖ ਪੁਰਜੇ ਤਿਆਰ ਕੀਤੇ ਜਾਂਦੇ ਹਨ ਰੋਬੋਟਿਕਸ ਸਿੱਖਿਆ, ਬੱਚਿਆਂ ਨੂੰ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਮੈਥ (ਹਿਸਾਬ) ਦੇ ਵਿਸ਼ਿਆਂ ਲਈ ਉਤਸ਼ਾਹਿਤ ਕਰਦੀ ਹੈ ਰੋਬੋਟਿਕਸ ਨੂੰ ਇਸ ਲਈ ਭਵਿੱਖੀ ਤਕਨੀਕ ਕਿਹਾ ਜਾਂਦਾ ਹੈ, ਕਿਉਂਕਿ ਇਹ ਵਿਦਿਆਰਥੀਆਂ ਨੂੰ ਅਗੇਤੇ ਤੌਰ 'ਤੇ ਤਿਆਰ ਕਰਦੀ ਹੈ ਇਹ ਵਿਦਿਆਰਥੀਆਂ ਨੂੰ ਤੇਜ਼-ਤਰਾਰ ਬਣਾਉਣ ਲਈ ਬਹੁਤ ਮਦਦ ਕਰਦੀ ਹੈ ਵਿਦਿਆਰਥੀਆਂ ਅੰਦਰ ਸਮੱਸਿਆਵਾਂ ਦੇ ਹੱਲ ਲਈ ਸੁਚਾਰੂ ਯੋਗਤਾ, ਕਲਪਨਾ, ਤਰਕਸ਼ੀਲ ਸੋਚ ਆਦਿ ਜਿਹੇ ਗੁਣ ਪੈਦਾ ਹੁੰਦੇ ਹਨ ਜੋ ਹਰੇਕ ਵਿਦਿਆਰਥੀ ਵਿੱਚ ਹੋਣੇ ਬਹੁਤ ਜ਼ਰੂਰੀ ਹਨ ਇਸ ਸਿੱਖਿਆ ਦਾ ਅਧਿਐਨ ਟੀਮ ਵਰਕ ਅਤੇ ਆਤਮ-ਵਿਸ਼ਵਾਸ਼ ਦੇ ਵਿਕਾਸ ਲਈ ਬਹੁਤ ਪ੍ਰਭਾਵਸ਼ਾਲੀ ਹੈ ਵਿਦਿਆਰਥੀ ਜਦੋਂ ਇਸ ਨੂੰ ਪ੍ਰੈਕਟੀਕਲ ਤੌਰ 'ਤੇ ਸਿੱਖਦੇ ਹਨ ਤਾਂ ਉਹ ਆਪਣੇ-ਆਪ ਸੋਚਦੇ ਹਨ, ਡਿਜ਼ਾਈਨ ਕਰਦੇ, ਸਿਰਜਦੇ ਤੇ ਰੋਬੋਟਾਂ ਨੂੰ ਪਰਖਦੇ ਹਨ, ਇਸ ਤਰ੍ਹਾਂ ਉਨ੍ਹਾਂ ਦੀ ਬੁੱਧੀ ਤੇਜ਼ ਹੁੰਦੀ ਹੈ ਰੋਬੋਟਿਕਸ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਨੌਜਵਾਨ ਵਿਗਿਆਨੀ ਬਣਨ ਦੀ ਮੁਹਾਰਤ ਹਾਸਲ ਕਰਦੇ ਹਨ ਜੇਕਰ ਵਿਦੇਸ਼ਾਂ ਵਿੱਚ ਰੋਬੋਟਿਕਸ ਤਕਨੀਕ ਦੀ ਗੱਲ ਕਰੀਏ ਤਾਂ ਚੀਨ ਅਤੇ ਜਾਪਾਨ ਆਦਿ ਜਿਹੇ ਦੇਸ਼ਾਂ ਨੇ ਤਾਂ ਏਨੀ ਤਰੱਕੀ ਕਰ ਲਈ ਹੈ ਕਿ ਉਥੇ ਜੋ ਮਨੁੱਖਾਂ ਵਾਲੇ ਬਹੁਤ ਕੰਮ ਰੋਬੋਟ ਕਰਦੇ ਹਨ ਇੱਥੋਂ ਤੱਕ ਕਿ ਡਾਕਟਰਾਂ ਦੁਆਰਾ ਮਰੀਜ਼ਾਂ ਦੇ ਕੀਤੇ ਜਾਣ ਵਾਲੇ ਆਪਰੇਸ਼ਨ ਵੀ ਰੋਬੋਟ ਕਰਦੇ ਹਨ ਤੇ ਉਹ ਵੀ ਡਾਕਟਰਾਂ ਤੋਂ ਛੇਤੀ ਭਾਰਤ ਸਰਕਾਰ ਭਾਵੇਂ ਡਿਜੀਟਾਈਜ਼ੇਸ਼ਨ ਦੀਆਂ ਗੱਲਾਂ ਕਰ ਰਹੀ ਹੈ, ਪਰ ਸਿੱਖਿਆ ਨੂੰ ਇਸ ਪਾਸੇ ਲਿਜਾਣ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾ ਰਿਹਾ ਰੋਬੋਟਿਕਸ ਦਾ ਦੇਸ਼ ਨੂੰ ਡਿਜੀਟਲ ਬਣਾਉਣ ਵਿੱਚ ਅਹਿਮ ਯੋਗਦਾਨ ਹੈ, ਕਿਉਂਕਿ ਇਸ ਨਾਲ ਹੀ ਵਿਦਿਆਰਥੀਆਂ ਨੂੰ ਤਕਨਾਲੋਜੀ ਨਾਲ ਜੋੜਿਆ ਜਾ ਸਕਦਾ ਹੈ ਰੋਬੋਟਿਕਸ ਸਿੱਖਿਆ ਦੇਣ ਵਾਲੇ ਸਕੂਲਾਂ/ਕਾਲਜਾਂ ਦੀ ਗਿਣਤੀ ਬਹੁਤੀ ਨਹੀਂ ਹੈ ਅਜਿਹੇ ਸਕੂਲ/ਕਾਲਜ ਸੀਮਤ ਹੀ ਹਨ, ਜਿੱਥੇ ਇਹ ਸਿੱਖਿਆ ਦਿੱਤੀ ਜਾਂਦੀ ਹੈ ਬਰਨਾਲਾ ਦੇ ਇਕ ਪ੍ਰਾਈਵੇਟ ਸਕੂਲ ਵਿੱਚ ਰੋਬੋਟਿਕਸ ਸਿੱਖਿਆ ਨੂੰ ਛੇਵੀਂ ਜਮਾਤ ਤੋਂ ਹੀ ਬਾਕੀ ਵਿਸ਼ਿਆਂ ਦੇ ਨਾਲ ਸ਼ਾਮਲ ਕੀਤਾ ਹੋਇਆ ਹੈ ਇੱਥੇ 2008 ਵਿੱਚ ਇਹ ਸਿੱਖਿਆ ਸ਼ੁਰੂ ਕੀਤੀ ਗਈ ਸੀ ਤੇ ਪੰਜਾਬ ਵਿੱਚ ਪਹਿਲੀ ਵਾਰ ਇਸ ਨੂੰ ਵਿਸ਼ੇ ਦਾ ਰੂਪ ਦਿੱਤਾ ਗਿਆ ਸੀ । ਪੰਜਾਬ ਦੇ ਹੋਰ ਸਕੂਲਾਂ ਵਿੱਚ ਵੀ ਰੋਬੋਟਿਕਸ ਸਿੱਖਿਆ ਨੂੰ ਬਾਕੀ ਵਿਸ਼ਿਆਂ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਹੀ ਵਿਦਿਆਰਥੀਆਂ 'ਚ ਰੋਬੋਟਿਕਸ ਸਿੱਖਿਆ ਪ੍ਰਤੀ ਦਿਲਚਸਪੀ ਪੈਦਾ ਹੋਵੇਗੀ ।*

# ਇੱਛਾ-ਮੌਤ ਬਾਰੇ ਭਾਰਤ ਵਿੱਚ ਕਾਨੂੰਨੀ ਤੇ ਸਮਾਜਿਕ ਸਥਿਤੀ

**(1) ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਜਿਉਣ ਦੇ ਹੱਕ ਦੇ ਵਿਰੋਧੀ ਹੈ (2) ਡਾਕਟਰ ਦਾ ਕਰਮ ਰੋਗੀ ਨੂੰ ਬਚਾਉਣਾ ਹੈ, ਮਾਰਨਾ ਨਹੀਂ (3) ਇਨਸਾਨ ਆਪਣੀ ਮਰਨ ਦੀ ਇੱਛਾ ਕਦੇ ਵੀ ਬਦਲ ਸਕਦਾ ਹੈ**



ਕਿਸੇ ਵੀ ਸਰੀਰਕ ਜਾਂ ਮਾਨਸਿਕ ਸੱਟ ਜਾਂ ਰੋਗ ਕਰਕੇ ਤਿਲ-ਤਿਲ ਮਰ ਰਹੇ, ਮੌਤ ਦੇ ਸ਼ਿਕੰਜੇ ਵਿੱਚ ਜਕੜੇ ਜਾਂ ਅਸਹਿਣਯੋਗ ਪੀੜਾ ਵਿੱਚੋਂ ਗੁਜ਼ਰ ਰਹੇ ਮਰੀਜ਼ ਨੂੰ ਜ਼ਹਿਰੀਲੇ ਟੀਕੇ ਜਾਂ ਕਿਸੇ ਹੋਰ ਗ਼ੈਰ-ਦੁਖਦਾਈ ਢੰਗ ਨਾਲ ਮੌਤ ਦੀ ਗੋਦ ਵਿੱਚ ਜਾਣ ਦੀ ਇੱਛਾ ਨੂੰ ਇੱਛਾ-ਮੌਤ (ਯੂਥੇਨੇਜ਼ੀਆ) ਆਖਦੇ ਹਨ। ਇੱਛਾ-ਮੌਤ ਦੇ ਮਸਲੇ 'ਤੇ ਡਾਕਟਰੀ ਵਰਗ, ਵਕੀਲ ਭਾਈਚਾਰੇ ਤੇ ਕਾਨੂੰਨੀ ਮਾਹਿਰਾਂ ਵਿੱਚ ਬਹਿਸ ਛਿੜੀ ਹੋਈ ਹੈ ਅਤੇ ਇਸ ਮੁੱਦੇ ਦੇ ਦੂਰ-ਅੰਦੇਸ਼ੀ ਪ੍ਰਭਾਵ ਹੋਣ ਕਰਕੇ ਧਾਰਮਿਕ, ਸਮਾਜਿਕ ਤੇ ਰਾਜਸੀ ਆਗੂਆਂ ਦੇ ਨਾਲ-ਨਾਲ ਆਮ ਲੋਕਾਂ ਦੀਆਂ ਨਜ਼ਰਾਂ ਵੀ ਇਸ ਮੁੱਦੇ 'ਤੇ ਹਨ। ਭਾਵੇਂ ਇਸ ਸਬੰਧੀ ਰਾਖਵੇਂ ਰੱਖੇ ਫ਼ੈਸਲੇ 'ਤੇ ਸੁਪਰੀਮ ਕੋਰਟ ਵੱਲੋਂ ਛੇਤੀ ਫ਼ੈਸਲਾ ਸੁਣਾਏ ਜਾਣ ਦੀ ਉਮੀਦ ਹੈ, ਫਿਰ ਵੀ ਇਸ ਮੁੱਦੇ ਦੇ ਵੱਖ-ਵੱਖ ਪੱਖਾਂ ਨੂੰ ਜਾਣਨਾ ਜ਼ਰੂਰੀ ਹੈ।

ਪਰਿਭਾਸ਼ਾ: ਯੂਥੇਨੇਜ਼ੀਆ ਸ਼ਬਦ ਦੀ ਵਰਤੋਂ ਸਭ ਤੋਂ ਪਹਿਲੀ ਵਾਰ ਵਰਤੋਂ ਇਤਿਹਾਸਕਾਰ ਸਿਊਟੋਨੀਅਮ ਨੇ ਅਗਸਤੱਸ (ਜਿਸ ਦੇ ਨਾਮ 'ਤੇ ਅਗਸਤ ਮਹੀਨੇ ਦਾ ਨਾਮ ਪਿਆ) ਬਾਰੇ ਲਿਖਦਿਆਂ ਕੀਤੀ। ਉਹ ਲਿਖਦਾ ਹੈ, ਜਿਸ ਤਰ੍ਹਾਂ ਉਸ ਨੇ ਚਾਹਿਆ ਸੀ, ਯੂਥੇਨੇਜ਼ੀਆ ਦਾ ਅਨੁਭਵ ਕਰਦਿਆਂ ਆਪਣੀ ਹਮਸਫ਼ਰ ਲਾਵੀਆ ਦੀਆਂ ਬਾਹਾਂ ਵਿੱਚ ਇੱਕਦਮ ਅਤੇ ਪੀੜਾ-ਰਹਿਤ ਮੌਤ ਨੂੰ ਹਾਸਲ ਕੀਤਾ। ਚਿਕਿਤਸਕ ਜਗਤ ਵਿੱਚ ਇਸ ਦੀ ਪਹਿਲੀ ਵਾਰ ਵਰਤੋਂ 17ਵੀਂ ਸਦੀ ਵਿੱਚ ਮਹਾਨ ਚਿੰਤਕ ਫਰਾਂਸਿਸ ਬੇਕਨ ਨੇ ਕੀਤੀ ਸੀ। ਇਹ ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਚੰਗੀ ਮੌਤ ਹੈ। ਸੰਨ 1848 ਵਿੱਚ ਜੌਹਨ ਵੈਰਨ ਨੇ ਮੌਤ ਦੀ ਪੀੜਾ ਦੇ ਅੰਤ ਲਈ ਮੌਰਫੀਨ ਅਤੇ 1866 ਵਿੱਚ ਜੌਸਫ਼ ਬੁੱਲਰ ਨੇ ਕਲੋਰੋਫੌਰਮ ਦੀ ਵਰਤੋਂ ਦਾ ਸੁਝਾਅ ਦਿੱਤਾ। 24 ਜੁਲਾਈ 1939 ਵਿੱਚ ਇਕ ਅਪਾਹਜ ਬੱਚੇ ਨੂੰ ਮੌਤ ਦੇ ਗਲ ਲਾਉਣਾ ਇੱਛਾ ਮੌਤ ਦੀ ਉਦਾਹਰਨ ਸੀ। ਗਿਰਹਾਰਡ ਕਰੈਸ਼ਮਰ ਨਾਂ ਦੇ ਇਸ ਜਨਮ ਤੋਂ ਅੰਨ੍ਹੇ ਅਤੇ ਬਿਨਾਂ ਅੰਗਾਂ ਵਾਲੇ ਮਾਨਸਿਕ ਰੋਗੀ ਬੱਚੇ ਨੂੰ ਵਾਰ-ਵਾਰ ਦੌਰੇ ਪੈਂਦੇ ਸਨ। ਇੱਛਾ-ਮੌਤ ਦੇ ਸਮਰਥਕ: ਇੱਛਾ-ਮੌਤ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਜਦੋਂ ਵਿਅਕਤੀ ਅਕਹਿ ਅਤੇ ਅਸਹਿ ਪੀੜਾ ਵਿੱਚੋਂ ਗੁਜ਼ਰ ਰਿਹਾ ਹੋਵੇ ਅਤੇ ਉਸ ਦੀ ਜ਼ਿੰਦਗੀ ਵਿੱਚੋਂ ਖ਼ੁਸ਼ੀ, ਸੁਪਨੇ, ਇੱਛਾਵਾਂ ਤੇ ਸਮਰੱਥਾ ਖਤਮ ਹੋ ਚੁੱਕੀ ਹੋਵੇ ਤਾਂ ਉਸ ਨੂੰ ਮੌਤ ਦਾ ਹੱਕ ਦੇਣਾ ਵੀ ਬੁਨਿਆਦੀ ਅਧਿਕਾਰ ਹੈ ਜਾਂ ਕਹਿ ਲਵੋ ਉਸ ਤੋਂ ਮਰਨ ਦਾ ਹੱਕ ਖੋਹਣ ਦਾ ਅਰਥ ਉਸ 'ਤੇ ਅਸਹਿ ਦੁੱਖ ਥੋਪਣਾ ਹੈ। ਇਸ ਖੇਮੇ ਮੁਤਾਬਿਕ (1) ਜੈਨ ਧਰਮ ਅਤੇ ਹਿੰਦੂ ਧਰਮ ਵਿੱਚ ਅਜਿਹੀਆਂ ਸੱਭਿਆਚਾਰਕ ਅਤੇ ਧਾਰਮਿਕ ਪ੍ਰੰਪਰਾਵਾਂ ਮੌਜੂਦ ਹਨ, ਜੋ ਮਰੀਜ਼ ਨੂੰ ਮਰਜ਼ੀ ਨਾਲ ਮਰਨ ਦਾ ਹੱਕ ਦਿੰਦੀਆਂ ਹਨ। (2) ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਸ਼ਾਨ ਨਾਲ ਜਿਉਣ ਦੇ ਹੱਕ ਵਿੱਚ ਹੀ ਸ਼ਾਨ ਨਾਲ ਮਰਨ ਦਾ ਹੱਕ ਛੁਪਿਆ ਹੈ ਅਤੇ (3) ਭਾਰਤੀ ਸੰਵਿਧਾਨ ਅਤੇ ਕਾਨੂੰਨ ਦਾ ਆਧਾਰ ਸੁਤੰਤਰ ਇੱਛਾ, ਚੋਣ ਦੀ ਆਜ਼ਾਦੀ ਅਤੇ ਸਵੈ-ਇਰਾਦੇ ਦੇ ਹੱਕ ਦੇ ਮਜ਼ਬੂਤ ਥੰਮਾਂ 'ਤੇ ਖੜ੍ਹਾ ਹੈ, ਜਿਸ ਕਰਕੇ ਸਵੈ-ਇੱਛਾ ਨਾਲ ਮੌਤ ਨੂੰ ਗਲੇ ਲਾਉਣ ਦੀ ਇਜਾਜ਼ਤ ਦੇਣਾ ਗ਼ਲਤ ਨਹੀਂ ਹੈ, ਬਾਸ਼ਰਤੇ ਕਿ ਮਰੀਜ਼ ਅਜਿਹੀ ਹਾਲਤ ਵਿੱਚ ਹੋਵੇ ਜਿੱਥੇ ਨਾ ਉਹ ਠੀਕ ਹੋ ਰਿਹਾ ਹੈ ਅਤੇ ਨਾ ਹੀ ਉਸ ਦੀ ਸਰੀਰਕ ਪੀੜਾ ਘਟ ਰਹੀ ਹੈ। ਇੱਛਾ-ਮੌਤ ਦੇ ਵਿਰੋਧੀ: ਕੇਂਦਰ ਸਰਕਾਰ ਸਮੇਤ ਇਸ ਦੇ ਵਿਰੋਧੀਆਂ ਨੂੰ ਡਰ ਹੈ ਕਿ ਜੇਕਰ ਇਸ ਮੌਤ ਨੂੰ ਕਾਨੂੰਨੀ ਪ੍ਰਵਾਨਗੀ ਮਿਲਦੀ ਹੈ ਤਾਂ ਕਈ ਮਾਮਲਿਆਂ ਵਿੱਚ ਡਾਕਟਰਾਂ, ਸਮਾਜਜਾਂ ਰਿਸ਼ਤੇਦਾਰਾਂ ਵੱਲੋਂ ਇਸ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਮੁਤਾਬਿਕ ਇਹ ਸੰਕਲਪ (1) ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਜਿਉਣ ਦੇ ਹੱਕ ਦੇ ਵਿਰੋਧੀ ਹੈ (2) ਡਾਕਟਰ ਦਾ ਕਰਮ ਰੋਗੀ ਨੂੰ ਬਚਾਉਣਾ ਹੈ, ਮਾਰਨਾ ਨਹੀਂ (3) ਇਨਸਾਨ ਆਪਣੀ ਮਰਨ ਦੀ ਇੱਛਾ ਕਦੇ ਵੀ ਬਦਲ ਸਕਦਾ ਹੈ। ਕਾਨੂੰਨ ਕੀ ਕਹਿੰਦਾ ਹੈ? ਆਈਪੀਸੀ ਦੀ ਧਾਰਾ 309 ਮੁਤਾਬਿਕ ਆਤਮ-ਹੱਤਿਆ ਕਰਨ ਦਾ ਯਤਨ ਕਰਨਾ ਇਕ ਸਜ਼ਾ-ਯੋਗ ਅਪਰਾਧ ਹੈ। ਇਸ ਕਾਨੂੰਨ ਦੀ ਧਾਰਾ 206 ਅਨੁਸਾਰ ਖ਼ੁਦਕੁਸ਼ੀ ਕਰਨ ਵਿੱਚ ਕਿਸੇ ਦੀ ਮਦਦ ਕਰਨਾ ਵੀ ਸਜ਼ਾ-ਯਾਫ਼ਤਾ ਹੈ। ਇਸ ਤਰ੍ਹਾਂ ਕਿਸੇ ਵਿਸ਼ੇਸ਼ੀਕ੍ਰਿਤ ਨਿਯਮ ਦੇ, ਇੱਛਾ-ਮੌਤ ਗ਼ੈਰ-ਕਾਨੂੰਨੀ ਹੀ ਸਮਝੀ ਜਾਂਦੀ ਹੈ, ਪਰ, 7 ਮਾਰਚ 2011 ਨੂੰ ਸਰਬਉਚ ਅਦਾਲਤ ਵੱਲੋਂ ਪੈਸਿਵ ਭਾਵ ਸੁਸਤ ਇੱਛਾ-ਮੌਤ ਨੂੰ ਕਾਨੂੰਨੀ ਕਰਾਰ ਦਿੱਤਾ ਗਿਆ, ਪਰ ਐਕਟਿਵ ਭਾਵ ਚੁਸਤ ਇੱਛਾ-ਮੌਤ ਗ਼ੈਰਕਾਨੂੰਨੀ ਹੈ। ਚੁਸਤ ਇੱਛਾ-ਮੌਤ ਵਿੱਚ ਮਰੀਜ਼ ਦੇ ਜ਼ਹਿਰੀਲਾ ਟੀਕਾ ਆਦਿ ਲਗਾ ਕੇ ਉਸ ਨੂੰ ਖਤਮ ਕੀਤਾ ਜਾਂਦਾ ਹੈ, ਪਰ ਸੁਸਤ ਇੱਛਾ-ਮੌਤ ਵਿੱਚ ਮਰੀਜ਼ ਦੇ ਕਹਿਣ 'ਤੇ ਉਸ ਦੀ ਡਾਕਟਰੀ ਸਹਾਇਤਾ ਨੂੰ ਹੌਲੀ-ਹੌਲੀ ਘਟਾਇਆ, ਖਤਮ ਕੀਤਾ ਜਾਂ ਖਿੱਚ ਲਿਆ ਜਾਂਦਾ ਹੈ। ਮਾਮਲਾ ਅਦਾਲਤ ਦੇ ਵਿਚਾਰਅਧੀਨ: ਹੁਣ ਚੁਸਤ ਇੱਛਾ-ਮੌਤ ਦਾ ਮਸਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਅਤੇ 11 ਅਕਤੂਬਰ 2017 ਨੂੰ ਸੁਪਰੀਮ ਕਰੋਟ ਨੇ ਫ਼ੈਸਲਾ ਰਾਖਵਾਂ ਰੱਖਦਿਆਂ ਆਖਿਆ ਸੀ ਕਿ ਜੇਕਰ ਕੋਈ ਮਰੀਜ਼ ਮੌਤ ਹਾਸਲ ਕਰਨ ਲਈ ਡਾਕਟਰੀ ਸਹਾਇਤਾ ਵਾਪਸ ਲੈਣ ਲਈ ਕਹਿੰਦਾ ਹੈ ਤਾਂ ਅਜਿਹਾ ਕਰਨ ਤੋਂ ਪਹਿਲਾਂ ਇਕ ਡਾਕਟਰੀ ਬੋਰਡ ਨੂੰ ਇਹ ਜ਼ਰੂਰ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਰੋਗੀ ਦੀ ਹਾਲਤ ਨਾ-ਸਹੀ ਹੋਣ ਯੋਗ ਅਤੇ ਨਾ-ਮੁੜਣ ਯੋਗ ਸੀ। ਕੌਮਾਂਤਰੀ ਸਥਿਤੀ: ਇੱਛਾ ਮੌਤ, ਭਾਵ ਯੂਥੈਨੇਜ਼ੀਆ ਨੂੰ ਦੁਨੀਆਂ ਦੇ ਲਗਪਗ 6-7 ਦੇਸ਼ਾਂ ਨੇ ਪੂਰੀ ਮਾਨਤਾ ਦਿੱਤੀ ਹੈ, ਜਿਨ੍ਹਾਂ ਵਿੱਚ ਨੀਦਰਲੈਂਡਜ਼, ਸਿੰਗਾਪੁਰ, ਕੋਲੰਬੀਆ, ਡੈੱਨਮਾਰਕ, ਸਵਿੱਟਜ਼ਰਲੈਂਡ ਆਦਿ ਸ਼ਾਮਲ ਹਨ।

# ਕਿਵੇਂ ਕਰੀਏ ਇਮਤਿਹਾਨਾਂ ਦੀ ਤਿਆਰੀ ?

ਪ੍ਰੀਖਿਆਵਾਂ ਦਾ ਸਮਾਂ ਨਜ਼ਦੀਕ ਹੈ ਤੇ ਵਿਦਿਆਰਥੀਆਂ ਲਈ ਇਹ ਵੇਲਾ ਸਖ਼ਤ ਮਿਹਨਤ ਕਰਨ ਦਾ ਹੈ। ਜੇਕਰ ਹੁਣ ਵੀ ਵਿਦਿਆਰਥੀ ਗੰਭੀਰਤਾ ਨਾਲ ਨਹੀਂ ਪੜ੍ਹਦੇ ਤਾਂ ਚੰਗੇ ਅੰਕ ਪ੍ਰਾਪਤ ਨਹੀਂ ਕੀਤੇ ਜਾ ਸਕਣਗੇ। ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਨੇੜੇ ਆਉਣ 'ਤੇ ਕਈ ਵਾਰ ਸਮਝ ਨਹੀਂ ਆਉਂਦੀ ਕਿ ਕਿੱਥੋਂ ਸ਼ੁਰੂਆਤ ਕਰੀਏ ? ਇਹ ਸਭ ਸਮਝਣ ਦੀ ਬਜਾਏ ਪੜ੍ਹਾਈ ਤੋਂ ਪਾਸਾ ਵੱਟਣਾ ਤੇ ਘਬਰਾਏ ਰਹਿਣਾ ਸਹੀ ਨਹੀਂ ਹੈ। ਅਜਿਹੀ ਸਥਿਤੀ ਤੋਂ ਬਚਣ ਲਈ ਜ਼ਰੂਰੀ ਹੈ ਕਿ ਪੜ੍ਹਾਈ ਨੂੰ ਬੋਝ ਨਾ ਸਮਝਿਆ ਜਾਵੇ। ਪੜ੍ਹਾਈ ਰੌਚਕਤਾ ਤੇ ਦਿਲਚਸਪੀ ਨਾਲ ਕਰੋ। ਪੜ੍ਹਨ ਨੂੰ ਆਪਣਾ ਸ਼ੌਕ ਬਣਾਓ। ਜਿਹੜੇ ਵਿਦਿਆਰਥੀ ਸ਼ੌਕ ਨਾਲ ਪੜ੍ਹਾਈ ਕਰਦੇ ਹਨ, ਉਹ ਜ਼ਿੰਦਗੀ ਵਿੱਚ ਹਮੇਸ਼ਾ ਕਾਮਯਾਬ ਹੁੰਦੇ ਹਨ। ਪ੍ਰੀਖਿਆਵਾਂ ਦੀ ਤਿਆਰੀ ਲਈ ਸਭ ਤੋਂ ਜ਼ਰੂਰੀ ਹੈ ਸਮਾਂ ਸਾਰਨੀ (ਟਾਈਮ ਟੇਬਲ) ਬਣਾਉਣਾ। ਇਸੇ ਟਾਈਮ ਟੇਬਲ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਹਰੇਕ ਵਿਸ਼ੇ ਨੂੰ ਤਰਜੀਹ ਅਨੁਸਾਰ ਸਮਾਂ ਦਿੱਤਾ ਜਾ ਸਕੇ। ਟਾਈਮ ਟੇਬਲ ਬਣਾਉਣ ਲਈ ਕੁਝ ਗੱਲਾਂ ਦਾ ਧਿਆਨ ਰੱਖੋ। ਆਪਣੇ ਰੋਜ਼ਾਨਾ ਦੇ ਕੰਮਾਂ ਬਾਰੇ ਸਰਵੇਖਣ ਕਰੋ: ਪਹਿਲਾਂ ਤੁਸੀ ਆਪਣੇ ਰੋਜ਼ਾਨਾ ਦੇ ਕੰਮਾਂ ਦਾ ਨਿਰੀਖਣ ਕਰੋ ਤੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ। ਕਿਹੜੇ ਮਹੱਤਵਪੂਰਨ ਹਨ ਤੇ ਕਿਹੜੇ ਮਹੱਤਵਪੂਰਨ ਨਹੀਂ ਹਨ, ਉਨ੍ਹਾਂ ਦੀ ਇੱਕ ਸੂਚੀ ਬਣਾਓ ਅਤੇ ਮਹੱਤਵਪੂਰਨ ਕੰਮਾਂ 'ਤੇ ਸਹੀ ਦਾ ਨਿਸ਼ਾਨ ਲਗਾਓ। ਜਿਹੜੇ ਕੰਮ ਮਹੱਤਵਪੂਰਨ ਨਹੀਂ ਸਨ, ਉਨ੍ਹਾਂ ਕੰਮਾਂ ਸਾਹਮਣੇ ਕਰਾਸ ਦਾ ਨਿਸ਼ਾਨ ਲਗਾਓ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣਾ ਸਮਾਂ ਵਿਅਰਥ ਗੁਆ ਰਹੇ ਹੋ। ਹੁਣ ਉਨ੍ਹਾਂ ਵਿਸ਼ਿਆਂ ਦੀ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ। ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ: ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਕਿ ਉਹ ਹਰ ਵਿਸ਼ੇ ਵਿੱਚ ਕਮਜ਼ੋਰ ਨਹੀਂ ਹੁੰਦਾ। ਜਿਹੜੇ ਵਿਸ਼ਿਆਂ ਵਿੱਚ ਤੁਸੀ ਕਮਜ਼ੋਰ ਹੋ ਜਾਂ ਜਿਹੜੇ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖ਼ਤ ਲੋੜ ਹੈ, ਉਨ੍ਹਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ 'ਤੇ ਸਿਖਰ ਉਤੇ ਰੱਖੋ ਅਤੇ ਵੱਧ ਸਮਾਂ ਦਿਓ। ਜਿਹੜੇ ਵਿਸ਼ਿਆਂ ਉਤੇ ਤੁਹਾਡੀ ਪਕੜ ਚੰਗੀ ਹੁੰਦੀ ਹੈ।

# ਸੈਲਫੀ: ਮਹਿੰਗਾ ਨਾ ਪੈ ਜਾਵੇ ਸ਼ੌਕ

ਸਮਾਰਟ ਫੋਨਾਂ ਦੇ ਜਿੱਥੇ ਕਈ ਫਾਇਦੇ ਹਨ, ਉਥੇ ਨੁਕਸਾਨ ਵੀ ਸਾਹਮਣੇ ਆ ਰਹੇ ਹਨ। ਖ਼ਾਸ ਕਰ ਕੇ ਸੈਲਫੀ ਲੈਣ ਦਾ ਸ਼ੌਕ ਮਹਿੰਗਾ ਸਾਬਿਤ ਹੋ ਰਿਹਾ ਹੈ। ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਵਿੱਚ ਸੈਲਫੀ ਲੈਣ ਦਾ ਰੁਝਾਨ ਏਨਾ ਵਧ ਗਿਆ ਹੈ ਕਿ ਇਸ ਦੇ ਮਾਰੂ ਨਤੀਜੇ ਸਾਹਮਣੇ ਆ ਰਹੇ ਹਨ।

ਤਾਜ਼ਾ ਅੰਕੜਿਆਂ ਮੁਤਾਬਕ ਸੈਲਫੀ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰਤ ਦਾ ਨਾਮ ਅੱਗੇ ਹੈ। ਇੱਕ ਅਧਿਐਨ ਮੁਤਾਬਕ ਮਾਰਚ 2014 ਤੋਂ ਸਤੰਬਰ 2016 ਤੱਕ ਵਿਸ਼ਵ ਭਰ ਵਿੱਚ ਸੈਲਫੀ ਲੈਣ ਲੱਗਿਆਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚੋਂ 60 ਫ਼ੀਸਦੀ ਮੌਤਾਂ ਭਾਰਤ ਵਿੱਚ ਹੋਈਆਂ ਹਨ। ਕਾਰਨੇਗੀ ਮੈਲਨ ਯੂਨੀਵਰਸਿਟੀ ਤੇ ਇੰਦਰਪ੍ਰਸਥ ਇੰਸਟੀਚਿਊਟ ਆਫ ਇਮਫਰਮੇਸ਼ਨ, ਦਿੱਲੀ ਦੇ ਖੋਜਾਰਥੀਆਂ ਦੇ ਸਾਂਝੇ ਅਧਿਐਨ ਮੁਤਾਬਕ ਦੇਸ਼ ਵਿੱਚ 18 ਮਹੀਨਿਆਂ 'ਚ ਸੈਲਫੀ ਕਰਕੇ ਹੋਣ ਵਾਲੀਆਂ 127 ਮੌਤਾਂ ਵਿੱਚੋਂ 76 ਭਾਰਤ ਵਿੱਚ ਹੋਈਆਂ ਸਨ। ਮਨੋਵਿਗਿਆਨਕਾਂ ਨੇ ਦਿਨ ਭਰ ਵਿੱਚ ਜ਼ਿਆਦਾ ਸੈਲਫੀਆਂ ਲੈਣ ਨੂੰ ਰੋਗ ਕਰਾਰ ਦਿੱਤਾ ਹੈ, ਜਿਸ ਨੂੰ 'ਸੈਲਫਿਟੀਜ਼' ਕਿਹਾ ਜਾਂਦਾ ਹੈ। ਸੈਲਫਿਟੀਜ਼, ਦਿਮਾਗ ਦੀ ਇੱਕ ਸਥਿਤੀ ਹੈ, ਜਿਸ ਦੌਰਾਨ ਵਿਅਕਤੀ ਸੋਸ਼ਲ ਮੀਡੀਆ 'ਤੇ ਲਗਾਤਾਰ ਆਪਣੀਆਂ ਸੈਲਫੀਆਂ ਪੋਸਟ ਕਰਨ ਲਈ ਮਜਬੂਰ ਹੋ ਜਾਂਦਾ ਹੈ। ਅਜਿਹੀ ਹਾਲਤ ਵਿੱਚ ਡਾਕਟਰ ਜਾਂ ਮਨੋਵਿਗਿਆਨਕ ਦੀ ਸਲਾਹ ਲੈਣ ਦੀ ਜ਼ਰੂਰਤ ਹੁੰਦੀ ਹੈ। ਇਸ ਗੱਲ ਨੂੰ ਪਹਿਲਾਂ ਮਜ਼ਾਕ ਸਮਝਿਆ ਜਾਂਦਾ ਸੀ, ਪਰ ਹੋਰ ਕਈ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਅਧਿਐਨ ਕੀਤਾ ਤਾਂ ਸਿੱਧ ਹੋਇਆ ਕਿ ਵਾਰ ਵਾਰ ਸੈਲਫੀ ਲੈਣਾ ਸੱਚਮੁੱਚ ਇੱਕ ਬਿਮਾਰੀ ਹੈ।





ਅਧਿਐਨ ਮੁਤਾਬਕ ਸੈਲਫਿਟੀਜ਼ ਦੇ ਤਿੰਨ ਪੱਧਰ ਹੁੰਦੇ ਹਨ।

× ਬਾਰਡਰ ਲਾਈਨ: ਇਸ ਸਥਿਤੀ ਵਿੱਚ ਵਿਅਕਤੀ ਦਿਨ ਵਿੱਚ ਘੱਟੋ-ਘੱਟ ਤਿੰਨ ਵਾਰ ਸੈਲਫੀਆਂ ਲੈਂਦਾ ਹੈ, ਪਰ ਉਨ੍ਹਾਂ ਨੂੰ ਕਿਸੇ ਸੋਸ਼ਲ ਮੀਡੀਆ 'ਤੇ ਪੋਸਟ ਨਹੀਂ ਕਰਦਾ।

× ਅਕਿਊਟ: ਇਸ ਸਥਿਤੀ ਵਿੱਚ ਵਿਅਕਤੀ ਦਿਨ ਵਿੱਚ ਘੱਟੋ-ਘੱਟ ਤਿੰਨ ਵਾਰ ਸੈਲਫੀ ਲੈਂਦਾ ਹੈ ਤੇ ਹਰ ਫੋਟੋ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਦਾ ਹੈ।

× ਕਰੋਨਿਕ: ਇਸ ਸਥਿਤੀ ਵਿੱਚ ਵਿਅਕਤੀ ਸੈਲਫੀ ਲੈਣ ਦੀ ਇੱਛਾ 'ਤੇ ਕਾਬੂ ਨਹੀਂ ਪਾ ਸਕਦਾ ਅਤੇ ਵਾਰ ਵਾਰ ਆਪਣੀਆਂ ਫੋਟੋਆਂ ਖਿੱਚ ਕੇ ਛੇ ਤੋਂ ਜ਼ਿਆਦਾ ਵਾਰ ਸੋਸ਼ਲ ਮੀਡੀਆ 'ਤੇ ਪਾਉਂਦਾ ਹੈ।ਸੈਲਫੀ ਲੈਣਾ ਮੌਤ ਦਾ ਕਾਰਨ ਵੀ ਬਣ ਸਕਦਾ ਹੈ। ਇਸ ਦੀਆਂ ਕਈ ਉਦਾਹਰਨਾਂ ਵੇਖਣ ਨੂੰ ਮਿਲੀਆਂ ਹਨ। ਪਿਛਲੇ ਸਾਲ ਜੈਪੁਰ ਘੁੰਮਣ ਆਇਆ ਇੱਕ ਨੌਜਵਾਨ ਕਿਲ੍ਹੇ ਦੇ ਬੁਰਜ 'ਤੇ ਬੈਠ ਕੇ ਸੈਲਫੀ ਲੈਂਦਾ ਹੋਇਆ ਆਪਣੀ ਜਾਨ ਤੋਂ ਹੱਥ ਧੋ ਬੈਠਾ। ਹਿਮਾਚਲ ਪ੍ਰਦੇਸ਼ ਵਿੱਚ ਘੁੰਮਣ ਗਏ ਇੰਜਨੀਅਰਿੰਗ ਦੇ ਵਿਦਿਆਥੀਆਂ ਨਾਲ ਵੀ ਅਜਿਹੀ ਘਟਨਾ ਵਾਪਰੀ। ਵਿਦਿਆਰਥੀ ਟੂਰ ਤੋਂ ਵਾਪਸੀ ਵੇਲੇ ਨਦੀ ਕਿਨਾਰੇ ਸੈਲਫੀ ਲੈਂਦਿਆਂ ਹਾਦਸੇ ਦਾ ਸ਼ਿਕਾਰ ਹੋ ਗਏ। ਵੇਖਣ ਵਿੱਚ ਆਇਆ ਹੈ ਕਿ ਸੈਰ ਕਰਦਿਆਂ ਜਾਂ ਬਾਹਰ ਘੁੰਮਣ ਵੇਲੇ ਲੋਕ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਮਾਣਨ ਦੀ ਬਜਾਏ ਸੈਲਫੀਆਂ ਲੈਣ ਵਿੱਚ ਰੁੱਝ ਜਾਂਦੇ ਹਨ। ਵਿਆਹਾਂ ਜਾਂ ਹੋਰ ਸਮਾਗਮਾਂ ਵੇਲੇ ਵੀ ਲੋਕ ਰਸਮਾਂ ਵੇਖਣ ਦੀ ਬਜਾਏ ਸੈਲਫੀਆਂ ਲੈਂਦੇ ਵੇਖੇ ਜਾ ਸਕਦੇ ਹਨ। ਨੌਜਵਾਨਾਂ ਵਿੱਚ ਇਹ ਰੁਝਾਨ ਵੱਧ ਹੈ, ਜੋ ਚਿੰਤਾ ਦਾ ਵਿਸ਼ਾ ਹੈ।

# ਵੈਟਰਨਰੀ ਸਾਇੰਸ: ਪਸ਼ੂ ਧਨ ਨੂੰ ਜੀਵਨ ਦਾਨ ਦੇਣ ਵਾਲਾ ਕਰੀਅਰ



ਦਿਹਾਤੀ ਖੇਤਰਾਂ ਵਿੱਚ ਵੈਟਰਨਰੀ ਡਾਕਟਰਾਂ ਦੀ ਲੋੜ ਹਰ ਵੇਲੇ ਬਣੀ ਰਹਿੰਦੀ ਹੈ, ਪਰ ਹੁਣ ਸ਼ਹਿਰਾਂ ਵਿੱਚ ਵੈਟਰਨਰੀ ਡਾਕਟਰਾਂ ਦੀਆਂ ਸੇਵਾਵਾਂ ਦੀ ਜ਼ਰੂਰਤ ਪੈਂਦੀ ਹੈ। ਦਿਹਾਤੀ ਖੇਤਰਾਂ ਦੀ ਆਰਥਿਕਤਾ ਲਈ ਜਿੱਥੇ ਪਸ਼ੂ ਧਨ ਬਹੁਤ ਅਹਿਮ ਹੈ, ਉਥੇ ਵੈਟਰਨਰੀ ਡਾਕਟਰਾਂ ਦੀਆਂ ਸੇਵਾਵਾਂ ਦੀ ਵੀ ਬਹੁਤ ਮਹੱਤਤਾ ਹੈ। ਅੱਜ-ਕੱਲ੍ਹ ਸ਼ਹਿਰਾਂ ਵਿੱਚ ਪਾਲਤੂ ਜਾਨਵਰ ਖ਼ਾਸ ਕਰਕੇ ਵੱਖ ਵੱਖ ਨਸਲਾਂ ਦੇ ਕੁੱਤੇ ਰੱਖੇ ਜਾਂਦੇ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਤੇ ਉਨ੍ਹਾਂ ਨੂੰ ਰੋਗਾਂ ਤੋਂ ਬਚਾਉਣ ਲਈ ਮਾਹਿਰਾਂ ਦੀ ਲੋੜ ਪੈਂਦੀ ਹੈ। ਪਸ਼ੂਆਂ ਦੀ ਦੇਖ-ਭਾਲ ਨਾਲ ਸਬੰਧਤ ਮਾਹਿਰਾਂ ਨੂੰ ਵੈਟਰਨੇਰੀਅਨ ਜਾਂ ਵੈਟਰਨਰੀ ਡਾਕਟਰ ਕਿਹਾ ਜਾਂਦਾ ਹੈ ਅਤੇ ਇਸ ਖੇਤਰ ਨੂੰ ਵੈਟਰਨਰੀ ਸਾਇੰਸ ਦਾ ਨਾਂ ਦਿੱਤਾ ਗਿਆ ਹੈ। ਪਸ਼ੂ-ਪੰਛੀਆਂ ਦੇ ਬਿਮਾਰ ਹੋਣ ਜਾਂ ਕਿਸੇ ਤਰ੍ਹਾਂ ਦੀ ਤਕਲੀਫ਼ ਹੋਣ 'ਤੇ ਵੈਟਰਨਰੀ ਡਾਕਟਰਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਇਸ ਖੇਤਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ 1984 ਵਿੱਚ ਇੰਡੀਅਨ ਵੈਟਰਨਰੀ ਸਾਇੰਸ ਐਕਟ ਬਣਾਇਆ ਗਿਆ ਸੀ, ਜਿਸ ਦਾ ਸਿੱਧਾ ਸਬੰਧ ਖੇਤੀਬਾੜੀ ਮੰਤਰਾਲੇ ਨਾਲ ਹੈ। ਵੈਟਰਨਰੀ ਸਾਇੰਸ ਇੱਕ ਅਜਿਹਾ ਵਿਗਿਆਨ ਹੈ, ਜਿਸ ਤਹਿਤ ਪਸ਼ੂਆਂ ਅਤੇ ਪੰਛੀਆਂ ਨੂੰ ਹੋਣ ਵਾਲੇ ਰੋਗ, ਉਨ੍ਹਾਂ ਦੇ ਲੱਛਣ ਅਤੇ ਇਲਾਜ ਤੇ ਦੇਖ-ਭਾਲ ਸਬੰਧੀ ਕਾਰਜ ਕੀਤੇ ਜਾਂਦੇ ਹਨ।

ਇਲਾਜ ਅਤੇ ਦੇਖਭਾਲ ਤੋਂ ਇਲਾਵਾ ਦੁੱਧ, ਅੰਡੇ, ਮਾਸ ਆਦਿ ਦੇ ਉਤਪਾਦਨ ਨਾਲ ਸਬੰਧਤ ਵਿਗਿਆਨਿਕ ਅਧਿਐਨ ਵੀ ਇਸ ਵਿੱਚ ਸ਼ਾਮਲ ਹਨ। ਅਧਿਐਨ ਦੀ ਇਸ ਵਿਸ਼ੇਸ਼ ਸ਼ਾਖ਼ਾ ਦਾ ਮੂਲ ਸਿਧਾਂਤ ਮਨੁੱਖੀ ਚਿਕਿਤਸਾ ਵਿਗਿਆਨ ਵਾਂਗ ਹੀ ਹੈ। ਦੋਵੇਂ ਵਿਗਿਆਨਾਂ ਦਾ ਪਹਿਲਾ ਉਦੇਸ਼ ਜੀਵਾਂ ਦੀ ਸਿਹਤ ਸੁਰੱਖਿਆ ਤੇ ਉਨ੍ਹਾਂ ਨੂੰ ਰੋਗਾਂ ਤੋਂ ਬਚਾਉਣਾ ਹੈ। ਵੈਟਰਨਰੀ ਡਾਕਟਰਾਂ ਦੀ ਕਾਰਜਸ਼ੈਲੀ ਕਿਸੇ ਆਮ ਫਿਜ਼ੀਸ਼ੀਅਨ ਜਾਂ ਸਰਜਨ ਤੋਂ ਘੱਟ ਨਹੀਂ ਹੁੰਦੀ। ਵੈਟਰਨੇਰੀਅਨ ਦੇ ਰੂਪ ਵਿੱਚ ਪ੍ਰੈਕਟਿਸ ਕਰਨੀ ਉਦੋਂ ਹੀ ਸੰਭਵ ਹੈ, ਜੇਕਰ ਵਿਦਿਆਰਥੀ ਕੋਲ ਇਸ ਖੇਤਰ ਵਿੱਚ ਬੈਚਲਰ ਡਿਗਰੀ-ਬੀ.ਵੀ.ਐਸ ਸੀ ਹੋਵੇ। ਇਸ ਡਿਗਰੀ ਨੂੰ ਕਰਨ ਲਈ ਬਾਰ੍ਹਵੀਂ ਫਿਜ਼ਿਕਸ, ਕੈਮਿਸਟਰੀ ਤੇ ਬਾਇਓਲੋਜੀ ਨਾਲ ਚੰਗੇ ਅੰਕਾਂ ਨਾਲ ਪਾਸ ਕੀਤੀ ਹੋਵੇ। ਵੈਟਰਨਰੀ ਕਾਲਜਾਂ ਵਿੱਚ ਦਾਖ਼ਲਾ, ਦਾਖ਼ਲਾ ਪ੍ਰੀਖਿਆ ਦੇ ਆਧਾਰ 'ਤੇ ਮਿਲਦਾ ਹੈ। ਯੂਨੀਵਰਸਿਟੀ ਕਾਉਂਸਲ ਆਫ ਇੰਡੀਆ ਵੱਲੋਂ ਆਲ ਇੰਡੀਆ ਕਾਮਨ ਐਂਟਰੈਂਸ ਐਗਜ਼ਾਮੀਨੇਸ਼ਨ (ਏ.ਆਈ.ਸੀ.ਈ.ਈ.) ਲਿਆ ਜਾਂਦਾ ਹੈ, ਜਿਸ ਤੋਂ ਬਾਅਦ 5-ਸਾਲਾ ਕੋਰਸ ਵਿੱਚ ਦਾਖ਼ਲਾ ਮਿਲਦਾ ਹੈ। ਮਾਸਟਰ ਡਿਗਰੀ ਲਈ ਇੰਡੀਅਨ ਕਾਉਂਸਲ ਫਾਰ ਐਗਰੀਕਲਚਰਲ ਰਿਸਰਚ (ਆਈ.ਸੀ.ਏ.ਆਰ) ਵੱਲੋਂ ਆਲ ਇੰਡੀਆ ਐਂਟਰੈਂਸ ਐਗਜ਼ਾਮ ਕਰਵਾਇਆ ਜਾਂਦਾ ਹੈ। ਜਿਸ ਸ਼ਖ਼ਸ ਦੀਆਂ ਬੇਜ਼ੁਬਾਨ ਪਸ਼ੂ-ਪੰਛੀਆਂ ਦੇ ਪ੍ਰਤੀ ਮੋਹ ਦੀਆਂ ਤੰਦਾਂ ਮਜ਼ਬੂਤ ਹੋਣਗੀਆਂ, ਉਹੀ ਇਸ ਖੇਤਰ ਵਿੱਚ ਕਦਮ ਰੱਖਣ ਬਾਰੇ ਸੋਚ ਸਕਦਾ ਹੈ ਤੇ ਉਹੀ ਇਸ ਖੇਤਰ ਵਿੱਚ ਮੁਹਾਰਤ ਹਾਸਿਲ ਕਰ ਸਕਦਾ ਹੈ। ਜਾਨਵਰਾਂ ਦੇ ਸੰਕੇਤਾਂ ਤੇ ਉਨ੍ਹਾਂ ਦੀ ਵਿਵਹਾਰਕ ਸ਼ੈਲੀ ਦੀ ਸਮਝ ਰੱਖਣ ਵਿੱਚ ਦਿਲਚਸਪੀ ਹੋਣਾ ਜ਼ਰੂਰੀ ਹੈ। ਦਿਹਾਤੀ ਖੇਤਰਾਂ ਵਿੱਚ ਕੰਮ ਕਰਨ ਲਈ ਵੀ ਤਿਆਰ ਰਹਿਣਾ ਹੋਵੇਗਾ ਤੇ ਟੀਮ ਵਿੱਚ ਕੰਮ ਕਰਨ ਦੀ ਭਾਵਨਾ ਅਤੇ ਸਮਰੱਥਾ ਵੀ ਹੋਣੀ ਚਾਹੀਦੀ ਹੈ।ਬੀਵੀਐਸਸੀ-ਬੈਚਲਰ ਆਫ ਵੈਟਰਨਰੀ ਸਾਇੰਸਜ਼ ਅਤੇ ਐਨੀਮਲ ਹਸਬੈਂਡਰੀ ਕੋਰਸ ਦਾ ਸਮਾਂ 5 ਸਾਲ ਹੁੰਦਾ ਹੈ, ਜਿਸ ਦੌਰਾਨ ਇੰਟਰਨਸ਼ਿਪ ਵੀ ਸ਼ਾਮਲ ਹੈ। ਪਹਿਲੇ 4 ਸਾਲ ਟ੍ਰੇਨਿੰਗ ਲਈ ਹੁੰਦੇ ਹਨ, ਜਿਸ ਤਹਿਤ ਵੱਖ ਵੱਖ ਪ੍ਰੈਕਟੀਕਲ ਅਤੇ ਥਿਓਰੈਟੀਕਲ ਗਿਆਨ ਜਿਵੇਂ-ਐਨਾਟਮੀ, ਫਿਜ਼ੀਓਲੌਜੀ, ਬਾਇਓਕੈਮਿਸਟਰੀ, ਨਿਊਟ੍ਰੀਸ਼ਨ, ਪ੍ਰੋਡਕਸ਼ਨ ਟੈਕਨਾਲੋਜੀ, ਪਥੌਲੌਜੀ, ਮਾਈਕ੍ਰੋਬਾਇਓਲੌਜੀ, ਜਿਨੈਟਿਕਸ ਐਂਡ ਬ੍ਰੀਡਿੰਗ, ਗਾਇਨਾਕਾਲੋਜੀ, ਸਰਜਰੀ, ਮੈਡੀਸਿਨ, ਐਨੀਮਲ ਹਸਬੈਂਡਰੀ ਆਦਿ ਬਾਰੇ ਦੱਸਿਆ ਜਾਂਦਾ ਹੈ। ਪੰਜਵੇਂ ਸਾਲ ਵਿੱਚ ਹੈਂਡ-ਆਨ-ਟ੍ਰੇਨਿੰਗ ਕਰਵਾਈ ਜਾਂਦੀ ਹੈ। ਅਖ਼ੀਰਲੇ 6 ਮਹੀਨੇ ਇੰਟਰਨਸ਼ਿਪ ਲਈ ਨਿਰਧਾਰਿਤ ਹੁੰਦੇ ਹਨ। ਬੀ.ਵੀ.ਐਸ ਸੀ ਤੋਂ ਬਾਅਦ ਵਿਦਿਆਰਥੀ 2-ਸਾਲਾ ਪੀ.ਜੀ ਡਿਗਰੀ-ਮਾਸਟਰ ਇਨ ਵੈਟਰਨਰੀ ਸਾਇੰਸਜ਼ (ਐਮ.ਵੀ.ਐਸ.ਸੀ) ਲਈ ਯੋਗ ਬਣ ਜਾਂਦੇ ਹਨ। ਖੋਜ ਅਤੇ ਅਧਿਆਪਨ ਕਿੱਤੇ ਦੇ ਚਾਹਵਾਨ ਪੀ.ਜੀ. ਤੋਂ ਬਾਅਦ ਪੀਐੱਚ.ਡੀ. ਲਈ ਵੀ ਜਾ ਸਕਦੇ ਹਨ।ਪਿਛਲੇ ਕੁਝ ਵਰ੍ਹਿਆਂ ਤੋਂ ਵੈਟਰਨਰੀ ਡਾਕਟਰਾਂ ਦੀ ਮੰਗ ਦਾ ਗ੍ਰਾਫ਼ ਤੇਜ਼ੀ ਨਾਲ ਵਧਿਆ ਹੈ। ਸਰਕਾਰ ਨੇ ਥਾਂ ਥਾਂ 'ਤੇ ਪਸ਼ੂ ਹਸਪਤਾਲ ਅਤੇ ਮਸ਼ਵਰਾ ਕੇਂਦਰ ਖੋਲ੍ਹੇ ਹਨ। ਵੈਟਰਨਰੀ ਡਾਕਟਰਾਂ ਨੂੰ ਸਰਕਾਰੀ ਐਨੀਮਲ ਹਸਬੈਂਡਰੀ ਵਿਭਾਗ, ਪੋਲਟਰੀ ਫਾਰਮ, ਡੇਅਰੀ ਫਾਰਮ, ਰੈਬਿਟ ਫਾਰਮ ਤੇ ਵੈਟਰਨਰੀ ਹਸਪਤਾਲ ਆਦਿ ਵਿੱਚ ਕੰਮ ਕਰਨ ਦੇ ਮੌਕੇ ਮਿਲਦੇ ਹਨ। ਖੋਜ ਕਾਰਜਾਂ ਲਈ ਵੀ ਬੇਸ਼ੁਮਾਰ ਮੌਕੇ ਮਿਲਦੇ ਹਨ। ਇਸ ਖੇਤਰ ਵਿੱਚ ਜਿੱਥੇ ਤਜਰਬੇ ਨਾਲ ਆਮਦਨੀ ਦਾ ਦਾਇਰਾ ਵਧਦਾ ਜਾਂਦਾ ਹੈ, ਉਥੇ ਪ੍ਰਾਈਵੇਟ ਪ੍ਰੈਕਟਿਸ ਵਿੱਚ ਮੌਕੇ ਵੀ ਤੇਜ਼ੀ ਨਾਲ ਵਧਦੇ ਹਨ।

# ਮਰਚੈਂਟ ਨੇਵੀ: ਕਰੀਅਰ ਬਣਾਉਣ ਦਾ ਬਿਹਤਰੀਨ ਮੌਕਾ

ਮਰਚੈਂਟ ਨੇਵੀ ਇੱਕ ਅਰਧ ਸਰਕਾਰੀ ਅਦਾਰਾ ਹੈ। ਸਾਲ 2000 ਤੋਂ ਪਹਿਲਾਂ ਇਹ ਸਰਕਾਰ, ਯੂਨੀਅਨਾਂ ਤੇ ਕੰਪਨੀਆਂ ਦੇ ਗੱਠਜੋੜ ਅਧੀਨ ਚਲਦਾ ਹੋਣ ਕਾਰਨ ਸਬੰਧਤ ਕੰਪਨੀਆਂ ਏਜੰਟਾਂ ਰਾਹੀਂ ਜਵਾਨ ਭਰਤੀ ਕਰਦੀਆਂ ਸਨ। ਨੌਕਰੀ ਲਈ ਕੋਈ ਖ਼ਾਸ ਯੋਗਤਾ ਨਿਸ਼ਚਿਤ ਨਹੀਂ ਸੀ ਤੇ ਨੌਜਵਾਨਾਂ ਲੱਖਾਂ ਰੁਪਏ ਦੇ ਕੇ ਨੌਕਰੀ ਲੈਂਦੇ ਸਨ। ਮਾਲਕ ਆਪਣੀ ਮਰਜ਼ੀ ਦੀ ਤਨਖ਼ਾਹ 'ਤੇ ਕੰਮ ਲੈਂਦੇ ਸਨ। ਪੰਜ ਸਾਲਾਂ ਤੱਕ ਨੌਕਰੀ 'ਤੇ ਰੱਖਿਆ ਜਾਂਦਾ ਸੀ। ਨੌਕਰੀ ਪੱਕੀ ਵੀ ਨਹੀਂ ਹੁੰਦੀ ਸੀ ਤੇ ਏਜੰਟਾਂ ਦੀ 'ਸੇਵਾ' ਕਰਨ 'ਤੇ ਕੰਮ ਮਿਲਦਾ ਸੀ।ਇਸ ਮਗਰੋਂ ਸੁਪਰੀਮ ਕੋਰਟ ਵਿੱਚ ਇਕ ਅਰਜ਼ੀ ਦਾਇਰ ਕੀਤੀ ਗਈ। ਸਾਲ 2000 ਵਿੱਚ ਫ਼ੈਸਲਾ ਆਇਆ ਕਿ ਨੌਕਰੀ ਕਰਨ ਵਾਲੇ 'ਸੀਅ ਮੈਨ' ਨੂੰ ਭਾਰਤ ਸਰਕਾਰ ਵੱਲੋਂ ਲਾਇਸੈਂਸ ਦਿੱਤਾ ਜਾਵੇ। ਇਸ ਨਾਲ ਨਵੇਂ ਭਰਤੀ ਹੋਣ ਵਾਲੇ ਲੋਕਾਂ ਲਈ ਰਸਤਾ ਖੁੱਲ੍ਹਿਆ। ਇਸ ਤਹਿਤ ਮਨਜ਼ੂਰਸ਼ੁਦਾ ਸੰਸਥਾ ਵਿੱਚ ਪ੍ਰੀ-ਸੀਅ ਸਿਖਲਾਈ ਲੈਣ ਤੋਂ ਬਾਅਦ ਸੀ. ਡੀ. ਸੀ ਦਿੱਤਾ ਜਾਂਦਾ ਹੈ। ਇਹ ਪਾਸ ਭਾਰਤ ਸਰਕਾਰ ਦਾ ਲਾਇਸੈਂਸ ਹੁੰਦਾ ਹੈ, ਜਿਸ ਨਾਲ ਅਸਾਨੀ ਨਾਲ ਨੌਕਰੀ ਹਾਸਲ ਕੀਤੀ ਜਾ ਸਕਦੀ ਹੈ। ਇਸ ਲਾਇਸੈਂਸ 'ਤੇ ਕੋਈ ਸਰਕਾਰੀ ਅਦਾਰਾ ਜਾਂ ਯੂਨੀਅਨ ਰੋਕ ਨਹੀਂ ਲਾ ਸਕਦੀ। ਫ਼ੈਸਲੇ ਅਨੁਸਾਰ ਉਮਰ ਦੀ ਸੀਮਾ 18 ਤੋਂ 23 ਸਾਲ ਨਿਰਧਾਰਿਤ ਕੀਤੀ ਗਈ। ਅੱਜ-ਕੱਲ੍ਹ ਇਸ ਖੇਤਰ ਵਿੱਚ ਨੌਕਰੀ ਲਈ ਘੱਟੋ-ਘੱਟ ਸਿੱਖਿਆ ਬਾਰ੍ਹਵੀਂ ਹੈ ਤੇ ਵੱਖ-ਵੱਖ ਅਸਾਮੀਆਂ ਲਈ 40 ਅਤੇ 60 ਫ਼ੀਸਦੀ ਨੰਬਰ ਲਾਜ਼ਮੀ ਹਨ।ਕਿਵੇਂ ਲਈਏ ਦਾਖ਼ਲਾ: ਪ੍ਰੀ-ਸੀਅ ਟਰੇਨਿੰਗ ਲਈ ਕੋਈ ਖ਼ਾਸ ਸ਼ਰਤ ਨਹੀਂ ਹੈ। ਇਸ ਲਈ ਪਾਸਪੋਰਟ ਅਤੇ ਮੈਡੀਕਲ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਹੋਰ ਜਾਣਕਾਰੀ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ। ਡਾਕ ਅਤੇ ਫ਼ੋਨ ਰਾਹੀਂ ਜਾਣਕਾਰੀ ਲੈਣ ਲਈ ਡਾਇਰੈਕਟਰ ਜਨਰਲ ਆਫ ਸ਼ਿਪਿੰਗ ਨੌਵੀਂ ਮੰਜ਼ਿਲ ਬੀਟਾ ਬਿਲਡਿੰਗ ਆਈ-ਥਿੰਕ ਟੈਕਨੋ ਕੈਂਪਸ ਕੰਜੂਰ ਮਾਰਗ ਈਸਟ ਮੁੰਬਈ-400042 ਅਤੇ ਫੋਨ ਕਰਨ ਲਈ 022-25752040/41/42/43/45 ਨੰਬਰ 'ਤੇ ਸੰਪਰਕ ਕਰੋ। ਇਸ ਸਿਖਲਾਈ ਲਈ ਪੂਰੇ ਦੇਸ਼ ਵਿੱਚ ਅਕੈਡਮੀਆਂ ਹਨ। ਫ਼ੀਸ ਸਰਕਾਰ ਵੱਲੋਂ ਨਿਰਧਾਰਿਤ ਕੀਤੀ ਜਾਂਦੀ ਹੈ। ਪ੍ਰੀ-ਸੀਅ ਟਰੇਨਿੰਗ ਦਾ ਸਮਾਂ ਇੱਕ ਸਾਲ ਦਾ ਹੈ। ਹਰ ਸਾਲ ਦੋ ਵਾਰ ਦਾਖ਼ਲੇ ਕੀਤੇ ਜਾਂਦੇ ਹਨ, ਜਿਸ ਦੀ ਤਰੀਕ ਬਦਲਦੀ ਰਹਿੰਦੀ ਹੈ। ਖਾਣਾ, ਵਰਦੀ ਤੇ ਰਹਿਣ ਦਾ ਖ਼ਰਚਾ ਫ਼ੀਸ ਵਿੱਚ ਸ਼ਾਮਲ ਹੁੰਦਾ ਹੈ। ਟਰੇਨਿੰਗ ਵਿੱਚ ਕਿਤਾਬੀ ਗਿਆਨ ਦੇਣ ਤੋਂ ਜ਼ਿਆਦਾ ਪ੍ਰੈਕਟੀਕਲ ਹੁੰਦਾ ਹੈ। ਜੇਕਰ ਤੁਸੀਂ ਆਰਟਸ ਵਿਸ਼ੇ ਦੀ ਬਾਰ੍ਹਵੀਂ ਜਾਂ ਇਸ ਤੋਂ ਉਚੇਰੀ ਪੜ੍ਹਾਈ ਕੀਤੀ ਹੋਵੇ ਤਾਂ ਇਸ ਟਰੇਨਿੰਗ ਲਈ ਅਰਜ਼ੀ ਦੇ ਸਕਦੇ ਹਨ। ਸਾਇੰਸ ਵਿਸ਼ੇ ਵਾਲਿਆਂ ਵਾਸਤੇ ਵੀ ਇਸ ਸਿਖਲਾਈ ਲਈ ਦਰਵਾਜ਼ੇ ਖੁੱਲ੍ਹੇ ਹਨ। ਮਰਚੈਂਟ ਨੇਵੀ ਵਿੱਚ ਜਾਣ ਲਈ ਤਿੰਨ ਤਰ੍ਹਾਂ ਦੀ ਸਟਰੀਮ ਵਿੱਚੋਂ ਕੋਈ ਵੀ ਸਿਖਲਾਈ ਲਈ ਜਾ ਸਕਦੀ ਹੈ।1. ਇੰਜਣ ਕੈਡਿਟ ਦੀ ਸਿਖਲਾਈ: ਇਸ ਵਿੱਚ ਇੰਜਣ ਸਬੰਧੀ ਪੜ੍ਹਾਈ ਕਰਾਈ ਜਾਂਦੀ ਹੈ, ਜਿਸ ਵਿੱਚ 50 ਫ਼ੀਸਦੀ ਲਿਖਤੀ ਅਤੇ 50 ਫ਼ੀਸਦੀ ਪ੍ਰਯੋਗੀ ਟਰੇਨਿੰਗ ਹੁੰਦੀ ਹੈ। ਇੰਜਨੀਅਰਿੰਗ ਦੀ ਪੜ੍ਹਾਈ ਕਰਨ ਵਾਲਿਆਂ ਲਈ ਇੰਜਣ ਕੈਡਿਟ ਦੀ ਪੜ੍ਹਾਈ ਹੋਵੇਗੀ। ਇਸ ਵਿੱਚ ਜਹਾਜ਼ ਦੇ ਇੰਜਣ ਦੀ ਅਤੇ ਮੁਰੰਮਤ ਕਰਨਾ ਸ਼ਾਮਲ ਹੁੰਦਾ ਹੈ।ਡੈੱਕ ਬਾਰੇ ਸਿਖਲਾਈ: ਇਸ ਵਿੱਚ ਆਰਟਸ ਵਿੱਚ ਬਾਰ੍ਹਵੀਂ ਕਰਨ ਵਾਲਿਆਂ ਨੂੰ 'ਸੀਅ ਮੈਨ' ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਾਇੰਸ ਵਿਸ਼ੇ ਵਾਲੇ ਕੰਪਿਊਟਰ ਦੀ ਜਾਣਕਾਰੀ ਰੱਖਦੇ ਹੋਣ। ਲਿਖਤੀ ਪੜ੍ਹਾਈ ਦੋਵਾਂ ਦੀ ਇੱਕੋ ਜਿਹੀ ਹੋਵੇਗੀ। ਇਸ ਵਿੱਚ ਜਹਾਜ਼ ਚਲਾਉਣਾ, ਸਾਮਾਨ ਉਤਾਰਨ ਤੇ ਚੜ੍ਹਾਉਣ ਦਾ ਕੰਮ ਹੋਵੇਗਾ।ਖਾਣੇ ਬਾਰੇ ਸਿਖਲਾਈ: ਇਸ ਸਿਖਲਾਈ ਲਈ ਬਾਰ੍ਹਵੀਂ ਦੀ ਪੜ੍ਹਾਈ ਕਿਸੇ ਵੀ ਵਿਸ਼ੇ ਦੀ ਹੋ ਸਕਦੀ ਹੈ। ਸਿਖਲਾਈ ਅਧੀਨ ਖਾਣਾ ਪਰੋਸਣਾ, ਖਾਣ ਲਈ ਕੀ ਜ਼ਰੂਰਤ ਹੈ ਤੇ ਖਾਣਾ ਤਿਆਰ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਕੌਮਾਂਤਰੀ ਕਾਨੂੰਨ ਅਨੁਸਾਰ ਅਕਾਦਮਿਕ ਪੜ੍ਹਾਈ ਦੌਰਾਨ ਫਾਇਰ ਫਾਈਟਿੰਗ, ਮੁਢਲੀ ਸਹਾਇਤਾ, ਪੀਐੱਸਐੱਸਆਰ ਤੇ ਪੀਐੱਸਟੀ ਕੋਰਸ ਕਰਾਏ ਜਾਂਦੇ ਹਨ। ਇਹ ਤਿੰਨੇ ਤਰ੍ਹਾਂ ਦੀ ਸਿਖਲਾਈ ਜਾਂ ਤਿੰਨੇ ਵਿਭਾਗਾਂ ਲਈ ਜ਼ਰੂਰੀ ਹਨ। ਇਹ ਸਿਖਲਾਈ ਲੈਣ ਤੋਂ ਬਾਅਦ ਕਿਸੇ ਵੀ ਕੌਮੀ ਤੇ ਕੌਮਾਂਤਰੀ ਕੰਪਨੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਪਰੋਕਤ ਕਿਸੇ ਵੀ ਵਿਭਾਗ ਵਿੱਚ ਜਾਣ 'ਤੇ ਪਹਿਲਾਂ ਠੇਕੇ 'ਤੇ ਟਰੇਨੀ ਵਜੋਂ ਭਰਤੀ ਕੀਤਾ ਜਾਂਦਾ ਹੈ।

, ਜਿਸ ਵਿੱਚ ਸਿਖਲਾਈ ਦੇ ਨਾਲ-ਨਟਰੇਨੀ ਵਜੋਂ ਭਰਤੀ ਕੀਤਾ ਜਾਂਦਾ ਹੈ, ਜਿਸ ਵਿੱਚ ਸਿਖਲਾਈ ਦੇ ਨਾਲ-ਨਾਲ ਤਨਖ਼ਾਹ ਵੀ ਦਿੱਤੀ ਜਾਂਦੀ ਹੈ। ਵਿਦੇਸ਼ ਵਿੱਚ ਨੌਕਰੀ 'ਤੇ ਹਾਜ਼ਰ ਹੋਣ ਲਈ ਵੀਜ਼ਾ, ਕਿਰਾਇਆ ਤੇ ਜ਼ਰੂਰਤ ਅਨੁਸਾਰ ਪੈਸੇ ਕੰਪਨੀ ਵੱਲੋਂ ਦਿੱਤੇ ਜਾਂਦੇ ਹਨ।ਨੌਕਰੀ ਦੌਰਾਨ ਸ਼ਰਤਾਂ: ਰੋਜ਼ਾਨਾ ਅੱਠ ਘੰਟੇ ਕੰਮ ਕਰਨਾ, ਜ਼ਰੂਰਤ ਪੈਣ 'ਤੇ ਓਵਰ ਟਾਈਮ ਲਾਉਣ ਦੇ ਵਾਧੂ ਪੈਸੇ ਦਿੱਤੇ ਜਾਂਦੇ ਹਨ। ਖਾਣਾ ਕਿਸ ਕਿਸਮ ਦਾ ਮਿਲੇਗਾ।

, ਇਹ ਮੁਲਾਜ਼ਮਾਂ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ।

ਬੀਮਾ ਤੇ ਪ੍ਰਾਵੀਡੈਂਟ ਫੰਡ: ਮੁਲਾਜ਼ਮ ਦਾ ਵੀਜ਼ਾ ਉਸ ਦੇਸ਼ ਨਾਲ ਸੰਬੰਧਿਤ ਹੁੰਦਾ ਹੈ, ਜਿਸ ਦੇਸ਼ ਦਾ ਜਹਾਜ਼ ਹੋਵੇ। ਮਹੀਨਾਵਾਰ ਕੱਟਿਆ ਗਿਆ ਫੰਡ ਦੁੱਗਣਾ ਸ਼ਾਮਲ ਕਰ ਕੇ ਭਾਰਤ ਸਰਕਾਰ ਦੇ ਪ੍ਰਾਵੀਡੈਂਟ ਫੰਡ ਵਿਭਾਗ ਵਿੱਚ ਜਮ੍ਹਾਂ ਹੋ ਜਾਂਦਾ ਹੈ। ਛੋਟੀ ਬਿਮਾਰੀ ਲਈ ਜਹਾਜ਼ ਦੇ ਅੰਦਰ ਹੀ ਇਲਾਜ ਕਰਾਇਆ ਜਾ ਸਕਦਾ ਹੈ, ਪਰ ਵੱਡੇ ਹਾਦਸੇ ਜਾਂ ਭਿਆਨਕ ਬਿਮਾਰੀਆਂ ਲਈ ਮੁਲਾਜ਼ਮ ਨੂੰ ਬਾਹਰ ਦੇ ਹਸਪਤਾਲ ਭੇਜਿਆ ਜਾਂਦਾ ਹੈ।

ਨੌਕਰੀ ਦਾ ਸਮਾਂ ਤੇ ਸੀਮਾ: ਆਮ ਮੁਲਾਜ਼ਮ ਲਗਾਤਾਰ 9 ਮਹੀਨੇ ਅਤੇ ਉੱਚ ਅਧਿਕਾਰੀ 6 ਮਹੀਨੇ ਲਈ ਕੰਮ ਕਰਦੇ ਹਨ। ਛੁੱਟੀ ਦੌਰਾਨ ਕੰਪਨੀ ਵਾਪਸ ਵੀ ਬੁਲਾ ਸਕਦੀ ਹੈ।

ਤਰੱਕੀ: ਤਰੱਕੀ ਲਈ ਕੌਮਾਂਤਰੀ ਕਾਨੂੰਨਾਂ ਅਨੁਸਾਰ ਇਮਤਿਹਾਨ ਦਿੱਤਾ ਜਾ ਸਕਦਾ ਹੈ। ਇੰਜਣ ਵਾਲਾ ਮੁਲਾਜ਼ਮ 18 ਮਹੀਨਿਆਂ ਬਾਅਦ ਇੰਜਨੀਅਰ ਦਾ ਇਮਤਿਹਾਨ ਦੇ ਕੇ ਚੀਫ਼ ਇੰਜਨੀਅਰ ਬਣ ਸਕਦਾ ਹੈ। ਇੰਜ ਹੀ ਡੈੱਕ ਵਿਭਾਗ ਤੇ ਮੁਲਾਜ਼ਮਾਂ ਦੀ ਤਰੱਕੀ ਕਪਤਾਨ ਵਜੋਂ ਹੁੰਦੀ ਹੈ।

# ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਯੂਨੀਅਨ ਦੇ ਨੁਮਾਇੰਦਿਆ ਨੂੰ ਸੌਂਪਿਆ ਤਨਖਾਹ ਵਾਧੇ ਦਾ ਪੱਤਰ

## ਆਜ਼ਾਦ ਯੂਨੀਅਨ ਮੁਲਾਜ਼ਮਾਂ ਨੇ ਨਵੇਂ ਬੱਸ ਅੱਡੇ ਵਿਖੇ ਲੱਡੂ ਵੰਡ ਕੇ ਕੀਤੀ ਖੁਸ਼ੀ ਜ਼ਾਹਰ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਬੀਤੇ ਦਿਨੀਂ ਪੀਆਰਟੀਸੀ ਮੁੱਖ ਦਫਤਰ ਵਿਖੇ ਕੰਟਰੈਕਟ ਵਰਕਰ ਯੂਨੀਅਨਾਂ ਦੇ ਮੈਬਰਾਂ ਨੂੰ ਤਨਖਾਹ ਦੇ ਵਾਧੇ ਦਾ ਪੱਤਰ ਸੌਂਪਿਆ। ਦੱਸਣਯੋਗ ਹੈ ਕਿ ਜਿਹੜੇ ਮੁਲਾਜਮਾਂ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਉਨ੍ਹਾਂ 1148 ਮੁਲਾਜਮਾਂ ਦੀ ਤਨਖਾਹ ਵਿੱਚ ਵਾਧਾ ਕਰਦਿਆ 2500 ਸਮੇਤ 10 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ। ਉਹਨਾਂ ਖਾਸ ਤੌਰ ਤੇ ਕਿਹਾ ਕਿ ਇਹਨਾਂ ਮੁਲਾਜ਼ਮਾਂ ਨੇ ਕਦੇ ਵੀ ਬੇਫਜ਼ੂਲ ਹੜਤਾਲਾ ਕਰ ਬੱਸਾਂ ਬੰਦ ਕਰ ਕੇ ਲੋਕਾਂ ਨੂੰ ਖੱਜਲ ਖੁਆਰ ਨਹੀ ਕੀਤਾ ਬਲਕਿ ਇਸ ਦੇ ਉਲਟ ਆਪਣਾ ਕੰਮ ਇਮਾਨਦਾਰੀ ਨਾਲ ਕਰਕੇ ਪੀਆਰਟੀਸੀ ਦੀ ਆਮਦਨ ਵਧਾਉਣ ਵਿੱਚ ਬਣਦਾ ਯੋਗਦਾਨ ਪਾਇਆ ਹੈ। ਪੱਤਰ ਲੈਣ ਮਗਰੋਂ ਆਜ਼ਾਦ ਯੂਨੀਅਨ ਦੇ ਨੁਮਾਇੰਦਿਆ ਨੇ ਨਵੇਂ ਬੱਸ ਅੱਡੇ ਵਿਖੇ ਲੱਡੂ ਵੰਡ ਖੁਸ਼ੀ ਜ਼ਾਹਰ ਕੀਤੀ



ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਇਸ ਮੌਕੇ ਗੱਲਬਾਤ ਕਰਦਿਆ ਕਿਹਾ ਕਿ ਕੁਝ ਸਮਾਂ ਪਹਿਲਾ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਵਿੱਚ ਕੰਟਰੈਕਟ ਵਰਕਰਾਂ ਦੀ ਤਨਖਾਹ ਵਾਧੇ ਲਈ ਵਿਚਾਰ ਵਟਾਂਦਰਾਂ ਕਰ ਫਾਈਲ ਬਣਾ ਕੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜੀ ਗਈ ਸੀ। ਜਿਸ ਤੇ ਮੁੱਖ ਮੰਤਰੀ ਮਾਨ ਨੇ ਦੇਰੀ ਨਾ ਲਗਾਉਂਦਿਆ ਤਨਖਾਹ ਵਾਧੇ ਨੂੰ ਜਲਦ ਲਾਗੂ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਉਨਾਂ ਕਿਹਾ ਕਿ ਕੁਝ ਦਿਨ ਪਹਿਲਾ ਵੀ ਕੰਟਰੈਕਟ ਵਰਕਰ ਯੂਨੀਅਨਾਂ ਦੇ ਨੁਮਾਇਦਿਆਂ ਦੀ ਮੀਟਿੰਗ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਨਾਲ ਕਰਵਾਈ ਗਈ ਸੀ। ਜਿਸ ਵਿੱਚ ਕਾਰਪੋਰੇਸ਼ਨ ਵਿੱਚ ਨਵੀਆਂ ਬੱਸਾਂ ਪਾਕੇ ਠੇਕਾ ਕਰਮਚਾਰੀਆਂ ਨੂੰ ਰੈਗੂਲਰ ਕਰਨਾ ਅਤੇ ਇੰਤਜ਼ਾਰ ਸੂਚੀ ਵਿੱਚੋ ਕਰਮਚਾਰੀਆਂ ਬਾਹਰ ਕੱਢ ਕੇ ਡਿਊਟੀਆਂ ਤੇ ਲੈਣਾ ਅਤੇ ਏਡਵਾਂਸ ਬੂਕਰਾਂ ਦੇ ਕਮਿਸ਼ਨ ਵਿੱਚ ਵਾਧਾ ਕਰਨ ਸਮੇਤ ਹੋਰ ਅਹਿਮ ਮੰਗਾਂ ਨੂੰ ਵੀ ਜਲਦੀ ਹੱਲ ਕਰਨ ਬਾਰੇ ਵੀ ਵਿਚਾਰ ਚਰਚਾ ਹੋਈ ਸੀ।

ਇਸੇ ਦੌਰਾਨ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਗੱਲਬਾਤ ਕਰਦਿਆ ਕਿਹਾ ਕਿ ਪੀਆਰਟੀਸੀ ਵੱਲੋ ਪੰਜਾਬ ਰੋਡਵੇਜ ਦੀ ਤਰਜ ਤੇ ਡਰਾਈਵਰਾਂ ਦੀ ਉਜਰਤਾਂ ਵਿੱਚ 2500 ਰੁਪਏ ਅਤੇ ਇਸੇ ਅਨੁਪਾਤ ਵਿੱਚ ਬਾਕੀ ਕਰਮਚਾਰੀਆਂ ਦੀ ਉਜਰਤਾਂ ਵਿੱਚ ਵਾਧਾ ਕਰਦੇ ਹੋਏ 30 ਪ੍ਰਤੀਸ਼ਤ ਦਾ ਵਾਧਾ ਦਿੱਤਾ ਗਿਆ ਸੀ। 15 ਸਤੰਬਰ 2021 ਤੋਂ ਬਾਅਦ ਨਿਯੁਕਤ ਕੀਤੇ ਗਏ ਅਜਿਹੇ ਕਰਮਚਾਰੀਆਂ ਨੂੰ ਕੇਵਲ ਘੱਟੋ ਘੱਟ ਉਜਰਤਾਂ ਹੀ ਦਿੱਤੀਆਂ ਜਾ ਰਹੀਆਂ ਸਨ।

ਇਸ ਲਈ ਉਜਰਤਾਂ ਵਿੱਚ ਪਾਈ ਜਾ ਰਹੀ ਇਸ ਅਸਮਾਨਤਾ ਨੂੰ ਦੂਰ ਕਰਨ ਲਈ ਪੀਆਰਟੀਸੀ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮਿਤੀ 15 ਸਤੰਬਰ 2021 ਤੋਂ ਬਾਅਦ ਬਾਹਰੀ ਸੰਸਥਾ ਕੰਟਰੈਕਟ ਆਧਾਰ ਤੇ ਲਏ ਗਏ ਕਰਮਚਾਰੀ ਜੋ ਕਿ ਇੱਕ ਸਾਲ ਤੋਂ ਬਿਨਾ ਬਰੇਕ ਕੰਮ ਕਰ ਰਹੇ ਹਨ, ਦੀ ਉਜਰਤਾਂ ਵਿੱਚ 2500 ਰੁਪਏ ਦਾ ਵਾਧਾ ਦੇਣ ਉਪਰੰਤ 10 ਪ੍ਰਤੀਸ਼ਤ ਦਾ ਹੋਰ ਵਾਧਾ ਦੇਣ ਦਾ ਫੈਸਲਾ ਲਿਆ ਗਿਆ ਹੈ।

ਮੀਟਿੰਗ ਦੌਰਾਨ ਪੀਆਰਟੀਸੀ ਕੰਟਰੈਕਟ ਪੀਆਰਟੀਸੀ ਵਰਕਰਜ ਯੂਨੀਅਨ ਅਜ਼ਾਦ ਰਜਿ ਨੰ 31 ਦੇ ਸੂਬਾ ਜਨਰਲ ਸਕੱਤਰ ਮਨਜਿੰਦਰ ਕੁਮਾਰ ਬੱਬੂ ਸ਼ਰਮਾ, ਸਰਪ੍ਰਸਤ ਗੁਰਧਿਆਨ ਸਿੰਘ ਭਾਨਰਾ, ਗੁਰਪਾਲ ਸਿੰਘ ਸੰਗਰੂਰ, ਖੁਸ਼ਵਿੰਦਰ ਸਿੰਘ ਬੁਢਲਾਡਾ, ਸੂਬਾ ਪ੍ਰਧਾਨ ਹਰਵਿੰਦਰ ਸਿੰਘ ਕਾਲਾ, ਖੁਸ਼ਵਿੰਦਰ ਸਿੰਘ, ਜਾਨਪਾਲ ਸਿੰਘ,ਹਰਪਾਲ ਸਿੰਘ ਮੱਤੀ, ਰਣਜੀਤ ਸਿੰਘ, ਜਵਾਹਰ ਸਿੰਘ, ਗੁਰਪ੍ਰੀਤ ਗੋਪੀ, ਸਿਮਰਨਜੀਤ ਬਰਾੜ, ਸਵਰਨ ਸਿੰਘ ਸਾਮਿਲ ਅਤੇ ਹੋਰ ਮੁਲਾਜ਼ਮ ਵੀ ਮੌਜੂਦ ਰਹੇ।

### ਆਜ਼ਾਦ ਯੂਨੀਅਨ ਨੇ ਕਿਹਾ ਚੇਅਰਮੈਨ ਹਡਾਣਾ ਨਾਲ ਸਦਾ ਡਟ ਕੇ ਖੜ੍ਹਾਂਗੇ

ਪੀਆਰਟੀਸੀ ਵਰਕਰਜ਼ ਯੂਨੀਅਨ ਅਜ਼ਾਦ ਰਜਿ ਨੰ 31 ਦੇ ਨੁਮਾਇੰਦਿਆਂ ਨੇ ਨਵੇ ਬੱਸ ਅੱਡੇ ਲੱਡੂ ਵੰਡਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਯੂਨੀਅਨ ਦੇ ਜਨਰਲ ਸਕੱਤਰ ਮਨਜਿੰਦਰ ਕੁਮਾਰ ਬੱਬੂ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਤੋਹਫਾ ਬੇਹੱਦ ਸ਼ਲਾਘਾਯੋਗ ਹੈ। ਉਹਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਲੋਕ ਸੇਵਾ ਲਈ ਤੱਤਪਰ ਰਹਿਣਗੇ ਅਤੇ ਕਦੇ ਵੀ ਬੇਫਜ਼ੂਲ ਹੜਤਾਲ ਕਰ ਬੱਸਾਂ ਬੰਦ ਕਰ ਕੇ ਲੋਕ ਸੇਵਾ ਲਈ ਅਰਪਣ ਪੀਆਰਟੀਸੀ ਲਈ ਮੁਸ਼ਕਲ ਪੈਦਾ ਨਹੀ ਕਰਨਗੇ। ਉਹਨਾਂ ਲੋਕਾਂ ਨੂੰ ਵੀ ਵਿਸ਼ਵਾਸ਼ ਦਵਾਇਆ ਕਿ ਉਹ ਹਮੇਸ਼ਾ ਲੋਕਾਂ ਦੀ ਸਹੂਲਤ ਅਤੇ ਚੰਗੇ ਸਫਰ ਦਾ ਆਨੰਦ ਦੇਣ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨਗੇ।

# ਉਮੰਗ ਸੰਸਥਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਰਨ ਵਿਖੇ 36ਵਾਂ ਸਾਈਬਰ ਅਪਰਾਧ ਸੈਮੀਨਾਰ ਆਯੋਜਿਤ



ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀ ਸੰਸਥਾਂ ਵੱਲੋਂ ਉਮੰਗ ਵੈੱਲਫੈਅਰ ਫਾਊਂਡੇਸ਼ਨ ਅਤੇ ਸ਼ਮਸ਼ੇਰ ਐਜੂਕੇਸ਼ਨਲ ਐਂਡ ਵੈਲਫੇਅਰ ਸੁਸਾਇਟੀ ਟੀਮ ਵੱਲੋਂ ਸਾਈਬਰ ਅਪਰਾਧਾਂ ਤੋਂ ਬਚਣ ਅਤੇ ਇਹਨਾਂ ਨਾਲ ਨਿਪਟਣ ਪ੍ਰਤੀ ਜਾਗਰੂਕਤਾ ਲਈ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਰਨ 36ਵਾਂ ਸਾਈਬਰ ਅਪਰਾਧ ਸੈਮੀਨਾਰ ਆਯੋਜਿਤ ਕੀਤਾ ਗਿਆ।

ਸਕੂਲ ਦੇ ਪ੍ਰਿੰਸੀਪਲ ਮਨਮੋਹਨ ਸਿੰਘ ਅਤੇ ਸਟਾਫ ਨੇ ਚੇਅਰਮੈਨ ਹਰਦੀਪ ਸਿੰਘ ਬਡੂੰਗਰ ਅਤੇ ਪ੍ਰਧਾਨ ਅਰਵਿੰਦਰ ਸਿੰਘ ਦੀ ਅਗਵਾਈ ਵਿੱਚ ਸਕੂਲਾਂ ਕਾਲਜਾਂ ਵਿੱਚ ਲਗਾਤਾਰ ਚੱਲ ਰਹੇ ਸਾਈਬਰ ਅਪਰਾਧ ਸੰਬੰਧੀ ਜਾਗਰੂਕਤਾ ਸੈਮੀਨਾਰਾਂ ਦੀ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਸੰਸਥਾਂ ਦੇ ਸੀਨੀਅਰ ਵਾਇਸ ਪ੍ਰਧਾਨ ਅਨੁਰਾਗ ਅਚਾਰੀਆ ਅਤੇ ਕਾਨੂੰਨੀ ਮਾਹਰ ਯੋਗੇਸ਼ ਪਾਠਕ ਵੱਲੋਂ ਸਾਈਬਰ ਸਕਿਊਰਟੀ ਉਪਰ ਦਿੱਤੇ ਲੈਕਚਰ ਦੀ ਤਾਰੀਫ ਵੀ ਕੀਤੀ। ਉਨਾਂ ਕਿਹਾ ਕਿ ਆਨਲਾਈਨ ਫਰਾਡ ਨੂੰ ਨੱਥ ਪਾਉਣ ਲਈ ਅਜਿਹੀ ਮੁਢਲੀ ਜਾਣਕਾਰੀ ਹਰੇਕ ਸਕੂਲ ਦੇ ਵਿਦਿਆਰਥੀ ਨੂੰ ਲੈਣੀ ਚਾਹੀਦੀ ਹੈ। ਸੰਸਥਾਂ ਦੇ ਪ੍ਰਧਾਨ ਅਰਵਿੰਦਰ ਸਿੰਘ ਨੇ ਕਿਹਾ ਕਿ ਸੰਸਥਾਂ ਦੀ ਟੀਮ ਦਾ ਇਹ ਉਪਰਾਲਾ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਵਿੱਚ ਲਗਾਤਾਰ ਜਾਰੀ ਹੈ। ਉਨ੍ਹਾਂ ਹੋਰਨਾਂ ਸਕੂਲਾਂ ਨੂੰ ਵੀ ਅਪੀਲ ਕੀਤੀ ਕਿ ਇਸ ਸੈਮੀਨਾਰ ਨੂੰ ਕਰਵਾਉਣ ਲਈ ਸੰਸਥਾ ਦੇ ਕੋਆਰਡੀਨੇਟਰ ਡਾ ਗਗਨਪ੍ਰੀਤ ਕੌਰ ਨਾਲ ਮੁਬਾਇਲ ਨੰਬਰ 9779607262 ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾਂ ਦੇ ਜਰਨਲ ਸੈਕਟਰੀ ਰਾਜਿੰਦਰ ਸਿੰਘ, ਜੁਆਇੰਟ ਸਕੱਤਰ ਪਰਮਜੀਤ ਸਿੰਘ, ਕੋਆਰਡੀਨੇਟਰ ਗਗਨਪ੍ਰੀਤ ਕੌਰ, ਗੁਰਦੀਪ ਸਿੰਘ ਅਤੇ ਸਕੂਲ ਸਟਾਫ਼ ਚੇਤਨਾ ਸਿੰਗਲ ਲੈਕਚਰਾਰ ਅੰਗਰੇਜੀ, ਸ਼ਰਨਜੀਤ ਕੌਰ ਲੈਕਚਰਾਰ ਪਾਲੀਟੀਕਲ ਸਾਇੰਸ, ਵਿਜੈ ਕੁਮਾਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਮੌਜੂਦ ਸਨ।

# ਰਛਪਾਲ ਸਿੰਘ ਰੈਸਲ ਦੇ ਕਾਵਿ ਸੰਗ੍ਰਹਿ 'ਕਸਤੂਰੀ ਭਾਲਦਿਆਂ' ਦਾ ਹੋਇਆ ਲੋਕ ਅਰਪਣ



ਨਾਭਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰੀਦਾਸ ਕਲੋਨੀ ਨਾਭਾ ਵਿਖੇ ਨਵੇਂ ਕਾਵਿ ਸੰਗ੍ਰਹਿ 'ਕਸਤੂਰੀ ਭਾਲਦਿਆਂ' ਦਾ ਲੋਕ ਅਰਪਣ ਪ੍ਰੋਗਰਾਮ ਰੱਖਿਆ ਗਿਆ ਜਿਸ ਦੀ ਸ਼ੁਰੂਆਤ ਪਰਮਾਤਮਾ ਦਾ ਓਟ ਆਸਰਾ ਲੈਂਦਿਆਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ।ਇਸ ਮੌਕੇ 'ਤੇ ਵਿਸਵ ਭਰ ਵਿੱਚ ਚੱਲ ਰਹੇ ਬੱਚਿਆਂ ਦੇ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਦੇ ਇੰਚਾਰਜ ਸ. ਉਂਕਾਰ ਸਿੰਘ ਤੇਜੇ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਆਪਣੇ ਵਿਚਾਰ ਸਾਂਝੇ ਕੀਤੇ, ਅਤੇ ਪ੍ਰੋਜੈਕਟ ਜਨਰਲ ਸਕੱਤਰ ਸ. ਗੁਰਵਿੰਦਰ ਸਿੰਘ ਸਿੱਧੂ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਇਸ ਉਪਰਾਲੇ ਨੂੰ ਮੁਬਾਰਕਬਾਦ ਦਿੰਦੀਆਂ ਸ੍ਰੀ ਵਰੁਣ ਸ਼ਰਮਾ ਅਤੇ ਕਰਮਜੀਤ ਸਿੰਘ ਨੇ ਕਿਤਾਬ ਦੀ ਘੁੰਡ ਚੁਕਾਈ ਦੀ ਰਸਮ ਅਦਾ ਕੀਤੀ ਤੇ ਆਈਆ ਸੰਗਤਾਂ ਦਾ ਧੰਨਵਾਦ ਕੀਤਾ। ਸ. ਉਂਕਾਰ ਸਿੰਘ ਤੇਜੇ ਜੀ ਵੱਲੋਂ ਸ੍ਰੀ ਸੁੱਖੀ ਬਾਠ ਕੈਨੇਡਾ ਜੀ ਦੁਆਰਾ ਭੇਜੇ ਸਨਮਾਨ ਚਿੰਨ ਅਤੇ ਲੋਈ ਨਾਲ ਲੇਖਕ ਸਰਦਾਰ ਰਛਪਾਲ ਸਿੰਘ ਰੈਸਲ ਜੀ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਸਰਦਾਰ ਨਛੱਤਰ ਸਿੰਘ ਰੈਸਲ, ਸਰਦਾਰ ਬਲਕਾਰ ਸਿੰਘ ਰੈਸਲ, ਮਾਸਟਰ ਸਰਦਾਰ ਰਵਿੰਦਰਪਾਲ ਸਿੰਘ, ਮੈਡਮ ਸ੍ਰੀ ਮਤੀ ਕਮਲਜੀਤ ਕੌਰ, ਆਂਗਣਵਾੜੀ ਵਰਕਰ /ਹੈਲਪਰ , ਸ੍ਰੀ ਮਤੀ ਪ ?ਕਾਸ ਕੌਰ, ਸ੍ਰੀ ਮਤੀ ਅਮੀਤਾ ਵਰਮਾ, ਸ੍ਰੀ ਮਤੀ ਮਲਕੀਤ ਕੌਰ, ਸ੍ਰੀ ਮਤੀ ਪ੍ਰਭਜੋਤ ਕੌਰ , ਸ੍ਰੀ ਮਤੀ ਹਰਮਿਲਨਜੋਤ ਕੌਰ, ਸ੍ਰੀ ਮਤੀ ਭਿੰਦਰ ਕੌਰ, ਬੀਬੀ ਮਨਜੀਤ ਕੌਰ,ਸਰਦਾਰ ਨਿਰਮਲ ਸਿੰਘ ਕਾਲੇਕੀ, ਸਰਦਾਰ ਕੁਲਦੀਪ ਸਿੰਘ ਕਾਲੇਕੀ ਅਤੇ ਸਮੂਹ ਪ੍ਰੋਜੇਕਟ ਕਮੇਟੀ ਮੈਂਬਰ ਤੇ ਸਟਾਫ਼ ਮੈਂਬਰ ਰਿਸਤੇਦਾਰ ਅਤੇ ਯਾਰ ਦੋਸਤ ਆਦਿ ਹਾਜ਼ਰ ਸਨ।

# ਚਾਈਨਾ ਡੋਰ ਦੀ ਵਿਕਰੀ ਰੋਕਣ 'ਚ ਸਰਕਾਰ ਫੇਲ੍ਹ:ਵੜੈਚ

ਪਾਤੜਾਂ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡਾਂ ਅਤੇ ਸ਼ਹਿਰਾਂ ਅੰਦਰ ਕਾਤਲ ਚਾਈਨਾ ਡੋਰ ਧੜੱਲੇ ਨਾਲ ਵਿਕ ਰਹੀ ਹੈ ਜਿਸ ਨਾਲ ਹਰ ਰੋਜ਼ ਕਿਤੇ ਨਾ ਕਿਤੇ ਕੋਈ ਹਾਦਸਾ ਵਾਪਰ ਰਿਹਾ ਹੈ। ਲੋਕਾਂ ਦੀ ਜਾਨ ਦੀ ਕਾਤਲ ਬਣੀ ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਫੇਲ ਹੋਇਆ ਹੈ।ਇਹ ਪ੍ਰਗਟਾਵਾ ਕਰਦੇ ਸਾਬਕਾ ਸਰਪੰਚ ਅਤੇ ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਵੜੈਚ ਨੇ ਦੱਸਿਆ ਕਿ ਅੱਜ ਤੱਕ ਪੰਜਾਬ ਵਿੱਚ ਇੰਨੇ ਵੱਡੇ ਪੱਧਰ ਤੇ ਕਦੇ ਜਾਨੀ ਨੁਕਸਾਨ ਨਹੀਂ ਹੋਇਆ ਜਿਨਾਂ ਇਸ ਸਾਲ ਹੋ ਰਿਹਾ ਹੈ ਕਿਉਂਕਿ ਭ੍ਰਿਸ਼ਟ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀ ਭੁਗਤ ਅਤੇ ਨਲਾਇਕੀ ਕਾਰਨ ਚਾਈਨਾ ਡੋਰ ਪਿੰਡਾਂ ਤੇ ਸ਼ਹਿਰਾਂ ਵਿੱਚ ਧੜੱਲੇ ਨਾਲ ਵਿਕ ਰਹੀ ਹੈ। ਉਹਨਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਅੰਦਰ ਚਾਈਨਾ ਡੋਰ ਨਾਲ ਹੋ ਰਹੀਆਂ ਹੱਤਿਆਵਾਂ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਨੂੰ ਨਹੀਂ ਦਿਸ ਰਹੀਆਂ ਹਨ। ਉਹ ਕੇਵਲ ਅਖ਼ਬਾਰੀ ਬਿਆਨਾਂ ਰਾਹੀਂ ਸਭ ਦਰੁਸਤ ਦੱਸ ਰਹੇ ਹਨ। ਜਦਕਿ ਚਾਈਨਾ ਡੋਰ ਖੁਲੇਆਮ ਵਿੱਕ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਤੰਝ ਕਸਦਿਆਂ ਕਿਹਾ ਕਿ ਉਹ ਦਿੱਲੀ ਚੋਣਾਂ ਵਿੱਚ ਜਾ ਕੇ ਪੰਜਾਬ ਦੀ ਤਰੱਕੀ ਦੀਆਂ ਝੂਠੀਆਂ ਵਡਿਆਈਆਂ ਮਾਰ ਰਿਹਾ ਹੈ। ਪਰ ਏਥੇ ਸਥਿਤੀ ਨਸ਼ਿਆਂ, ਲੁਟਾਂ ਖੋਹਾਂ ਅਤੇ ਚਾਈਨਾ ਡੋਰ ਦੀ ਵਿਕਰੀ ਕਾਰਨ ਬੜੀ ਖਤਰਨਾਕ ਬਣ ਰਹੀ ਹੈ। ਜਿਸਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਵੇਗਾ।

# ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਮੁੱਖ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਪ੍ਰਗਤੀ ਸਮੀਖਿਆ ਲਈ ਉੱਚ-ਪੱਧਰੀ ਮੀਟਿੰਗ ਬੁਲਾਈ

ਚੰਡੀਗੜ੍ਹ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਸੂਬੇ ਵਿੱਚ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ) ਵੱਲੋਂ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ 'ਤੇ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਭਵਿੱਖ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਯੋਜਨਾ ਬਣਾਉਣ ਵਾਸਤੇ 24 ਜਨਵਰੀ, 2025 ਨੂੰ ਚੰਡੀਗੜ੍ਹ ਵਿਖੇ ਇੱਕ ਉੱਚ-ਪੱਧਰੀ ਮੀਟਿੰਗ ਸੱਦੀ ਗਈ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਸਾਰੇ ਮੁੱਖ ਇੰਜਨੀਅਰਾਂ ਅਤੇ ਸੁਪਰਡੈਂਟ ਇੰਜਨੀਅਰਾਂ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੀਟਿੰਗ ਦੇ ਏਜੰਡੇ ਵਿੱਚ ਮੁੱਖ ਜਨਤਕ ਬੁਨਿਆਦੀ ਢਾਂਚੇ, ਜਿਵੇਂ ਕਿ ਨਿਆਂਇਕ ਅਤੇ ਪ੍ਰਸ਼ਾਸਨਿਕ ਇਮਾਰਤਾਂ, ਸਕੂਲਾਂ, ਹਸਪਤਾਲਾਂ, ਮੈਡੀਕਲ ਕਾਲਜਾਂ, ਅਤੇ ਰਾਜ ਦੀਆਂ ਸੜਕਾਂ ਅਤੇ ਪੁਲ ਪ੍ਰੋਜੈਕਟਾਂ ਦੇ ਨਿਰਮਾਣ ਅਤੇ ਰੱਖ-ਰਖਾਅ ਬਾਰੇ ਵਿਸਤ੍ਰਿਤ ਚਰਚਾ ਸ਼ਾਮਲ ਹੈ।

ਸਾਰੇ ਪ੍ਰੋਜੈਕਟ ਸਹੀ ਢੰਗ ਨਾਲ ਚੱਲ ਰਹੇ ਹਨ ਅਤੇ ਲੋੜੀਂਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਬਾਰੇ ਯਕੀਨੀ ਬਣਾਉਣ ਲਈ ਕਿ ਲਈ ਇਸ ਸਮੀਖਿਆ ਮੀਟਿੰਗ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਹਨ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇਹ ਮੀਟਿੰਗ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਪੇਸ਼ ਆ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਦਾ ਹੱਲ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦਾ ਟੀਚਾ ਸਾਰੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨਾ ਅਤੇ ਇੰਨ੍ਹਾਂ ਦੀ ਉੱਚ-ਗੁਣਵੱਤਾ ਨੂੰ ਯਕੀਨੀ ਬਣਾਉਣਾ ਹੈ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਸ ਮੀਟਿੰਗ ਦੌਰਾਨ ਸੂਬੇ ਦੀਆਂ ਜਨਤਕ ਸਹੂਲਤਾਂ ਨੂੰ ਹੋਰ ਵਿਕਸਤ ਕਰਨ ਦੇ ਉਦੇਸ਼ ਨਾਲ ਭਵਿੱਖ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਬਾਰੇ ਵੀ ਵਿਚਾਰ-ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਸੂਬੇ ਅੰਦਰ ਮਜ਼ਬੂਤ, ਸੁਰੱਖਿਅਤ ਅਤੇ ਟਿਕਾਊ ਬੁਨਿਆਦੀ ਢਾਂਚਾ ਸਥਾਪਤ ਕਰਨ ਲਈ ਸਮਰਪਿਤ ਹੈ ਤਾਂ ਜੋ ਵੱਧਦੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਭਵਿੱਖ ਦੇ ਪ੍ਰੋਜੈਕਟਾਂ ਲਈ ਲੋੜੀਂਦੀ ਯੋਜਨਾ ਬਣਾ ਕੇ ਅਤੇ ਇੰਨ੍ਹਾਂ ਨੂੰ ਲਾਗੂ ਕਰਕੇ ਹੀ ਸੂਬੇ ਦੇ ਲੋਕਾਂ ਨੂੰ ਭਵਿੱਖ ਵਿੱਚ ਇੰਨ੍ਹਾਂ ਦਾ ਲਾਭ ਪਹੁੰਚਾਇਆ ਜਾ ਸਕੇਗਾ।

# ਬੜਾ ਸ਼ਾਨਦਾਰ ਰਿਹਾ ਚਿਲਡਰਨ ਮੈਮੋਰੀਅਲ ਪਬਲਿਕ ਸਕੂਲ ਦਾ ਸਾਲਾਨਾ ਸਮਾਰੋਹ




ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚਿਲਡਰਨ ਮੈਮੋਰੀਅਲ ਸਕੂਲ ਵੱਲੋਂ ਹਰਪਾਲ ਟਿਵਾਣਾ ਆਡੀਟੋਰੀਅਮ ਵਿਖੇ ਬੱਚਿਆਂ ਦਾ ਸਲਾਨਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਜਿਸ ਵਿੱਚ ਬੱਚਿਆਂ ਨੇ ਆਪਣੀ ਕਲਾ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਜਿਸ ਵਿੱਚ ਨ੍ਰਿਤ, ਗਿੱਧਾ ਭੰਗੜਾ ਅਤੇ ਨਾਟਕ ਆਦਿ ਸ਼ਾਮਿਲ ਸੀ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰੀ ਵਿਕਾਸ ਸੱਭਰਵਾਲ ਜੀ ਏ.ਆਈ.ਜੀ. ਪੰਜਾਬ ਪੁਲਿਸ ਨੇ ਕੀਤੀ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਟਿਆਲਾ ਸ਼ਹਿਰ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਜੀ ਨੇ ਸ਼ਿਰਕਤ ਕੀਤੀ ਅਤੇ ਸਾਂਝੇ ਤੌਰ ਤੇ ਜੋਤ ਜਲਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ ਤੇ ਉਹਨਾਂ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆ ਕਿਹਾ ਕਿ ਉਹ ਸਕੂਲ ਦੀ ਤਰੱਕੀ ਲਈ ਹਰ ਸੰਭਵ ਮਦਦ ਕਰਨਗੇ। ਇਸ ਪ੍ਰੋਗਰਾਮ ਵਿੱਚ ਮਸ਼ਹੂਰ ਫਿਲਮੀ ਅਦਾਕਾਰ ਹੌਬੀ ਧਾਲੀਵਾਲ ਜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸਿਰਕਤ ਕੀਤੀ। ਉਹਨਾਂ ਨੇ ਵੀ ਆਪਣੇ ਸ਼ਬਦਾਂ ਨਾਲ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਮਸ਼ਹੂਰ ਗਾਇਕ ਅਮਰਿੰਦਰ ਬੌਬੀ ਨੇ ਗੀਤ ਗਾ ਕੇ ਪ੍ਰੋਗਰਾਮ ਦੀ ਸੋਭਾ ਵਧਾਈ। ਇਸ ਤੋਂ ਇਲਾਵਾ ਰਾਜੀਵ ਗੋਇਲ ਪ੍ਰਸਿੱਧ ਸਮਾਜ ਸੇਵੀ, ਐਕਸੀਅਨ ਇੰਪਰੂਵਮੈਂਟ ਟਰੱਸਟ ਅੰਮ੍ਰਿਤਪਾਲ ਸਿੰਘ ਸੰਧੂ, ਰਾਹੁਲ ਮਹਿਤਾ, ਸਰਦਾਰ ਸੰਦੀਪ ਸਿੰਘ ਰਾਜਾ ਤੂਰ ਅਤੇ ਸਹਿਰ ਦੀਆਂ ਨਾਮੀ ਹਸਤੀਆਂ ਸ਼ਾਮਿਲ ਹੋਈਆਂ। ਇਸ ਪ੍ਰੋਗਰਾਮ ਵਿੱਚ ਆਏ ਹੋਏ ਮਹਿਮਾਨਾਂ ਦਾ ਸਕੂਲ ਦੇ ਚੇਅਰਮੈਨ ਸ਼੍ਰੀ ਅਤੁੱਲ ਮਲਹੋਤਰਾ ਸੈਕਟਰੀ ਸ. ਸੀ. ਐੱਸ. ਵਿਰਮਾਨੀ, ਸ. ਅਨੰਤਜੀਤ ਸਿੰਘ ਸਾਹਨੀ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ ।

ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਧਰਮਿੰਦਰ ਸੰਧੂ ਅਤੇ ਸ਼੍ਰੀਮਤੀ ਪਰਦੀਪ ਕੌਰ ਵੱਲੋ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਕਰਨ ਲਈ ਰਾਕੇਸ਼ ਠਾਕੁਰ (ਡਾਇਰੈਕਟਰ) ਰਾਸ਼ਟਰੀਯ ਜਯੋਤੀ ਕਲਾ ਮੰਚ, ਨੀਤੂ ਬਾਵਾ ਅਤੇ ਸਾਰੇ ਸਟਾਫ ਦਾ ਪੂਰਨ ਸਹਿਯੋਗ ਰਿਹਾ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਹਰਮਿੰਦਰ ਕੌਰ ਜੀ ਨੇ ਆਏ ਹੋਏ ਸਾਰੇ ਮਹਿਮਾਨਾ ਅਤੇ ਮਾਪਿਆ ਦਾ ਧੰਨਵਾਦ ਕੀਤਾ।

# ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਭੰਗ ਕੀਤੇ ਜਾਣ ਦੀ ਬ੍ਰਾਹਮਣ ਸਮਾਜ 'ਚ ਬਹੁਤ ਨਿਰਾਸ਼ਾ : ਕੌਰਜੀਵਾਲਾ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਨੂੰ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਮੁੜ ਗਠਿਤ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਬ੍ਰਾਹਮਣ ਸਮਾਜ ਦੇ ਲੋਕਾਂ ਵਿੱਚ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਭੰਗ ਕੀਤੇ ਜਾਣ ਦੀ ਬਹੁਤ ਨਿਰਾਸ਼ਾ ਹੈ। ਇਸ ਮਾਮਲੇ ਨੂੰ ਲੈ ਕੇ ਸੂਬੇ ਦੇ ਹਰ ਇਲਾਕੇ ਤੋਂ ਰੋਸ ਅਤੇ ਵਿਰੋਧ ਦੇ ਸੁਨੇਹੇ ਮਿਲ ਰਹੇ ਹਨ। ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਸਮਾਜ ਦੇ ਵਿਕਾਸ ਅਤੇ ਸੱਭਿਆਚਾਰਕ ਪਹਿਚਾਣ ਨੂੰ ਸੁਰੱਖਿਅਤ ਕਰਨ ਲਈ ਬਣਵਾਇਆ ਗਿਆ।

ਫਰੰਟ ਵੱਲੋਂ ਪਿਛਲੇ ਸਮੇਂ ਵਿੱਚ ਬ੍ਰਾਹਮਣ ਸਮਾਜ ਦੇ ਵਿੱਤ, ਸਿੱਖਿਆ ਅਤੇ ਰੋਜ਼ਗਾਰ ਸਬੰਧੀ ਮੁੱਦਿਆਂ ਨੂੰ ਸਫਲਤਾ ਪੂਰਵਕ ਪੇਸ਼ ਕੀਤਾ ਸੀ। ਪ੍ਰੰਤੂ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਖਤਮ ਕਰਨਾ ਬ੍ਰਾਹਮਣ ਸਮਾਜ ਦੇ ਹਿੱਤਾਂ ਦੇ ਵਿਰੁੱਧ ਹੈ। ਸੂਬੇ ਵਿੱਚ ਬ੍ਰਾਹਮਣ ਭਾਈਚਾਰੇ ਦੇ ਲੋਕ ਇਸ ਗੱਲ ਨੂੰ ਲੈ ਕੇ ਗਹਿਰੇ ਦੁੱਖ ਤੇ ਨਿਰਾਸ਼ਾ ਵਿਚ ਹਨ। ਸੋ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਆਪ ਜੀ ਨੂੰ ਪੁਰਜੋਰ ਅਪੀਲ ਕਰਦਾ ਹੈ ਕਿ ਬ੍ਰਾਹਮਣ ਭਲਾਈ ਬੋਰਡ ਪੰਜਾਬ ਨੂੰ ਮੁੜ ਗਠਿਤ ਕਰਕੇ ਬ੍ਰਾਹਮਣ ਭਾਈਚਾਰੇ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਵੇ। ਇਹ ਸਮਾਜਿਕ ਸਮਰਥਨ ਦੇ ਨਾਲ -ਨਾਲ ਸਰਕਾਰ ਵੱਲੋਂ ਧਾਰਮਿਕ ਅਤੇ ਸੱਭਿਆਚਾਰਕ ਪਹਿਚਾਣ ਦੇ ਪ੍ਰਤੀ ਸੰਵੇਦਨਸ਼ੀਲਤਾ ਨੂੰ ਦਰਸਾਏਗਾ।

# ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਅੱਜ ਦੇਵੇਗੀ ਦਫਤਰ ਵਣ ਮੰਡਲ ਦਫਤਰ ਪਟਿਆਲਾ ਅੱਗੇ ਰੋਸ ਧਰਨਾ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਜਿਸਟਰਡ ਨੇ ਇੱਕ ਪ੍ਰੈਸ ਨੋਟ ਜਾਰੀ ਕਰਕੇ ਦੱਸਿਆ ਕਿ ਵਣ ਵਿਭਾਗ ਪੰਜਾਬ ਦੇ ਵਣ ਮੰਡਲ ਪਟਿਆਲਾ ਅਧੀਨ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਕਿਰਤੀ ਕਾਮਿਆਂ ਦੀ ਨਜਾਇਜ ਛਾਂਟੀ ਕਰਨੀ ਅਤੇ 60 ਸਾਲ ਵਾਲੇ ਕਿਰਤੀ ਮਿਹਨਤ ਕਸ਼ ਵਰਕਰਾਂ ਨੂੰ ਕੰਮ ਤੋਂ ਨਾ ਹਟਾਉਣਾ / ਰੁਕੀਆਂ ਤੇ ਪੈਂਡਿੰਗ ਤਨਖਾਹਾਂ ਦਿਵਾਉਣ ਬਾਰੇ। ਹਰ ਕਿਰਤੀ ਕਾਮੇ ਨੂੰ ਪੂਰਾ ਸਾਲ ਕੰਮ ਦੇਣ ਨੂੰ ਯਕੀਨੀ ਬਣਾਉਣ ਤੇ ਵਿਭਾਗ ਵੱਲੋਂ ਕੀਤੇ ਜਾਂਦੇ ਪੱਖਪਾਤ ਵਾਲੀ ਨੀਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਦੱਸਿਆ ਕਿ ਆਪਣੇ ਚਹੇਤਿਆਂ ਨੂੰ ਕੰਮ ਪਰ ਰੱਖ ਗਲਤ ਰਿਕਾਰਡ ਬਨਾਉਣਾ ਤੇ ਯੋਗ ਕਿਰਤੀ ਕਾਮਿਆਂ ਨਾਲ ਧੋਖਾ ਕਰਨਾ, ਜ਼ੋ ਕਿ ਜਥੇਬੰਦੀ ਬਰਦਾਸਤ ਨਹੀਂ ਕਰੇਗੀ। ਇਸ ਦੇ ਵਿਰੁੱਧ ਵਿੱਚ ਜਥੇਬੰਦੀ ਰਾਹੀਂ ਮਿਤੀ 22 ਜਨਵਰੀ 2025 ਨੂੰ ਡੀ.ਐਫ.ਓ. ਦਫਤਰ ਪਟਿਆਲਾ ਅੱਗੇ ਰੋਸ ਧਰਨਾ ਦੇਵੇਗੀ। ਜਿਸਦੇ ਨਿਕਲਣ ਵਾਲੇ ਸਾਰੇ ਸਿੱਟਿਆਂ ਦੀ ਜਿੰਮੇਵਾਰੀ ਵਣ ਮੰਡਲ ਦੀ ਸਮੁੱਚੀ ਮੈਨੇਜਮੈਂਟ ਤੇ ਵਿਭਾਗ ਦੀ ਹੋਵੇਗੀ।

ਸੂਬਾ ਆਗੂ ਬਲਵੀਰ ਸਿੰਘ ਮੰਡੋਲੀ ਅਤੇ ਵੀਰਪਾਲ ਸਿੰਘ ਲੂੰਬਾ ਨੇ ਜਾਣਕਾਰੀ ਦਿੱਤੀ ਕਿ ਹਰ ਤਿੰਨ ਸਾਲ ਤੋਂ ਲਗਾਤਾਰ ਕੰਮ ਕਰਦੇ ਆ ਰਹੇ ਕਿਰਤੀ ਕਾਮੇ ਨੂੰ ਕੰਮ ਦਿੱਤਾ ਜਾਵੇ ਤੇ ਸਰਕਾਰ ਰੈਗੂਲਰ ਕਰਨ ਲਈ ਪੋਲਿਸੀ ਤਿਆਰ ਕਰੇ। ਅਪ੍ਰੈਲ, ਮਈ, ਜੂਨ ਦੀਆਂ ਪੈਂਡਿੰਗ ਤੇ ਰੁੱਕੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ। ਵਰਕਰਾਂ ਨੂੰ ਨਵੇਂ ਕੰਮ ਚਲਾਉਣਾ ਤੇ ਵਿਭਾਗੀ ਕੰਮਾਂ ਵਿੱਚ ਵਾਧਾ ਕਰਨਾ, ਵਿਭਾਗੀ ਜਮੀਨਾਂ ਦੀ ਡਿਮਾਂਰਕੇਸ਼ਨਾਂ ਕਰਵਾ ਕੇ ਉਹਨਾਂ ਥਾਵਾਂ ਪਰ ਪੌਦੇ ਲਗਾਉਣਾ ਮੁੱਖ ਮੰਗਾਂ ਹਨ।

# ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾ ਦੇ ਫੁੱਲ ਭੇਟ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਲਾਏ ਗਏ ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਠੀਕਰੀਵਾਲਾ ਤੋਂ ਸਰਪੰਚ ਸਣੇ ਪੰਚਾਇਤ ਮੈਂਬਰ ਪੁੱਜੇ, ਜਿਨ੍ਹਾਂ ਨਾਲ ਸੇਵਾ ਸਿੰਘ ਠੀਕਰੀਵਾਲਾ ਦੇ ਦੋਹਤੇ ਅਮਰਜੀਤ ਸਿੰਘ ਜੇਜੀ ਵੀ ਨਾਲ ਸਨ। ਸ੍ਰੀ ਜੇਜੀ ਨੇ ਦੱਸਿਆ ਕਿ ਇਸ ਸਾਲ ਵੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਠੀਕਰੀਵਾਲਾ ਦੀ ਪੰਚਾਇਤ ਤੇ ਹੋਰ ਕਮੇਟੀ ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਨੇ ਪਹਿਲਾਂ ਸ਼ਹੀਦ ਦੇ ਬੁੱਤ ਨੂੰ ਇਸ਼ਨਾਨ



ਕਰਵਾਇਆ ਤੇ ਬਾਅਦ ਵਿਚ ਬੁੱਤ ਨੂੰ ਫੁੱਲਾਂ ਦੇ ਹਾਰਾਂ ਨਾਲ ਸਜਾਇਆ। ਅਮਰਜੀਤ ਸਿੰਘ ਜੇਜੀ ਨੇ ਕਿਹਾ ਕਿ ਪਹਿਲਾਂ ਸ੍ਰੀ ਸੇਵਾ ਸਿੰਘ ਠੀਕਰੀਵਾਲਾ ਦਾ ਬੁੱਤ ਇਸ ਥਾਂ 'ਤੇ ਇਕੱਲਾ ਹੀ ਹੁੰਦਾ ਸੀ, ਪਰ ਹੁਣ ਇੱਥੇ ਇੱਕ ਸੋਲਰ ਪੈਨਲ ਲਗਾ ਕੇ ਉਸ ਨੂੰ ਲਗਾਉਣ ਵਾਲੇ ਦੀ ਮਾਂ ਦੀ ਯਾਦਗਾਰ ਇੱਥੇ ਬਣਾ ਦਿੱਤੀ ਗਈ ਹੈ ਤੇ ਇੱਥੇ ਰੁੱਖ ਲਗਾ ਦਿੱਤੇ ਗਏ ਹਨ ਜਿਸ ਕਰਕੇ ਬੁੱਤ ਦੀ ਅਹਿਮੀਅਤ ਖ਼ਤਮ ਹੁੰਦੀ ਜਾ ਰਹੀ ਹੈ, ਇਸ ਦੇ ਨਾਲ ਹੀ ਇੱਥੇ ਸਾਈਨ ਬੋਰਡ ਲਗਾ ਦਿੱਤੇ ਗਏ ਹਨ ਜਿਸ ਕਰਕੇ ਬੁੱਤ ਦੀ ਅਹਿਮੀਅਤ ਨਹੀਂ ਰਹਿ ਗਈ ਜਾਪਦੀ। ਇਸ ਮੌਕੇ ਹਾਜ਼ਰ ਪੰਚਾਇਤ ਮੈਂਬਰਾਂ ਨੇ ਵੀ ਰੋਸ ਪ੍ਰਗਟਾਇਆ।

# ਦਿੱਲੀ ਚੋਣਾਂ ਵਿੱਚ ਆਪ ਦਾ ਸੁਪੜਾ ਸਾਫ ਹੋਵੇਗਾ : ਨਰਿੰਦਰ ਲਾਲੀ

## ਲਾਲੀ ਅਤੇ ਟੀਮ ਨੇ ਦਿੱਲੀ ਦੇ ਕਈ ਇਲਾਕਿਆਂ ਵਿੱਚ ਕੀਤਾ ਚੋਣ ਪ੍ਰਚਾਰ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਗਾਮੀ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਲ ਇੰਡੀਆ ਕਾਂਗਰਸ ਓ.ਬੀ.ਸੀ ਸੈਲ ਦੇ ਕੋਆਰਡੀਨੇਟਰ ਅਤੇ ਪਟਿਆਲਾ ਜਿਲ੍ਹਾ ਕਾਂਗਰਸ ਦੇ ਸਾਬਕਾ ਪ੍ਰਧਾਨ ਨਰਿੰਦਰ ਲਾਲੀ ਅਤੇ ਟੀਮ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਅੱਜ ਦਿੱਲੀ ਦੇ ਕਈ ਇਲਾਕਿਆਂ, ਜਿਵੇਂ ਕਿ ਕਾਲਕਾ ਜੀ ਅਤੇ ਗੋਬਿੰਦ ਪੁਰੀ ਐਕਸਟੈਂਸ਼ਨ ਵਿੱਚ ਆਪਣੀ ਟੀਮ ਨਾਲ ਆਲ ਇੰਡੀਆ ਮਹਿਲਾ ਕਾਂਗਰਸ ਦੀ ਪ੍ਰਧਾਨ ਅਲਕਾ ਲਾਂਬਾ ਦੇ ਹੱਕ ਵਿੱਚ ਡੋਰ ਟੂ ਡੋਰ ਚੋਣ ਪ੍ਰਚਾਰ ਕੀਤਾ। ਇਸ ਮੌਕੇ ਲਾਲੀ ਨੇ ਕਿਹਾ ਕਿ ਕਾਂਗਰਸ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਦਿਨ ਵੱਧ ਦਿਨ ਮਜਬੂਤ ਹੁੰਦੀ ਜਾ ਰਹੀ। ਉਹਨਾਂ ਅੱਗੇ ਕਿਹਾ ਕਿ ਇਸ ਵਾਰ ਦਿੱਲੀ ਚੋਣਾਂ ਵਿੱਚ ਲੋਕ ਆਪ ਦੇ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਉਣਗੇ ਅਤੇ ਇਸ ਵਾਰ ਚੋਣਾਂ ਵਿੱਚ ਆਪ ਦਾ ਸੁਫੜਾ ਸਾਫ ਹੋਵੇਗਾ। ਇਸ ਮੌਕੇ ਸੰਜੇ ਸ਼ਰਮਾ, ਨਰਿੰਦਰ ਪੱਪਾ, ਗੋਪੀ ਰੰਗੀਲਾ, ਸਤਪਾਲ ਮਹਿਤਾ, ਪਰਵੀਨ ਸਿੰਗਲਾ, ਅਸ਼ੋਕ ਖੰਨਾ ਸਵੀਟੀ, ਡਿੰਪੀ ਵੜਿੰਗ, ਸਤੀਸ਼ ਕੰਬੋਜ, ਪਰਦੀਪ ਦੀਵਾਨ, ਸ਼ਾਮ ਲਾਲ ਤੇਜਾ, ਲਲਿਤ ਭਾਰਦਵਾਜ ਅਤੇ ਹੋਰ ਆਗੂ ਮੌਕੇ ਤੇ ਹਾਜ਼ਰ ਸਨ।



ਨਰਿੰਦਰ ਲਾਲੀ ਅਤੇ ਹੋਰ ਆਗੂ ਦਿੱਲੀ ਵਿਖੇ ਡੋਰ ਟੂ ਡੋਰ ਚੋਣ ਪ੍ਰਚਾਰ ਕਰਦੇ ਹੋਏ।

# ਆਪਣੇ ਕੀਮਤੀ ਸਮੇਂ ਤੇ ਮਿਹਨਤ ਦੀ ਕਮਾਈ ਦੀ ਬਚਤ ਲਈ ਆਪਣੇ ਵਿਵਾਦਾਂ ਨੂੰ ਕੌਮੀ ਲੋਕ ਅਦਾਲਤ ਅੱਗੇ ਪੇਸ਼ ਕਰਨ ਦੀ ਅਪੀਲ: ਦੀਪਤੀ ਗੋਇਲ

ਪਟਿਆਲਾ, 24 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਮੈਡਮ ਰੁਪਿੰਦਰਜੀਤ ਚਾਹਲ ਦੀ ਅਗਵਾਈ ਹੇਠ ਕੌਮੀ ਲੋਕ ਅਦਾਲਤ 8 ਮਾਰਚ 2025 ਨੂੰ ਪਟਿਆਲਾ ਵਿਖੇ ਲਗਾਈ ਜਾਵੇਗੀ।

ਇਸ ਵਿੱਚ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਚੈੱਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮਏਸੀਟੀ ਕੇਸ, ਲੇਬਰ ਅਤੇ ਰੁਜ਼ਗਾਰ ਝਗੜੇ ਦੇ ਕੇਸ, ਬਿਜਲੀ, ਪਾਣੀ ਦੇ ਬਿੱਲ ਅਤੇ ਹੋਰ ਬਿੱਲ ਭੁਗਤਾਨ ਕੇਸ (ਨਾ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹੁਤਾ ਝਗੜੇ (ਤਲਾਕ ਨੂੰ ਛੱਡ ਕੇ), ਜ਼ਮੀਨ ਗ੍ਰਹਿਣ ਮਾਮਲੇ ( ਸਿਵਲ ਅਦਾਲਤਾਂ/ਟ੍ਰਿਬਿਊਨਲਾਂ ਅੱਗੇ ਲੰਬਿਤ), ਤਨਖ਼ਾਹ ਅਤੇ ਭੱਤਿਆਂ ਅਤੇ ਸੇਵਾਮੁਕਤੀ ਲਾਭਾਂ, ਮਾਲ ਕੇਸਾਂ ਆਦਿ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਂਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸੀਜੇਐਮ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੇ ਸਕੱਤਰ ਦੀਪਤੀ ਗੋਇਲ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਢਲਾ ਉਦੇਸ਼ ਸਮਝੌਤਿਆਂ ਰਾਹੀਂ ਝਗੜਿਆਂ ਨੂੰ ਸੁਲਝਾਉਣਾ ਹੈ।ਇਸ ਦਾ ਉਦੇਸ਼ ਸ਼ਾਮਲ ਪਾਰਟੀਆਂ ਲਈ ਸਮਾਂ ਅਤੇ ਪੈਸਾ ਬਚਾਉਣਾ ਅਤੇ ਉਹਨਾਂ ਵਿਚਕਾਰ ਨਿੱਜੀ ਦੁਸ਼ਮਣੀ ਨੂੰ ਘਟਾਉਣਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਗੈਰ-ਕੰਪਾਊਂਡੇਬਲ ਅਪਰਾਧਿਕ ਕੇਸਾਂ ਨੂੰ ਛੱਡ ਕੇ, ਹਰ ਕਿਸਮ ਦੇ ਕੇਸ, ਇੱਥੋਂ ਤੱਕ ਕਿ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਪੜਾਅ 'ਤੇ ਵੀ, ਲੋਕ ਅਦਾਲਤਾਂ ਵਿੱਚ ਸੁਲਝਾਉਣਯੋਗ ਨਿਪਟਾਰੇ ਲਈ ਪੇਸ਼ ਕੀਤੇ ਜਾ ਸਕਦੇ ਹਨ।

ਮੈਡਮ ਦੀਪਤੀ ਗੋਇਲ ਨੇ ਅੱਗੇ ਦੱਸਿਆ ਕਿ ਜਦੋਂ ਲੋਕ ਅਦਾਲਤ ਵਿੱਚ ਕਿਸੇ ਕੇਸ ਦਾ ਨਿਪਟਾਰਾ ਕੀਤਾ ਜਾਂਦਾ ਹੈ, ਤਾਂ ਅਵਾਰਡ ਅੰਤਿਮ ਬਣ ਜਾਂਦਾ ਹੈ ਅਤੇ ਇਸਦੇ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ। ਇਸ ਤੋਂ ਇਲਾਵਾ ਧਿਰਾਂ ਦੁਆਰਾ ਅਦਾ ਕੀਤੀ ਕੋਈ ਵੀ ਅਦਾਲਤੀ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ ਅਤੇ ਵਿਵਾਦ ਵਾਲੀਆਂ ਧਿਰਾਂ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ ਦੇ ਅਧਾਰ ਤੇ ਆਪਣੇ ਵਿਵਾਦ ਦਾ ਤੇਜ਼ੀ ਨਾਲ ਹੱਲ ਪ੍ਰਾਪਤ ਕਰਦੀਆਂ ਹਨ ਅਤੇ ਦੋਵਾਂ ਪਾਰਟੀਆਂ ਲਈ ਜਿੱਤ ਦੀ ਸਥਿਤੀ ਬਣਦੀ ਹੈ।

ਦੀਪਤੀ ਗੋਇਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਵਾਦਾਂ ਨੂੰ ਆਉਣ ਵਾਲੀ ਨੈਸਨਲ ਲੋਕ ਅਦਾਲਤ ਅੱਗੇ ਪੇਸ਼ ਕਰਨ ਤਾਂ ਜੋ ਉਨ੍ਹਾਂ ਦੇ ਕੀਮਤੀ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਕੀਤੀ ਜਾ ਸਕੇ। ਇਸ ਮੰਤਵ ਲਈ, ਲੋਕ ਅਦਾਲਤ ਰਾਹੀਂ ਨਿਪਟਾਰੇ ਲਈ ਇੱਛੁਕ ਹਰ ਮੁਕੱਦਮਾਕਾਰ ਸੰਬੰਧਤ ਅਦਾਲਤ ਦੇ ਪ੍ਰੀਜ਼ਾਈਡਿੰਗ ਅਫ਼ਸਰ ਨੂੰ ਬੇਨਤੀ ਕਰ ਸਕਦਾ ਹੈ ਜਿੱਥੇ ਉਸਦਾ ਕੇਸ ਲੰਬਿਤ ਹੈ। ਇੱਥੋਂ ਤੱਕ ਕਿ ਕੰਪਾਊਂਡੇਬਲ ਕ੍ਰਿਮੀਨਲ ਕੇਸਾਂ ਵਿੱਚ ਵੀ ਪਾਰਟੀ ਲੋਕ ਅਦਾਲਤ ਵਿੱਚ ਮਾਮਲਾ ਰੱਖਣ ਲਈ ਅਰਜ਼ੀ ਭੇਜ ਸਕਦੀ ਹੈ। ਪ੍ਰੀ-ਲਿਟੀਗੇਟਿਵ ਕੇਸਾਂ ਦੇ ਮਾਮਲੇ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੂੰ ਬੇਨਤੀ ਕੀਤੀ ਜਾ ਸਕਦੀ ਹੈ। ।

ਉਨ੍ਹਾਂ ਦੱਸਿਆ ਕਿ ਹੋਰ ਵਿਸਤ੍ਰਿਤ ਜਾਣਕਾਰੀ ਵੈਬਸਾਈਟ www.pulsa.gov.in ਜਾਂ NALSA ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਸੰਪਰਕ ਨੰਬਰ 0175-2306500 ਤੋਂ ਲਈ ਜਾ ਸਕਦੀ ਹੈ।

# ਪੰਜਾਬ ਦੀ ਬਦਲ ਜਾਵੇਗੀ ਨੁਹਾਰ ! ਮਿਲ ਗਈ 426 ਕਰੋੜ ਦੀ ਗ੍ਰਾਂਟ

## ਡੀ.ਜੀ.ਪੀ. ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਪੁਖ਼ਤਾ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਸੁਰੱਖਿਆ ਅਲਰਟ ਅਤੇ ਵੇਰਵੇ ਸਾਂਝੇ ਕੀਤੇ

ਸਰਦੂਲ ਸਿੰਘ

ਚੰਡੀਗੜ੍ਹ/ਫਿਰੋਜ਼ਪੁਰ/ਬਠਿੰਡਾ/ਪਟਿਆਲਾ : ਪੰਜਾਬ ਸਰਕਾਰ ਵੱਲੋਂ ਅਗਲੇ ਤਿੰਨ ਸਾਲਾਂ ਵਿੱਚ ਪੁਲਸ ਇਮਾਰਤਾਂ, ਖਾਸ ਕਰ ਕੇ ਪੁਲਸ ਥਾਣਿਆਂ ਅਤੇ ਪੁਲਸ ਲਾਈਨਾਂ ਦੇ ਅਪਗ੍ਰੇਡੇਸ਼ਨ ਅਤੇ ਆਧੁਨਿਕਰਨ ਲਈ 426 ਕਰੋੜ ਰੁਪਏ ਦੀ ਗ੍ਰਾਂਟ ਦੇਣ ਦੀ ਸਹਿਮਤੀ ਮਿਲ ਗਈ ਹੈ, ਜਿਸ ਨਾਲ ਪੰਜਾਬ ਪੁਲਸ ਨੂੰ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਵੱਡਾ ਹੁਲਾਰਾ ਮਿਲਿਆ ਹੈ। ਇਹ ਜਾਣਕਾਰੀ ਵੀਰਵਾਰ ਨੂੰ ਇੱਥੇ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਨ੍ਹਾਂ ਕਿਹਾ, "426 ਕਰੋੜ ਰੁਪਏ ਦੇ ਫੰਡ ਦੀ ਵਰਤੋਂ ਸੂਬੇ ਭਰ ਵਿੱਚ ਪੁਲਸ ਇਮਾਰਤਾਂ, ਖਾਸ ਕਰ ਕੇ ਪੁਲਸ ਥਾਣਿਆਂ ਅਤੇ ਪੁਲਸ ਲਾਈਨਾਂ ਅਤੇ ਹੋਰ ਪੁਲਸ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਅਤੇ ਆਧੁਨਿਕ ਬਣਾਉਣ ਲਈ ਕੀਤੀ ਜਾਵੇਗੀ।" ਉਨ੍ਹਾਂ ਇਹ ਵੀ ਕਿਹਾ ਕਿ ਇਸ ਨਾਲ ਪੁਲਸ ਫੋਰਸ ਦੀ ਕਾਰਜ-ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਵਿੱਚ ਵਾਧਾ ਹੋਵੇਗਾ। ਗੌਰਤਲਬ ਹੈ ਕਿ ਡੀ.ਜੀ.ਪੀ. ਪੰਜਾਬ, ਗਣਤੰਤਰ ਦਿਵਸ ਦੇ ਮੱਦੇਨਜ਼ਰ ਫਿਰੋਜ਼ਪੁਰ, ਬਠਿੰਡਾ ਅਤੇ ਪਟਿਆਲਾ ਪੁਲਸ ਰੇਂਜਾਂ ਵਿਖੇ ਕਾਨੂੰਨ ਵਿਵਸਥਾ ਦੀ ਸਮੀਖਿਆ ਕਰਨ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਹਿੱਤ ਮੀਟਿੰਗਾਂ ਕਰਨ ਲਈ ਇੱਕ ਤੂਫਾਨੀ ਦੌਰੇ 'ਤੇ ਸਨ। ਆਪਣੇ ਇਸ ਦੌਰੇ ਦੌਰਾਨ ਡੀ.ਜੀ.ਪੀ. ਗੌਰਵ ਯਾਦਵ ਨੇ ਬਠਿੰਡਾ ਵਿੱਚ ਇੱਕ ਮੁੜ-ਉਸਾਰੇ ਕਾਨਫਰੰਸ ਹਾਲ ਦਾ ਉਦਘਾਟਨ ਕੀਤਾ ਅਤੇ ਪਟਿਆਲਾ ਵਿੱਚ ਪੁਲਸ ਕੰਟਰੋਲ



ਰੂਮ (ਪੀ.ਸੀ.ਆਰ.) ਲਈ 20 ਮੋਟਰਸਾਈਕਲਾਂ ਨੂੰ ਸਮਰਪਿਤ ਕਰਨ ਤੋਂ ਇਲਾਵਾ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਵੀ ਕੀਤਾ, ਜੋ ਕਿ ਪੁਲਸ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਚੱਲ ਰਹੇ ਯਤਨਾਂ ਦਾ ਅਹਿਮ ਹਿੱਸਾ ਹੈ।

ਇਹ ਮੋਟਰਸਾਇਕਲ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐੱਸ.ਆਰ.) ਫੰਡਿੰਗ ਰਾਹੀਂ ਪਟਿਆਲਾ ਪੀ.ਸੀ.ਆਰ. ਵਿੱਚ ਸ਼ਾਮਲ ਕੀਤੇ ਗਏ ਹਨ। ਡੀ.ਜੀ.ਪੀ. ਨੇ ਕਿਹਾ ਕਿ ਪੰਜਾਬ ਪੁਲਸ ਆਗਾਮੀ ਗਣਤੰਤਰ ਦਿਵਸ-2025 ਦੇ ਸੁਰੱਖਿਅਤ ਅਤੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਰੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਸੁਰੱਖਿਆ ਵਿੱਚ ਸਖ਼ਤੀ ਵਧਾਉਣ, ਗਸ਼ਤ ਤੇਜ਼ੀ ਲਿਆਉਣ ਅਤੇ ਰਾਤ ਸਮੇਂ ਨਾਈਟ ਡੋਮਸੀਨੇਸ਼ਨ ਆਪ੍ਰੇਸ਼ਨਾਂ ਨੂੰ ਹੋਰ ਮੁਸਤੈਦੀ ਨਾਲ ਅੰਜਾਮ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ। ਵੱਖ-ਵੱਖ ਰੇਂਜਾਂ ਦੇ ਅਧਿਕਾਰੀਆਂ ਨਾਲ ਕਾਨੂੰਨ ਵਿਵਸਥਾ ਸਮੀਖਿਆ ਮੀਟਿੰਗਾਂ ਦੀ ਪ੍ਰਧਾਨਗੀ ਕਰਦੇ ਹੋਏ, ਡੀ.ਜੀ.ਪੀ. ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਪੁਖ਼ਤਾ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਸੁਰੱਖਿਆ ਅਲਰਟ ਅਤੇ ਵੇਰਵੇ ਸਾਂਝੇ ਕੀਤੇ। ਉਨ੍ਹਾਂ ਨੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਜਨਤਕ ਥਾਵਾਂ 'ਤੇ ਪੁਲਸ ਦੀ ਮੌਜੂਦਗੀ ਵਧਾਉਣ ਅਤੇ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਸੰਵੇਦਨਸ਼ੀਲ ਖੇਤਰਾਂ 'ਚ ਨਿਗਰਾਨੀ ਅਤੇ ਗਸ਼ਤ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਵੀ ਜਾਰੀ ਕੀਤੇ। ਉਨ੍ਹਾਂ ਅੱਗੇ ਕਿਹਾ ਕਿ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਪੁਲਸ ਨਾਕਿਆਂ ਦੀ ਗਿਣਤੀ ਵਧਾਉਣ ਲਈ ਵੀ ਨਿਰਦੇਸ਼ ਦਿੱਤੇ ਗਏ ਹਨ। ਖੇਡਾਂ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਡੀ.ਜੀ.ਪੀ., ਪੰਜਾਬ ਗੌਰਵ ਯਾਦਵ ਨੇ 'ਯੂਥ ਕਨੈਕਟ' ਪ੍ਰੋਗਰਾਮ ਦੇ ਹਿੱਸੇ ਵਜੋਂ, ਜ਼ਿਲ੍ਹਾ ਸੰਗਰੂਰ ਵਿੱਚ ਨੌਜਵਾਨ ਐਥਲੀਟਾਂ ਨੂੰ ਸਿਖਲਾਈ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ 6 ਕੋਚਾਂ ਨੂੰ ਤਰੱਕੀ ਦਿੱਤੀ। ਇਸ ਪਹਿਲ ਦਾ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਿਆ ਜਾ ਸਕੇ। ਇਸ ਪ੍ਰੋਗਰਾਮ ਨੇ ਸਾਧਾਰਨ ਪਰਿਵਾਰਾਂ ਦੇ ਘੱਟੋ-ਘੱਟ 78 ਬੱਚਿਆਂ ਨੂੰ ਖੇਡਾਂ ਵਿੱਚ ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਨੌਕਰੀਆਂ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ। ਇਸ ਦੌਰਾਨ ਡੀ.ਜੀ.ਪੀ. ਵੱਲੋਂ ਆਪਣੀ ਡਿਊਟੀ ਪੂਰੇ ਜੋਸ਼, ਲਗਨ ਅਤੇ ਸਮਰਪਣ ਨਾਲ ਨਿਭਾਉਣ ਵਾਲੇ ਪਟਿਆਲਾ ਰੇਂਜ ਦੇ ਪੰਜਾਬ ਪੁਲਸ ਅਧਿਕਾਰੀਆਂ ਨੂੰ ਡੀ.ਜੀ.ਪੀ. ਪ੍ਰਸ਼ੰਸਾ ਡਿਸਕਾਂ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੁੱਲ 46 ਅਧਿਕਾਰੀਆਂ ਨੂੰ ਡੀ.ਜੀ.ਪੀ. ਡਿਸਕਾਂ ਨਾਲ ਸਨਮਾਨਿਤ ਕੀਤਾ ਗਿਆ।

# 252 ਸਰਕਾਰੀ ਸਕੂਲਾਂ ਦੀ ਬਦਲੀ ਜਾਵੇਗੀ ਨੁਹਾਰ, ਖਰਚੇ ਜਾਣਗੇ 1800 ਕਰੋੜ ਰੁਪਏ

ਗੁਹਾਟੀ, 24 ਜਨਵਰੀ : ਸਰਕਾਰ ਮੁੱਖ ਪੇਂਡੂ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਦੇ ਉਦੇਸ ਨਾਲ 1,800 ਕਰੋੜ ਰੁਪਏ ਦੀ ਲਾਗਤ ਨਾਲ 252 ਅਜਿਹੇ ਸਰਕਾਰੀ ਵਿਦਿਅਕ ਅਦਾਰਿਆਂ ਲਈ ਨਵੀਆਂ ਇਮਾਰਤਾਂ ਦਾ ਨਿਰਮਾਣ ਕਰ ਰਹੀ ਹੈ। ਇਹ ਫੈਸਲਾ ਆਸਾਮ ਸਰਕਾਰ ਵਲੋਂ ਲਿਆ ਗਿਆ ਹੈ। ਸੈਕੰਡਰੀ ਸਿੱਖਿਆ ਦੀ ਡਾਇਰੈਕਟਰ ਮਮਤਾ ਹੋਜਈ ਨੇ ਦੱਸਿਆ ਕਿ ਪਿਛਲੇ ਸਾਲ ਬਜਟ ਐਲਾਨਾਂ ਅਨੁਸਾਰ 126 ਵਿਧਾਨ ਸਭਾ ਹਲਕਿਆਂ ਵਿੱਚੋਂ 252 ਸਰਕਾਰੀ ਸਥਾਨਕ ਸਕੂਲਾਂ ਦੀ ਚੋਣ ਕੀਤੀ ਗਈ ਹੈ। ਮਮਤਾ ਨੇ ਕਿਹਾ ਅਸੀਂ ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫੰਡ () ਤਹਿਤ ਇਕ ਪ੍ਰਾਜੈਕਟ ਤਹਿਤ ਇਨ੍ਹਾਂ



ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰ ਰਹੇ ਹਾਂ। ਸਬੰਧਤ ਵਿਧਾਇਕਾਂ ਦੇ ਸੁਝਾਵਾਂ ਅਨੁਸਾਰ ਸਕੂਲਾਂ ਦੀ ਚੋਣ ਕੀਤੀ ਗਈ ਹੈ। ਖਰਚੇ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਹਰ ਸਕੂਲ ਦੀ ਉਸਾਰੀ 'ਤੇ 7 ਕਰੋੜ ਤੋਂ 8 ਕਰੋੜ ਰੁਪਏ ਦੀ ਲਾਗਤ ਆਵੇਗੀ। ਕੁੱਲ ਖਰਚਾ 1,827 ਕਰੋੜ ਰੁਪਏ ਹੈ। ਮਮਤਾ ਹੋਜਈ ਨੇ ਕਿਹਾ ਕਿ ਜ਼ਿਆਦਾਤਰ ਸਕੂਲਾਂ ਵਿਚ ਨਿਰਮਾਣ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਅਗਲੇ ਸਾਲ ਤੱਕ ਪੂਰਾ ਹੋ ਜਾਵੇਗਾ। ਉਧਰ ਆਸਾਮ ਦੇ ਵਿੱਤ ਮੰਤਰੀ ਅਜੰਤਾ ਨਿਓਗ ਨੇ ਸੂਬੇ ਭਰ ਦੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਬਜਟ 2024-25 ਵਿਚ ਇਕ ਪਹਿਲਕਦਮੀ ਦਾ ਐਲਾਨ ਕੀਤਾ ਸੀ।

# ਵਕਫ ਬਿੱਲ ਨਾਲ ਸਬੰਧਤ ਸੰਸਦੀ ਕਮੇਟੀ ਦੀ ਮੀਟਿੰਗ 'ਚ ਹੰਗਾਮਾ, 10 ਵਿਰੋਧੀ ਮੈਂਬਰ ਮੁਅੱਤਲ

ਏਜੰਸੀਆਂ

ਨਵੀਂ ਦਿੱਲੀ, 24 ਜਨਵਰੀ : ਵਕਫ ਸੋਧ ਬਿੱਲ 'ਤੇ ਵਿਚਾਰ ਕਰਨ ਵਾਲੀ ਸਾਂਝੀ ਸੰਸਦੀ ਕਮੇਟੀ ਦੀ ਮੀਟਿੰਗ ਵਿੱਚ ਮੌਜੂਦ ਦਸ ਵਿਰੋਧੀ ਮੈਂਬਰਾਂ ਨੂੰ ਸ਼ੁੱਕਰਵਾਰ ਨੂੰ ਚੇਅਰਮੈਨ ਜਗਦੰਬਿਕਾ ਪਾਲ ਦੇ ਵਿਰੋਧ ਵਿੱਚ ਵਿਰੋਧ ਕਰਨ ਅਤੇ ਹੇਠ ਲਿਖੀਆਂ ਪ੍ਰਕਿਰਿਆਵਾਂ ਵਿੱਚ ਮਨਮਾਨੀ ਦਾ ਦੋਸ ਲਗਾਉਣ ਤੋਂ ਬਾਅਦ ਇੱਕ ਦਿਨ ਲਈ ਮੁਅੱਤਲ ਕਰ ਦਿੱਤਾ ਗਿਆ। ਵਿਰੋਧੀ ਧਿਰ ਦੇ ਮੈਂਬਰਾਂ ਨੇ ਪਾਲ 'ਤੇ ਕਾਰਵਾਈ ਨੂੰ ਮਜਾਕ ਵਿੱਚ ਬਦਲਣ ਦਾ ਦੋਸ ਲਗਾਇਆ ਅਤੇ ਦਾਅਵਾ ਕੀਤਾ ਕਿ ਉਹ ਸਰਕਾਰ ਦੇ ਨਿਰਦੇਸਾਂ 'ਤੇ ਕੰਮ ਕਰ ਰਹੇ ਸਨ। ਪਾਲ ਨੇ ਮੀਟਿੰਗ ਵਿੱਚ ਵਿਘਨ ਪਾਉਣ ਦੇ ਉਦੇਸ ਨਾਲ ਆਪਣੇ ਆਚਰਣ ਦੀ ਆਲੋਚਨਾ ਕੀਤੀ। ਕਮੇਟੀ ਚੇਅਰਮੈਨ ਪਾਲ ਨੇ ਤ੍ਰਿਣਮੂਲ ਕਾਂਗਰਸ ਦੇ ਨੇਤਾ ਕਲਿਆਣ ਬੈਨਰਜੀ 'ਤੇ ਅਪਮਾਨਜਨਕ ਭਾਸਾ ਦੀ ਵਰਤੋਂ ਕਰਨ ਦਾ ਦੋਸ ਲਗਾਇਆ। ਪਾਲ ਨੇ ਕਿਹਾ ਕਿ ਉਸਨੇ ਮੀਟਿੰਗ ਦਾ ਪ੍ਰਬੰਧ ਕਰਨ ਦੀ ਕੋਸਿ?ਸ ਕੀਤੀ, ਇਸਨੂੰ ਦੋ ਵਾਰ ਮੁਲਤਵੀ ਕੀਤਾ ਪਰ ਕੋਈ ਫਾਇਦਾ ਨਹੀਂ ਹੋਇਆ। ਭਾਜਪਾ ਮੈਂਬਰ ਨਿਸ਼ੀਕਾਂਤ ਦੂਬੇ ਨੇ ਵਿਰੋਧੀ ਮੈਂਬਰਾਂ ਨੂੰ ਮੁਅੱਤਲ ਕਰਨ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਕਮੇਟੀ ਨੇ ਸਵੀਕਾਰ ਕਰ ਲਿਆ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਬੈਨਰਜੀ ਅਤੇ ਨਦੀਮ-ਉਲ ਹੱਕ (ਤ੍ਰਿਣਮੂਲ ਕਾਂਗਰਸ), ਮੁਹੰਮਦ ਜਾਵੇਦ, ਇਮਰਾਨ ਮਸੂਦ ਅਤੇ ਸਈਦ ਨਾਸਿਰ ਹੁਸੈਨ (ਕਾਂਗਰਸ), ਏ ਰਾਜਾ ਅਤੇ ਮੁਹੰਮਦ ਅਬਦੁੱਲਾ (ਡੀਐੱਮਕੇ), ਅਸਦੁਦੀਨ ਓਵੈਸੀ (ਏਆਈਐੱਮਆਈਐੱਮ), ਮੋਹਿਬੁੱਲਾ (ਸਪਾ) ਅਤੇ ਅਰਵਿੰਦ ਸਾਵੰਤ (ਸ਼ਿਵ ਸੈਨਾ-ਯੂਬੀਟੀ) ਸਾਮਲ ਹਨ। ਵਿਰੋਧੀ ਧਿਰ ਦੇ ਮੈਂਬਰਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਉਦੋਂ ਆਇਆ, ਜਦੋਂ ਮੀਰਵਾਇਜ ਉਮਰ ਫਾਰੂਕ ਦੀ ਅਗਵਾਈ ਹੇਠ ਜੰਮੂ-ਕਸਮੀਰ ਦਾ ਇੱਕ ਵਫਦ ਵਕਫ ਸੋਧ ਬਿੱਲ 'ਤੇ ਸਾਂਝੀ ਕਮੇਟੀ ਸਾਹਮਣੇ ਪੇਸ ਹੋਇਆ। ਇਸ ਦੌਰਾਨ ਖਰੜੇ ਦੇ ਕਾਨੂੰਨ ਬਾਰੇ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ। ਕਮੇਟੀ ਦੀ ਮੀਟਿੰਗ ਹੰਗਾਮੇ ਨਾਲ ਸੁਰੂ ਹੋਈ। ਵਿਰੋਧੀ ਮੈਂਬਰਾਂ ਨੇ ਚੇਅਰਮੈਨ 'ਤੇ ਕਾਰਵਾਈ ਵਿੱਚ ਵਿਘਨ ਪਾਉਣ ਅਤੇ ਮੀਟਿੰਗ ਦੇ ਏਜੰਡੇ ਨੂੰ ਮਨਮਾਨੇ ਢੰਗ ਨਾਲ ਬਦਲਣ ਦਾ ਦੋਸ ਲਗਾਇਆ। ਕਮੇਟੀ ਦੀ ਮੀਟਿੰਗ ਥੋੜ੍ਹੀ ਦੇਰ ਲਈ ਮੁਲਤਵੀ ਕਰਨ ਤੋਂ ਬਾਅਦ ਦੁਬਾਰਾ ਬੁਲਾਈ ਗਈ ਅਤੇ ਵਿਰੋਧ ਪ੍ਰਦਰਸਨ ਅਤੇ ਹਫੜਾ-ਦਫੜੀ ਜਾਰੀ ਰਹਿਣ ਕਾਰਨ 10 ਵਿਰੋਧੀ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਬੈਨਰਜੀ ਨੇ ਕਿਹਾ, "21 ਜਨਵਰੀ ਨੂੰ ਹੋਈ ਸਾਡੀ ਮੀਟਿੰਗ ਤੋਂ ਬਾਅਦ, ਚੇਅਰਮੈਨ ਨੇ ਮੈਂਬਰਾਂ ਨੂੰ ਸੂਚਿਤ ਕੀਤਾ ਸੀ ਕਿ ਅਗਲੀ ਮੀਟਿੰਗ 24-25 ਜਨਵਰੀ ਨੂੰ ਹੋਵੇਗੀ। ਕਰਨ ਦੀ ਬੇਨਤੀ ਕੀਤੀ। ਪਰ ਚੇਅਰਮੈਨ ਨੇ ਸਾਡੀ ਗੱਲ ਨਹੀਂ ਸੁਣੀ।" ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਦੀ ਮੀਟਿੰਗ ਦਾ ਏਜੰਡਾ ਵੀਰਵਾਰ ਦੇਰ ਰਾਤ ਬਦਲ ਦਿੱਤਾ ਗਿਆ ਅਤੇ ਮੈਂਬਰਾਂ ਨੂੰ ਅੱਧੀ ਰਾਤ ਦੇ ਆਸ-ਪਾਸ ਸੂਚਿਤ ਕਰ ਦਿੱਤਾ ਗਿਆ। ਬੈਨਰਜੀ ਨੇ ਕਿਹਾ, "ਚੇਅਰਮੈਨ ਵਿਰੋਧੀ ਮੈਂਬਰਾਂ ਨਾਲ ਘਰੇਲੂ ਨੌਕਰਾਂ ਵਾਂਗ ਪੇਸ਼ ਆ ਰਹੇ ਹਨ ਅਤੇ ਉਨ੍ਹਾਂ ਨੂੰ ਇੱਧਰ-ਉੱਧਰ ਘੁੰਮਣ ਦਾ ਹੁਕਮ ਦੇ ਰਹੇ ਹਨ।" ਉਨ੍ਹਾਂ ਦੋਸ ਲਾਇਆ ਕਿ ਦਿੱਲੀ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਕਾਰਵਾਈ ਤੇਜ ਲਿਆਈ ਜਾ ਰਹੀ ਹੈ। ਤ੍ਰਿਣਮੂਲ ਕਾਂਗਰਸ ਦੇ ਨੇਤਾ ਨੇ ਕਿਹਾ ਕਿ ਜਦੋਂ ਮੀਟਿੰਗ ਚੱਲ ਰਹੀ ਸੀ ਤਾਂ ਪਾਲ ਨੂੰ ਕਈ ਫੋਨ ਆਏ ਅਤੇ ਦੋਸ ਲਗਾਇਆ ਕਿ ਉਹ ਕਾਰਵਾਈ ਚਲਾਉਣ ਲਈ ਸਰਕਾਰ ਤੋਂ ਆਦੇਸ ਲੈ ਰਹੇ ਸਨ। ਭਾਜਪਾ ਮੈਂਬਰ ਅਪਰਾਜਿਤਾ ਸਾਰੰਗੀ ਨੇ ਦਾਅਵਾ ਕੀਤਾ ਕਿ ਵਿਰੋਧੀ ਮੈਂਬਰਾਂ ਦਾ ਵਿਵਹਾਰ "ਸਰਮਨਾਕ" ਸੀ, ਕਿਉਂਕਿ ਉਨ੍ਹਾਂ ਨੇ ਮੀਟਿੰਗ ਦੌਰਾਨ ਹੰਗਾਮਾ ਕਰਨਾ ਅਤੇ ਗੈਰ-ਸੰਸਦੀ ਭਾਸਾ ਦੀ ਵਰਤੋਂ ਕਰਨਾ ਜਾਰੀ ਰੱਖਿਆ।

# ਮੋਦੀ ਤੋਂ ਬਾਅਦ ਹੁਣ ਸਾਧੂ-ਸੰਤ ਵੀ ਕਰਨਗੇ 'ਮਨ ਕੀ ਬਾਤ'

ਸਵਾਮੀ ਪ੍ਰਕਾਸ਼ਾਨੰਦ ਦੇ ਅਨੁਸਾਰ, ਇਸ ਆਯੋਜਨ 'ਚ ਸਾਰੇ ਸੰਨਿਆਸੀ, ਬੈਰਾਗੀ ਅਤੇ ਉਦਾਸੀਨ ਸਾਰੇ ਅਖਾੜਿਆਂ ਦੇ ਪ੍ਰਮੁੱਖ ਸੰਤਾਂ ਤੋਂ ਇਲਾਵਾ, ਸਾਰੇ ਹਿੰਦੂ ਭਾਈਚਾਰਿਆਂ ਦੇ ਸੰਤ ਹਿੱਸਾ ਲੈਣਗੇ

ਏਜੰਸੀਆਂ

ਮਹਾਕੁੰਭਨਗਰ, 24 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਿੱਧ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ ਤਰਜ 'ਤੇ, ਪ੍ਰਯਾਗਰਾਜ ਮਹਾਕੁੰਭ 'ਚ 'ਸਾਧੂ ਕਹੇਂ ਮਨ ਕੀ ਬਾਤ' ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਜਿਸ 'ਚ ਸਾਧੂ ਅਤੇ ਸੰਤ ਸਨਾਤਨ ਧਰਮ ਦੇ ਮੁੱਖ ਵਿਸ਼ਿ?ਆਂ ਸਮੇਤ ਵੱਖ-ਵੱਖ ਮੁੱਦਿਆਂ 'ਤੇ ਆਪਣੀ ਗੱਲ ਰੱਖਣਗੇ। ਪ੍ਰੋਗਰਾਮ ਦੇ ਬੁਲਾਰੇ ਸ੍ਰੀ ਪੰਚ ਦਸ਼ਨਮ ਆਵਾਹਨ ਅਖਾੜੇ ਦੇ ਮਹਾਮੰਡਲੇਸ਼ਵਰ ਸਵਾਮੀ ਪ੍ਰਕਾਸਾਨੰਦ ਨੇ ਦੱਸਿਆ ਕਿ ਮਹਾਕੁੰਭ ਦੇ ਸੈਕਟਰ-20 'ਚ ਹਰੀ ਧਾਮ ਸਨਾਤਨ ਸੇਵਾ ਟਰੱਸਟ 'ਚ 25 ਜਨਵਰੀ ਨੂੰ ਦੁਪਹਿਰ 2 ਵਜੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਸਵਾਮੀ ਪ੍ਰਕਾਸਾਨੰਦ ਦੇ ਅਨੁਸਾਰ, ਇਸ ਆਯੋਜਨ 'ਚ ਸਾਰੇ ਸੰਨਿਆਸੀ, ਬੈਰਾਗੀ ਅਤੇ ਉਦਾਸੀਨ ਸਾਰੇ ਅਖਾੜਿਆਂ ਦੇ ਪ੍ਰਮੁੱਖ ਸੰਤਾਂ ਤੋਂ ਇਲਾਵਾ, ਸਾਰੇ ਹਿੰਦੂ ਭਾਈਚਾਰਿਆਂ ਦੇ ਸੰਤ ਹਿੱਸਾ ਲੈਣਗੇ, ਜਿਸ 'ਚ ਤਪੋਨਿਧੀ ਸ੍ਰੀ ਪੰਚਾਇਤੀ ਆਨੰਦ ਅਖਾੜੇ ਦੇ ਆਚਾਰੀਆ ਮਹਾਮੰਡਲੇਸਵਰ ਸਵਾਮੀ ਬਾਲਕਾਨੰਦ ਗਿਰੀ, ਅਖਿਲ ਭਾਰਤੀ ਅਖਾੜੇ ਪ੍ਰੀਸ਼ਦ ਦੇ ਮੁਖੀ ਮਹੰਤ ਰਵਿੰਦਰ ਪੁਰੀ, ਸ੍ਰੀ ਪੰਚ ਦਸਨਮ ਆਵਾਹਨ ਅਖਾੜਾ ਦੇ ਆਚਾਰੀਆ ਮਹਾਮੰਡਲੇਸਵਰ ਸਵਾਮੀ ਅਰੁਣ ਗਿਰੀ, ਮਹਾਮੰਡਲੇਸਵਰ ਕਾਂਕੇਸਵਰੀ ਦੇਵੀ, ਸ੍ਰੀ ਪੰਚ ਦਿਗੰਬਰ ਅਣੀ ਅਖਾੜਾ ਦੇ ਸ੍ਰੀ ਮਹੰਤ ਮਾਧਵਦਾਸ, ਸਨੀ ਧਾਮ ਪੀਠਾਧੀਸਵਰ ਮਹਾਮੰਡਲੇਸਵਰ ਪਰਮਹੰਸ ਦਾਤੀ ਮਹਾਰਾਜ, ਸ੍ਰੀ ਸੰਭੂ ਪੰਚ ਅਗਨੀ ਅਖਾੜਾ ਦੇ ਸੰਪੂਰਨਾਨੰਦ ਬ੍ਰਹਮਚਾਰੀ, ਸ੍ਰੀ ਪੰਚ ਦਸਨਮ ਅਖਾੜਾ ਦੇ ਸ੍ਰੀ ਸ. ਦਿਗੰਬਰ ਅਖਾੜਾ ਮਹਾਮੰਡਲੇਸਵਰ ਕੰਪਿਊਟਰ ਬਾਬਾ ਸਾਮਲ ਹਨ। ਸਵਾਮੀ ਪ੍ਰਕਾਸਾਨੰਦ ਦੇ ਅਨੁਸਾਰ,"ਮਹਾਕੁੰਭ 'ਚ ਲੱਖਾਂ ਸਾਧੂ-ਸੰਤ ਆਪਣੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਕਲਪਾਂ ਨਾਲ ਸਰਧਾਲੂਆਂ ਵਿਚ ਆਉਂਦੇ ਹਨ। ਇੰਨਾ ਵੱਡਾ ਸਮਾਗਮ ਸਰਧਾਲੂਆਂ ਨੂੰ ਸਾਧੂ-ਸੰਤਾਂ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ ਪਰ ਆਮ ਤੌਰ 'ਤੇ ਸਰਧਾਲੂਆਂ ਦੀ ਅਧਿਆਤਮਿਕ ਉੱਨਤੀ ਅਤੇ ਮੁਕਤੀ ਵਰਗੇ ਵਿਸ਼ਿ?ਆਂ 'ਤੇ ਪ੍ਰਵਚਨ ਜਾਂ ਸਤਿਸੰਗ ਪ੍ਰੋਗਰਾਮ ਹੁੰਦੇ ਹਨ। ਉਨ੍ਹਾਂ ਕਿਹਾ,"ਇਸ ਵੇਲੇ ਸੰਤ ਭਾਈਚਾਰੇ ਨੂੰ ਸਮਾਜਿਕ ਪ੍ਰਨਾਲੀ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਬਾਰੇ ਗੱਲ ਕਰਨ ਲਈ ਕੋਈ ਪਲੇਟਫਾਰਮ ਨਹੀਂ ਮਿਲ ਰਿਹਾ।'ਸਾਧੂ ਕਹੇਂ ਮਨ ਕੀ ਬਾਤ' ਪ੍ਰੋਗਰਾਮ 'ਚ ਸਾਧੂ-ਸੰਤ ਧਾਰਮਿਕ ਅਤੇ ਸਮਾਜਿਕ ਸੰਕਲਪਾਂ 'ਤੇ ਆਪਣੇ ਵਿਚਾਰ ਸਾਂਝੇ ਕਰਨਗੇ। ਇਸ 'ਚ ਗਊ ਹੱਤਿਆ 'ਤੇ ਪਾਬੰਦੀ ਦੇ ਨਾਲ-ਨਾਲ ਹੋਰ ਮੁੱਦੇ ਵੀ ਸਾਮਲ ਹੋਣਗੇ।





# ਕੋਲਕਾਤਾ ਹਵਾਈ ਅੱਡੇ 'ਤੇ ਲਗਾਤਾਰ ਦੂਜੇ ਦਿਨ ਸੰਘਣੀ ਧੁੰਦ ਕਾਰਨ 34 ਉਡਾਣਾਂ ਪ੍ਰਭਾਵਿਤ

ਕੋਲਕਾਤਾ, 24 ਜਨਵਰੀ : ਕੋਲਕਾਤਾ ਦੇ ਨੇਤਾਜੀ ਸੁਭਾਸ ਚੰਦਰ ਬੋਸ ਅੰਤਰਰਾਸਟਰੀ (ਐੱਨਐੱਸਸੀਬੀਆਈ) ਹਵਾਈ ਅੱਡੇ 'ਤੇ ਸੰਘਣੀ ਧੁੰਦ ਕਾਰਨ ਘੱਟੋ-ਘੱਟ 34 ਉਡਾਣਾਂ ਪ੍ਰਭਾਵਿਤ ਹੋਈਆਂ। ਇੱਕ ਅਧਿਕਾਰੀ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਏਅਰਪੋਰਟ ਅਥਾਰਟੀ ਆਫ ਇੰਡੀਆ (ਏਏਆਈ) ਦੇ ਬੁਲਾਰੇ ਨੇ ਦੱਸਿਆ ਕਿ ਇੱਥੋਂ ਹੋਰ ਥਾਵਾਂ ਲਈ ਕੁੱਲ 15 ਉਡਾਣਾਂ ਦੇਰੀ ਨਾਲ ਆਈਆਂ, ਕਿਉਂਕਿ ਘੱਟ ਦ੍ਰਿਸਟੀ ਕਾਰਨ ਜਹਾਜ (ਸਮੇਂ ਸਿਰ) ਉਡਾਣ ਨਹੀਂ ਭਰ ਸਕੇ। ਉਨ੍ਹਾਂ ਕਿਹਾ ਕਿ ਮਹਾਂਨਗਰ ਵਿੱਚ ਆਉਣ ਵਾਲੀਆਂ ਅੱਠ ਉਡਾਣਾਂ ਨੇ ਵੀ ਦੇਰੀ ਨਾਲ ਉਡਾਣ ਭਰੀ, ਜਦੋਂ ਕਿ ਕੋਲਕਾਤਾ ਦੇ ਅਸਮਾਨ ਵਿੱਚ ਚੱਕਰ ਲਗਾ ਰਹੀਆਂ ਸੱਤ ਹੋਰ ਉਡਾਣਾਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਮੋੜ ਦਿੱਤਾ ਗਿਆ। ਇਸ ਤੋਂ ਇਲਾਵਾ, ਚਾਰ ਉਡਾਣਾਂ ਨੂੰ 'ਰੈਂਪ' ਤੋਂ 'ਪਾਰਕਿੰਗ ਬੇ' ਵਾਪਸ ਜਾਣਾ ਪਿਆ, ਕਿਉਂਕਿ ਇਹ ਜਹਾਜ ਰਵਾਨਾ ਨਹੀਂ ਹੋ ਸਕੇ। ਬੁਲਾਰੇ ਨੇ ਕਿਹਾ ਕਿ ਧੁੰਦ ਕਾਰਨ ਰਾਤ 2 ਵੱਜ ਕੇ 10 ਮਿੰਟ ਤੱਕ ਘੱਟ ਵਿਜੀਬਿਲਟੀ (ਓਪਰੇਸਨ) ਪ੍ਰਕਿਰਿਆ (ਐੱਲਵੀਪੀ) ਲਾਗੂ ਕਰ ਦਿੱਤੀ ਗਈ। ਜਦੋਂ ਦ੍ਰਿਸਟੀ 800 ਮੀਟਰ ਤੋਂ ਘੱਟ ਹੁੰਦੀ ਹੈ ਤਾਂ ਹਵਾਈ ਆਵਾਜਾਈ ਨਿਯੰਤਰਣ () ਲਾਗੂ ਕਰਦਾ ਹੈ ਅਤੇ 'ਫਾਲੋ-ਮੀ' ਵਾਹਨਾਂ ਦੀ ਵਰਤੋਂ ਕਰਕੇ ਜਹਾਜਾਂ ਨੂੰ ਉਨ੍ਹਾਂ ਦੇ ਸਟੈਂਡਾਂ ਵੱਲ ਨਿਰਦੇਸਿ?ਤ ਕੀਤਾ ਜਾਂਦਾ ਹੈ। ਉਸ ਸਮੇਂ ਲਾਗੂ ਕੀਤਾ ਜਾਂਦਾ ਹੈ, ਜਦੋਂ ਬੱਦਲ 200 ਫੁੱਟ ਤੋਂ ਹੇਠਾਂ ਡਿੱਗਦੇ ਹਨ। ਅਥਾਰਟੀ ਦੇ ਅਧਿਕਾਰੀ ਨੇ ਕਿਹਾ ਕਿ ਉਡਾਣਾਂ ਦਾ ਆਗਮਨ ਦੋ ਪੜਾਵਾਂ ਵਿੱਚ ਪ੍ਰਭਾਵਿਤ ਹੋਇਆ - ਸਵੇਰੇ 4.02 ਵਜੇ ਤੋਂ ਸਵੇਰੇ 6.51 ਵਜੇ ਤੱਕ ਅਤੇ ਸਵੇਰੇ 6.53 ਵਜੇ ਤੋਂ ਸਵੇਰੇ 8.16 ਵਜੇ ਤੱਕ। ਉਨ੍ਹਾਂ ਅਨੁਸਾਰ, ਇਸੇ ਤਰ੍ਹਾਂ ਸਵੇਰੇ 4.09 ਵਜੇ ਤੋਂ ਸਵੇਰੇ 5.49 ਵਜੇ ਅਤੇ ਸਵੇਰੇ 6.48 ਵਜੇ ਤੋਂ ਸਵੇਰੇ 8.52 ਵਜੇ ਤੱਕ ਉਡਾਣਾਂ ਦੀ ਰਵਾਨਗੀ ਪ੍ਰਭਾਵਿਤ ਹੋਈ। ਹਵਾਈ ਅੱਡੇ ਦੇ ਡਾਇਰੈਕਟਰ ਪ੍ਰਵਤ ਰੰਜਨ ਬੇਉਰੀਆ ਨੇ ਕਿਹਾ ਕਿ ਉਡਾਣ ਸੰਚਾਲਨ ਸਵੇਰੇ 8.17 ਵਜੇ ਮੁੜ ਸੁਰੂ ਕੀਤਾ ਗਿਆ। ਕੁਝ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਕਿਹਾ ਕਿ ਇੱਕ ਨਿੱਜੀ ਏਅਰਲਾਈਨ ਵੱਲੋਂ ਆਪਣੀ ਉਡਾਣ ਰੱਦ ਕਰਨ ਤੋਂ ਬਾਅਦ ਕੁਝ ਯਾਤਰੀਆਂ ਨੇ ਹੰਗਾਮਾ ਕੀਤਾ। ਸ਼ੁੱਕਰਵਾਰ ਨੂੰ ਲਗਾਤਾਰ ਦੂਜਾ ਦਿਨ ਸੀ ਜਦੋਂ ਧੁੰਦ ਕਾਰਨ ਉਡਾਣਾਂ ਪ੍ਰਭਾਵਿਤ ਹੋਈਆਂ। ਵੀਰਵਾਰ ਨੂੰ ਸੰਘਣੀ ਧੁੰਦ ਕਾਰਨ ਘੱਟੋ-ਘੱਟ 72 ਉਡਾਣਾਂ ਪ੍ਰਭਾਵਿਤ ਹੋਈਆਂ।



# ਕੱਟੜ ਈਮਾਨਦਾਰੀ ਦਾ ਦਾਅਵਾ ਬਣਿਆ ਮਜਾਕ, ਹੁਣ ਜਨਤਾ ਭਾਜਪਾ 'ਤੇ ਜਤਾਏਗੀ ਭਰੋਸਾ : ਭਾਜਪਾ

ਏਜੰਸੀਆਂ

ਨਵੀਂ ਦਿੱਲੀ, 24 ਜਨਵਰੀ : ਦਿੱਲੀ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਤੁਸੀਂ ਕਿੰਨਾ ਅਹਿਮ ਮੰਨਦੇ ਹੋ, ਭਾਜਪਾ ਦੀ ਸਥਿਤੀ ਕੀ ਲੱਗ ਰਹੀ ਹੈ? ਦੇ ਜਵਾਬ 'ਚ ਪੁਰੀ ਬੋਲੇ ਇਹ ਚੋਣਾਂ ਬਹੁਤ ਅਹਿਮ ਹਨ। ਮੈਂ ਇਨ੍ਹਾਂ ਨੂੰ ਹੋਰ ਸੂਬਿਆਂ ਦੀਆਂ ਚੋਣਾਂ ਨਾਲੋਂ ਵੀ ਵੱਧ ਅਹਿਮ ਮੰਨਦਾ ਹਾਂ। ਦਿੱਲੀ ਵਿਚ ਲੱਗਭਗ ਢਾਈ ਕਰੋੜ ਦੀ ਆਬਾਦੀ ਹੈ, ਜਿਸ ਵਿਚ 80 ਲੱਖ ਪੁਰਸ਼ ਤੇ 70 ਲੱਖ ਮਹਿਲਾ ਵੋਟਰ ਹਨ। ਇੱਥੇ ਜਨਤਾ ਵਿਚ ਗੁੱਸਾ ਤੇ ਨਿਰਾਸ਼ਾ ਹੈ, ਜਿਸ ਨੂੰ ਐਂਟੀ-ਇਨਕਮਬੈਂਸੀ ਕਿਹਾ ਜਾ ਸਕਦਾ ਹੈ। ਕੇਜਰੀਵਾਲ ਸਰਕਾਰ ਨੇ ਵੱਡੇ-ਵੱਡੇ ਦਾਅਵੇ ਕੀਤੇ ਪਰ ਉਹ ਸਿਰਫ ਝੂਠੇ ਵਾਅਦੇ ਸਨ। ਦਿੱਲੀ ਦੀ ਜਨਤਾ ਹੁਣ ਇਨ੍ਹਾਂ ਦੀ ਸੱਚਾਈ ਜਾਣ ਚੁੱਕੀ ਹੈ। ਇਸ ਵਾਰ ਜਨਤਾ ਭਾਜਪਾ ਨੂੰ ਮੌਕਾ ਦੇਵੇਗੀ। 'ਆਪ' ਦੇ ਆਗੂ ਦੋਸ਼ ਲਾਉਂਦੇ ਹਨ ਕਿ ਦਿੱਲੀ ਵਿਚ ਸੱਤ ਦੇ ਸੱਤ ਸੰਸਦ ਮੈਂਬਰ ਭਾਜਪਾ ਦੇ ਹਨ ਪਰ ਉਹ ਲੋਕਾਂ ਦੀਆਂ ਮੂਲ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕੁਝ ਨਹੀਂ ਕਰਦੇ? ਉੱਤਰ : ਸਥਾਨਕ ਵਿਕਾਸ ਦਾ ਕੰਮ ਕੀ ਸੰਸਦ ਮੈਂਬਰ ਕਰੇਗਾ? ਲੈਂਡ ਸੈਂਟਰ ਦਾ ਮਾਮਲਾ ਹੈ। ਮੈਂ ਤਾਂ ਰਿਹਾ ਹਾਂ ਸੱਤ ਸਾਲ ਮੰਤਰੀ। ਉਹ ਕਹਿੰਦੇ ਹਨ ਮੇਰੇ ਕੋਲ ਇਹ ਪਾਵਰ ਨਹੀਂ ਹੈ, ਹੋਮ ਮਨਿਸਟਰ ਕੋਲ ਇਹ ਪਾਵਰ ਹੈ। ਮੈਂ ਕਹਿੰਦਾ ਹਾਂ ਕਿ ਜਿਹੜੀ ਪਾਵਰ ਤੁਹਾਡੇ ਕੋਲ ਹੈ, ਉਸੇ ਦੀ ਵਰਤੋਂ ਕਰੋ। ਸ਼ੁਕਰ ਹੈ ਤੁਹਾਨੂੰ ਹੋਰ ਪਾਵਰ ਨਹੀਂ ਦਿੱਤੀ। ਦਿੱਤੀ ਹੁੰਦੀ ਤਾਂ ਉਸ ਦਾ ਵੀ ਸੱਤਿਆਨਾਸ਼ ਕਰ ਦਿੰਦੇ। ਯਮੁਨਾ ਨੂੰ ਸਾਫ ਕਰਨਾ ਕਿਸ ਦਾ ਕੰਮ ਹੈ, ਪੰਜਾਬ ਦੇ ਮੁੱਖ ਮੰਤਰੀ ਦਾ, ਹੋਮ ਮਨਿਸਟਰ ਦਾ ਜਾਂ ਕਿਸੇ ਕੇਂਦਰੀ ਮੰਤਰੀ ਦਾ? ਅੱਜ ਦਿੱਲੀ ਵਿਚ ਹਵਾ ਪ੍ਰਦੂਸ਼ਣ ਹੈ, ਇਸ ਨੂੰ ਦੂਰ ਕਰਨਾ ਕਿਸ ਦਾ ਕੰਮ ਹੈ? ਕਹਿੰਦੇ ਹਨ ਅਸੀਂ ਪੂਰਵਾਂਚਲੀਆਂ ਦੇ ਨਾਲ ਹਾਂ ਪਰ ਇਹ ਗਲਤ ਹੈ। ਮਹਾਮਾਰੀ ਦੌਰਾਨ ਬੱਸਾਂ ਭਰ-ਭਰ ਕੇ ਪੂਰਵਾਂਚਲੀ ਭਰਾਵਾਂ ਨੂੰ ਆਨੰਦ ਵਿਹਾਰ ਛੱਡ ਦਿੱਤਾ। ਪ੍ਰਵੇਸ਼ ਵਰਮਾ ਨੇ ਕਿਹਾ ਕਿ ਦਿੱਲੀ ਵਿਚ ਪੰਜਾਬ ਦੀਆਂ ਗੱਡੀਆਂ ਘੁੰਮ ਰਹੀਆਂ ਹਨ। ਉਨ੍ਹਾਂ ਉੱਪਰ ਪੰਜਾਬ ਸਰਕਾਰ ਦੇ ਸਟਿੱਕਰ ਲੱਗੇ ਹਨ। ਸ਼ਰਾਬ ਵੰਡੀ ਜਾ ਰਹੀ ਹੈ। ਕੇਜਰੀਵਾਲ ਨੇ ਕਿਹਾ ਕਿ ਇਹ ਪੰਜਾਬੀਆਂ ਦਾ ਅਪਮਾਨ ਹੈ? ਪ੍ਰਵੇਸ਼ ਵਰਮਾ ਨੇ ਪੰਜਾਬੀਆਂ ਦੀ ਨਹੀਂ, ਪੰਜਾਬ ਤੋਂ ਜਿਹੜੀਆਂ ਗੱਡੀਆਂ ਆਈਆਂ ਹਨ, ਉਨ੍ਹਾਂ ਦੀ ਗੱਲ ਕੀਤੀ ਹੈ ਕਿਉਂਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਵੀ ਗੱਡੀਆਂ ਦਾ ਕਾਫਲਾ ਲੈ ਕੇ ਚੱਲਦੇ ਹਨ। 27 ਗੱਡੀਆਂ ਚੱਲਦੀਆਂ ਹਨ ਉਨ੍ਹਾਂ ਦੇ ਨਾਲ। ਸੰਭਵ ਤੌਰ 'ਤੇ ਉਸ ਦੀ ਗੱਲ ਹੀ ਕੀਤੀ ਹੋਵੇਗੀ ਪ੍ਰਵੇਸ਼ ਵਰਮਾ ਨੇ, ਮੈਨੂੰ ਜ਼ਿਆਦਾ ਜਾਣਕਾਰੀ ਨਹੀਂ ਹੈ। ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਉਨ੍ਹਾਂ ਬਿਜਲੀ-ਪਾਣੀ ਮੁਫਤ ਕਰ ਦਿੱਤਾ, ਸਿੱਖਿਆ ਤੇ ਸਿਹਤ ਨੂੰ ਬਿਹਤਰ ਬਣਾਇਆ। ਇਸ 'ਤੇ ਤੁਸੀਂ ਕੀ ਕਹੋਗੇ? ਇਹ ਸਿਰਫ ਖੋਖਲੇ ਦਾਅਵੇ ਹਨ। ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਉਨ੍ਹਾਂ ਵਿਸ਼ਵ ਪੱਧਰੀ ਪ੍ਰਬੰਧਾਂ ਦਾ ਵਾਅਦਾ ਕੀਤਾ ਸੀ ਪਰ ਨਾ ਤਾਂ ਕੋਈ ਨਵਾਂ ਸਕੂਲ ਬਣਿਆ ਅਤੇ ਨਾ ਹੀ ਹਸਪਤਾਲ। ਉਨ੍ਹਾਂ ਪੁਰਾਣੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਦੇ ਨਾਂ 'ਤੇ ਝੂਠੇ ਦਾਅਵੇ ਕੀਤੇ। ਜਿੱਥੋਂ ਤਕ ਬਿਜਲੀ ਦੀ ਗੱਲ ਹੈ, ਉਨ੍ਹਾਂ ਮੁਫਤ ਬਿਜਲੀ ਦਾ ਦਾਅਵਾ ਕੀਤਾ ਹੈ ਪਰ ਜਨਤਾ ਦੇ ਬਿੱਲ ਲਗਾਤਾਰ ਵਧਦੇ ਜਾ ਰਹੇ ਹਨ।

## ਛਾਪੇ ਮਗਰੋਂ ਪੁਲਸ ਮੁਲਾਜਮਾਂ ਦੇ ਛੁੱਟੇ ਪਸੀਨੇ ! ਪੈਸੇ ਗਿਣਨ ਲਈ ਮੰਗਵਾਉਣੀ ਪੈ ਗਈ ਮਸ਼ੀਨ

ਪਟਨਾ, 24 ਜਨਵਰੀ : ਸਿੱਖਿਆ ਵਿਭਾਗ 'ਚ ਅਫਸਰ ਦੇ ਘਰੋਂ ਵੱਡੀ ਗਿਣਤੀ 'ਚ ਨਕਦੀ ਬਰਾਮਦ ਕੀਤੀ ਗਈ ਹੈ। ਅਫਸਰ ਦੇ ਘਰੋਂ ਵੱਡੀ ਗਿਣਤੀ ਵਿਚ ਨਕਦੀ ਬਰਾਮਦ ਹੋਣ 'ਤੇ ਅਧਿਕਾਰੀਆਂ ਦੇ ਵੀ ਹੋਸ਼ ਉੱਡ ਗਏ। ਇਹ ਮਾਮਲਾ ਬਿਹਾਰ ਦੇ ਬੇਤੀਆ ਤੋਂ ਸਾਹਮਣੇ ਆਇਆ ਹੈ। ਦਰਅਸਲ ਬੇਤੀਆ ਜ਼ਿ?ਲ੍ਹਾ ਸਿੱਖਿਆ ਅਫਸਰ () ਰਜਨੀਕਾਂਤ ਪ੍ਰਵੀਨ ਦੇ ਘਰ ਵਿਜੀਲੈਂਸ ਦੀ ਕਾਰਵਾਈ ਦੌਰਾਨ ਇਹ ਨਕਦੀ ਬਰਾਮਦ ਕੀਤੀ ਗਈ ਹੈ। ਪਟਨਾ ਤੋਂ ਆਈ ਵਿਜੀਲੈਂਸ ਟੀਮ ਸਵੇਰ ਤੋਂ ਹੀ ਜ਼ਿ?ਲ੍ਹਾ ਸਿੱਖਿਆ ਅਫਸਰ ਤੋਂ ਪੁੱਛਗਿੱਛ ਕਰ ਰਹੀ ਹੈ। ਜਾਂਚ ਵਿਚ ਹੁਣ ਤੱਕ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕੀਤੀ ਗਈ ਹੈ। ਕਿਸੇ ਨੂੰ ਵੀ ਅੰਦਰ ਜਾਣ ਜਾਂ ਬਾਹਰ ਆਉਣ ਦੀ ਇਜਾਜਤ ਨਹੀਂ ਦਿੱਤੀ ਜਾ ਰਹੀ ਹੈ। ਨੋਟ ਗਿਣਨ ਲਈ ਮਸ਼ੀਨ ਤੱਕ ਮੰਗਵਾਈ ਗਈ ਹੈ। ਇਸ ਮਾਮਲੇ 'ਤੇ ਸਥਾਨਕ ਪ੍ਰਸ਼ਾਸਨ ਅਤੇ ਵਿਜੀਲੈਂਸ ਵਿਭਾਗ ਦੇ ਅਧਿਕਾਰੀ ਫਿਲਹਾਲ ਕੁਝ ਵੀ ਬੋਲਣ ਤੋਂ ਬਚ ਰਹੇ ਹਨ। ਇਹ ਕਾਰਵਾਈ ਬੇਤੀਆ ਦੇ ਮੁਫਸਿਲ ਥਾਣਾ ਖੇਤਰ 'ਚ ਸਥਿਤ ਬਸੰਤ ਬਿਹਾਰ ਕਾਲੋਨੀ 'ਚ ਜ਼ਿ?ਲ੍ਹਾ ਸਿੱਖਿਆ ਅਫਸਰ ਦੇ ਘਰ 'ਤੇ ਕੀਤੀ ਜਾ ਰਹੀ ਹੈ। ਰਜਨੀਕਾਂਤ ਪ੍ਰਵੀਨ ਪਿਛਲੇ ਤਿੰਨ ਸਾਲਾਂ ਤੋਂ ਬੇਤੀਆ ਵਿਚ ਅਹੁਦੇ 'ਤੇ ਤਾਇਨਾਤ ਹਨ। ਵਿਜੀਲੈਂਸ ਦੀ ਟੀਮ ਕਈ ਘੰਟਿਆਂ ਤੋਂ ਉਨ੍ਹਾਂ ਦੇ ਘਰ ਮੌਜੂਦ ਹੈ ਅਤੇ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।





## 3 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਜਾਂਚ ਦੌਰਾਨ ਹੋਇਆ ਵੱਡਾ ਖੁਲਾਸਾ

ਵਡੋਦਰਾ, 24 ਜਨਵਰੀ : ਗੁਜਰਾਤ ਦੇ ਵਡੋਦਰਾ ਸਹਿਰ ਦੇ ਇੱਕ ਵਿਦਿਅਕ ਸੰਸਥਾ ਦੇ ਤਿੰਨ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦੀ ਸੂਚਨਾ ਮਿਲੀ ਹੈ। ਬੰਬ ਦੀ ਧਮਕੀ ਮਿਲਣ ਤੋਂ ਬਾਅਦ ਸ਼ੁੱਕਰਵਾਰ ਨੂੰ ਸਕੂਲਾਂ ਵਿਚ ਛੁੱਟੀ ਦਾ ਐਲਾਨ ਕਰ ਦਿੱਤਾ। ਬਾਅਦ ਵਿੱਚ ਝੂਠੀ ਸਾਬਤ ਹੋਈ। ਇਸ ਗੱਲ ਦਾ ਖੁਲਾਸਾ ਅਧਿਕਾਰੀਆਂ ਵਲੋਂ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਧਮਕੀ ਭਰੇ ਈਮੇਲ ਮਿਲਣ ਤੋਂ ਬਾਅਦ ਤਿੰਨੋਂ ਸਕੂਲਾਂ ਵਿੱਚ ਤਲਾਸੀ ਮੁਹਿੰਮ ਚਲਾਈ ਗਈ ਪਰ ਸਕੂਲਾਂ ਵਿੱਚੋਂ ਕੁਝ ਵੀ ਸ਼ੱਕੀ ਬਰਾਮਦ ਨਹੀਂ ਹੋਇਆ। ਇੱਕ ਅਧਿਕਾਰੀ ਦੇ ਅਨੁਸਾਰ ਨਵਰਚਨਾ ਇੰਟਰਨੈਸਨਲ ਸਕੂਲ ਦੇ ਪ੍ਰਿੰਸੀਪਲ ਨੇ ਪੁਲਸ ਕੰਟਰੋਲ ਰੂਮ ਨੂੰ ਭਾਇਲੀ-ਵਾਸਨਾ ਰੋਡ 'ਤੇ ਸਥਿਤ ਸਕੂਲ ਦੇ ਅਧਿਕਾਰਤ ਈਮੇਲ 'ਤੇ ਭੇਜੇ ਗਏ ਬੰਬ ਦੀ ਧਮਕੀ ਬਾਰੇ ਸੂਚਿਤ ਕੀਤਾ ਸੀ। ਜਾਣਕਾਰੀ ਮਿਲਣ ਤੋਂ ਬਾਅਦ ਵਡੋਦਰਾ ਪੁਲਸ ਨੇ ਸ਼ੁੱਕਰਵਾਰ ਸਵੇਰੇ ਕਾਰਵਾਈ ਕੀਤੀ। ਵਡੋਦਰਾ ਦੇ ਸਹਾਇਕ ਪੁਲਸ ਕਮਿਸਨਰ (ਏ.ਸੀ.ਪੀ.) ਜੀ.ਬੀ. ਬੰਭਾਨੀਆ ਨੇ ਕਿਹਾ, "ਵਡੋਦਰਾ ਵਿੱਚ ਨਵਰਚਨਾ ਸਿੱਖਿਆ ਸੰਸਥਾਨ ਦੇ ਦੋ ਹੋਰ ਸਕੂਲ ਵੀ ਹਨ। ਪੁਲਸ ਨੇ ਬੰਬ ਡਿਟੈਕਸਨ ਐਂਡ ਡਿਸਪੋਜਲ ਸਕੁਐਡ (ਬੀਡੀਡੀਐਸ), ਡੌਗ ਸਕੁਐਡ ਅਤੇ ਸਾਈਬਰ ਕ੍ਰਾਈਮ ਬ੍ਰਾਂਚ ਦੇ ਨਾਲ ਮਿਲ ਕੇ ਇਨ੍ਹਾਂ ਤਿੰਨਾਂ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਤਲਾਸੀ ਮੁਹਿੰਮ ਚਲਾਈ ਸੀ।" ਅਧਿਕਾਰੀ ਨੇ ਕਿਹਾ ਕਿ ਈਮੇਲ ਇੱਕ ਅਣਜਾਣ ਆਈਡੀ ਤੋਂ ਭੇਜੀ ਗਈ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ ਨਵਰਚਨਾ ਸਕੂਲ ਦੀ ਡਰੇਨੇਜ ਲਾਈਨ ਵਿੱਚ ਬੰਬ ਰੱਖਿਆ ਗਿਆ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸੂਚਨਾ ਮਿਲਦੇ ਸਾਰ ਸਾਡੀਆਂ ਟੀਮਾਂ ਤੁਰੰਤ ਤਿੰਨ ਨਵਰਾਚਨਾ ਸਕੂਲਾਂ ਵਿੱਚ ਪਹੁੰਚ ਗਈਆਂ।

# ਤਿੰਨ ਗੁਣਾ ਮਹਿੰਗੀ ਹੋਣ ਦੇ ਬਾਵਜੂਦ ਦਿੱਲੀ 'ਚ 24 ਘੰਟੇ ਬਿਜਲੀ ਨਹੀਂ : ਯੋਗੀ

ਕਿਸ਼ਨਪਾਲ

ਨਵੀਂ ਦਿੱਲੀ, 24 ਜਨਵਰੀ : ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀਰਵਾਰ ਨੂੰ ਆਮ ਆਦਮੀ ਪਾਰਟੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਦਿੱਲੀ ਨੂੰ 'ਕੂੜੇ ਦੇ ਢੇਰ' ਵਿਚ ਬਦਲ ਦਿੱਤਾ ਹੈ ਅਤੇ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਨਜਰਅੰਦਾਜ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ 'ਆਪ' ਸਰਕਾਰ ਖਪਤਕਾਰਾਂ ਤੋਂ ਤਿੰਨ ਗੁਣਾ ਬਿਜਲੀ ਦਰਾਂ ਵਸੂਲ ਰਹੀ ਹੈ ਪਰ 24 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਉਣ ਵਿਚ ਅਸਮਰੱਥ ਹੈ। ਯੋਗੀ ਨੇ ਦੋਸ ਲਾਇਆ ਕਿ 'ਆਪ' ਸਰਕਾਰ ਨੇ ਸਹਿਰ ਦੇ ਓਖਲਾ ਖੇਤਰ ਵਿਚ ਗੈਰ-ਕਾਨੂੰਨੀ ਬੰਗਲਾਦੇਸੀਆਂ ਅਤੇ ਰੋਹਿੰਗਿਆਂ ਨੂੰ ਵਸਣ ਵਿਚ ਮਦਦ ਕੀਤੀ। ਦਿੱਲੀ ਵਿਧਾਨ ਸਭਾ ਚੋਣਾਂ ਲਈ ਕਿਰਾੜੀ ਇਲਾਕੇ ਵਿਚ ਆਪਣੀ ਪਹਿਲੀ ਰੈਲੀ ਨੂੰ ਸੰਬੋਧਨ ਕਰਦੇ ਹੋਏ ਯੋਗੀ ਆਦਿੱਤਿਆਨਾਥ ਨੇ ਦੋਸ ਲਾਇਆ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਯਮੁਨਾ ਨੂੰ 'ਗੰਦੇ ਨਾਲੇ' ਵਿਚ ਬਦਲਣ ਦਾ ਪਾਪ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੱਲ, ਮੈਂ ਆਪਣੇ ਸਾਰੇ ਮੰਤਰੀਆਂ ਨਾਲ ਪ੍ਰਯਾਗਰਾਜ 'ਚ ਸੰਗਮ ਵਿਚ ਡੁਬਕੀ ਲਗਾਈ, ਜਿੱਥੇ ਮਹਾਕੁੰਭ ਚੱਲ ਰਿਹਾ ਹੈ। ਮੈਂ ਕੇਜਰੀਵਾਲ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਆਪਣੇ ਮੰਤਰੀਆਂ ਨਾਲ ਦਿੱਲੀ ਵਿਚ ਯਮੁਨਾ ਵਿਚ ਇਸਨਾਨ ਕਰ ਸਕਦੇ ਹਨ? ਜੇਕਰ ਉਨ੍ਹਾਂ ਵਿਚ ਥੋੜ੍ਹੀ ਜਿਹੀ ਵੀ ਨੈਤਿਕ ਹਿੰਮਤ ਹੈ, ਤਾਂ ਉਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉੱਤਰ ਪ੍ਰਦੇਸ਼ ਦੇ ਨੋਇਡਾ-ਗਾਜੀਆਬਾਦ ਦੀਆਂ ਸੜਕਾਂ ਦਿੱਲੀ ਤੋਂ ਕਿਤੇ ਬਿਹਤਰ ਹਨ।



## ਮਹਾਕੁੰਭ 2025 ਨਾਲ ਭਾਰਤ 'ਚ ਅਧਿਆਤਮਿਕ ਯਾਤਰਾ ਲਈ ਵੀਜਾ ਅਰਜੀਆਂ 'ਚ ਹੋਇਆ ਵਾਧਾ

ਨਵੀਂ ਦਿੱਲੀ (ਏਜੰਸੀ), 24 ਜਨਵਰੀ : ਭਾਰਤ ਵਿੱਚ ਅਧਿਆਤਮਿਕ ਉਦੇਸਾਂ ਲਈ ਕੀਤੀ ਜਾਣ ਵਾਲੀ ਯਾਤਰਾ ਵਿੱਚ ਸਾਨਦਾਰ ਵਾਧਾ ਹੋਇਆ ਹੈ, ਜਿਸ ਦਾ ਮੁੱਖ ਕਾਰਨ ਮਹਾਕੁੰਭ 2025 ਹੈ। ਇੱਕ ਰਿਪੋਰਟ ਇਹ ਜਾਣਕਾਰੀ ਦਿੱਤੀ ਗਈ ਹੈ। ਵੀਜਾ ਪ੍ਰੋਸੈਸਿੰਗ ਪਲੇਟਫਾਰਮ ਐਟਲਿਸ ਨੇ ਅਧਿਆਤਮਿਕ ਉਦੇਸਾਂ ਲਈ ਦੇਸ ਵਿੱਚ ਕੀਤੀ ਜਾਣ ਵਾਲੀ ਯਾਤਰਾ ਵਿੱਚ 21.4 ਫੀਸਦੀ ਦਾ ਵਾਧਾ ਦੇਖਿਆ ਹੈ। ਅਮਰੀਕਾ ਤੋਂ ਆਉਣ ਵਾਲੇ ਯਾਤਰੀਆਂ ਕਾਰਨ ਹੋਇਆ ਹੈ, ਜੋ ਕਿ ਭਾਰਤ ਦੀਆਂ ਅਧਿਆਤਮਿਕ ਪੇਸਕਸਾਂ ਵਿੱਚ ਵਿਸਵਵਿਆਪੀ ਦਿਲਚਸਪੀ ਨੂੰ ਦਰਸਾਉਂਦਾ ਹੈ। ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਸਾਰੀਆਂ ਅਧਿਆਤਮਿਕ ਯਾਤਰਾ ਵੀਜਾ ਅਰਜੀਆਂ ਵਿੱਚੋਂ ਲਗਭਗ 48 ਫੀਸਦੀ ਮਹਾਂਕੁੰਭ ਵਰਗੇ ਪ੍ਰਮੁੱਖ ਸਮਾਗਮਾਂ ਅਤੇ ਤੀਰਥ ਸਥਾਨਾਂ ਨਾਲ ਜੁੜੀਆਂ ਹੋਈਆਂ ਹਨ।

## ਗਣਤੰਤਰ ਦਿਵਸ ਦੇ ਮੌਕੇ 'ਤੇ ਸਵੇਰੇ 3 ਵਜੇ ਸ਼ੁਰੂ ਹੋਣਗੀਆਂ ਦਿੱਲੀ ਮੈਟਰੋ ਸੇਵਾਵਾਂ

ਨਵੀਂ ਦਿੱਲੀ, 24 ਜਨਵਰੀ : ਗਣਤੰਤਰ ਦਿਵਸ ਦੇ ਖਾਸ ਮੌਕੇ 'ਤੇ ਦਿੱਲੀ ਵਿਚ ਦਿੱਲੀ ਮੈਟਰੋ ਐਤਵਾਰ ਸਵੇਰੇ 3 ਵਜੇ ਦੇ ਕਰੀਬ ਆਪਣੀਆਂ ਸੇਵਾਵਾਂ ਮੁੜ ਤੋਂ ਸ਼ੁਰ ਕਰ ਦੇਵੇਗੀ ਤਾਂ ਜੋ ਲੋਕ ਆਪਣੀਆਂ ਮੰਜ਼ਿ?ਲਾਂ 'ਤੇ ਪਹੁੰਚਣ ਲਈ ਪਰੇਸ਼ਾਨ ਨਾ ਹੋਣ ਅਤੇ ਸਮੇਂ ਸਿਰ ਪਹੁੰਚ ਸਕਣ। ਇਸ ਗੱਲ ਦੀ ਜਾਣਕਾਰੀ ਇਕ ਅਧਿਕਾਰਤ ਬਿਆਨ ਵਿਚ ਦਿੱਤੀ ਗਈ ਹੈ। ਅਧਿਕਾਰਤ ਬਿਆਨ ਦੇ ਅਨੁਸਾਰ ਦੇਸ ਭਰ ਵਿੱਚ ਗਣਤੰਤਰ ਦਿਵਸ ਦੇ ਮੌਕੇ ਹੋਣ ਵਾਲੇ ਜਸਨਾਂ ਦੇ ਵਿਚਕਾਰ, ਦਿੱਲੀ ਮੈਟਰੋ ਐਤਵਾਰ ਨੂੰ ਸਵੇਰੇ 3 ਵਜੇ ਸਾਰੀਆਂ ਲਾਈਨਾਂ 'ਤੇ ਸੇਵਾਵਾਂ ਮੁੜ ਸੁਰੂ ਕਰੇਗੀ ਤਾਂ ਜੋ ਲੋਕ ਕਰਤਵਯ ਪਥ 'ਤੇ ਸਮੇਂ ਸਿਰ ਪਹੁੰਚ ਸਕਣ ਅਤੇ ਉੱਥੇ ਹੋਣ ਵਾਲੀ ਗਣਤੰਤਰ ਦਿਵਸ ਦੀ ਪਰੇਡ ਅਤੇ ਜਸਨਾਂ ਨੂੰ ਆਰਾਮ ਨਾਲ ਦੇਖ ਸਕਣ। ਬਿਆਨ ਦੇ ਅਨੁਸਾਰ ਯਾਤਰੀਆਂ ਦੀ ਸੁਚਾਰੂ ਯਾਤਰਾ ਨੂੰ ਯਕੀਨੀ ਬਣਾਉਣ ਲਈ ਸਵੇਰੇ 6 ਵਜੇ ਤੱਕ ਰੇਲਗੱਡੀਆਂ 30 ਮਿੰਟ ਦੇ ਅੰਤਰਾਲ 'ਤੇ ਚੱਲਣਗੀਆਂ, ਜਿਸ ਤੋਂ ਬਾਅਦ ਬਾਕੀ ਦਿਨ ਲਈ ਨਿਯਮਤ ਸਮਾਂ-ਸਾਰਣੀ ਦੀ ਪਾਲਣਾ ਕੀਤੀ ਜਾਵੇਗੀ। ਇਸ ਵਿੱਚ ਕਿਹਾ ਗਿਆ ਹੈ ਕਿ ਯਾਤਰੀਆਂ ਨੂੰ ਆਪਣੀ ਯਾਤਰਾ ਦੀ ਯੋਜਨਾ ਉਸ ਅਨੁਸਾਰ ਬਣਾਉਣ ਅਤੇ ਸਵੇਰ ਦੀ ਮੈਟਰੋ ਸੇਵਾਵਾਂ ਦਾ ਲਾਭ ਉਠਾਉਣ ਲਈ ਉਤਸਾਹਿਤ ਕੀਤਾ ਜਾਂਦਾ ਹੈ ਤਾਂ ਜੋ ਆਖਰੀ ਸਮੇਂ ਦੀ ਕਿਸੇ ਵੀ ਅਸੁਵਿਧਾ ਤੋਂ ਬਚਿਆ ਜਾ ਸਕੇ।

## ਰਾਜਸਥਾਨ ਦੇ ਇਸ ਸ਼ਖਸ ਦੀ ਪੰਜਾਬ 'ਚ ਚਮਕੀ ਕਿਸਮਤ, ਰਾਤੋ-ਰਾਤ ਬਣਿਆ ਕਰੋੜਪਤੀ

ਲੁਧਿਆਣਾ/ਰਾਜਸਥਾਨ, 24 ਜਨਵਰੀ : ਕਹਿੰਦੇ ਨੇ ਰੱਬ ਜਦੋਂ ਵੀ ਦਿੰਦਾ ਹੈ ਤਾਂ ਛੱਪੜ ਪਾੜ ਕੇ ਦਿੰਦਾ ਹੈ। ਅਜਿਹਾ ਹੀ ਮਾਮਲਾ ਲੁਧਿਆਣਾ ਤੋਂ ਸਾਹਮਣੇ ਆਇਆ ਹੈ, ਜਿੱਥੇ ਰਾਜਸਥਾਨ ਦਾ ਰਹਿਣ ਵਾਲਾ ਵਿਅਕਤੀ ਰਾਤੋ-ਰਾਤ ਕਰੋੜਪਤੀ ਬਣ ਗਿਆ। ਪੰਜਾਬ ਲੋਹੜੀ ਬੰਪਰ ਦਾ ਦੂਜਾ ਇਨਾਮ ਲੁਧਿਆਣਾ ਤੋਂ ਨਿਕਲਿਆ ਹੈ। ਜੇਤੂ ਵਿਅਕਤੀ ਰਾਜਸਥਾਨ ਦਾ ਰਹਿਣ ਵਾਲਾ ਹੈ ਅਤੇ ਲੁਧਿਆਣਾ ਘੁੰਮਣ ਆਇਆ ਹੋਇਆ ਸੀ। ਉਸ ਨੇ ਇਕ ਕਰੋੜ ਦਾ ਇਨਾਮ ਜਿੱਤਿਆ ਹੈ। ਰਾਤੋ-ਰਾਤ ਕਰੋੜਪਤੀ ਬਣੇ ਵਿਅਕਤੀ ਰਾਜਸਥਾਨ ਦਾ ਰਹਿਣ ਵਾਲਾ ਅਨਿਲ ਕੁਮਾਰ ਇਕ ਸਰਕਾਰੀ ਮੁਲਾਜਮ ਹੈ। ਮਿਲੀ ਜਾਣਕਾਰੀ ਮੁਤਾਬਕ ਅਨਿਲ ਕੁਮਾਰ ਬੀਤੇ ਦਿਨੀਂ ਹੀ ਲੁਧਿਆਣਾ ਘੁੰਮਣ ਆਇਆ ਸੀ। ਉਸ ਨੇ ਲੁਧਿਆਣਾ ਦੀ ਇਕ ਦੁਕਾਨ ਤੋਂ ਚਾਰ ਟਿਕਟਾਂ ਖਰੀਦੀਆਂ, ਜਿਨ੍ਹਾਂ ਵਿਚੋਂ ਇਕ ਟਿਕਟ ਦਾ ਦੂਜਾ ਇਨਾਮ ਇਕ ਕਰੋੜ ਉਸ ਨੇ ਜਿੱਤਿਆ ਹੈ ਜਦਕਿ 10 ਕਰੋੜ ਦਾ ਪਹਿਲਾ ਇਨਾਮ ਰੋਪੜ ਦੇ ਰਹਿਣ ਵਾਲੇ ਇਕ ਸਖਸ ਦਾ ਨਿਕਲਿਆ। 10 ਕਰੋੜ ਦੀ ਲਾਟਰੀ ਹਰਭਿੰਦਰ ਸਿੰਘ ਦੀ ਨਿਕਲੀ ਹੈ।

ਇਨਾਮ ਨਿਕਲਣ ਤੋਂ ਬਾਅਦ ਰੋਪੜ ਦੇ ਪੁਰਾਣਾ ਬੱਸ ਅੱਡੇ 'ਤੇ ਸਥਿਤ ਲਾਟਰੀ ਦੇ ਸਟਾਲ ਅਸੋਕਾ ਲਾਟਰੀ ਤੇ ਢੋਲ ਵੱਜਣੇ ਸੁਰੂ ਹੋ ਗਏ ਕਿਉਂਕਿ ਇਸੇ ਸਟਾਲ ਤੋਂ ਇਹ ਲਾਟਰੀ ਵਿਕੀ ਸੀ। ਜ਼ਿ?ਕਰਯੋਗ ਹੈ ਕਿ ਪੰਜਾਬ ਦੇ ਲਾਟਰੀ ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਸਰਕਾਰ ਵੱਲੋਂ ਇੰਨੀ ਵੱਡੀ ਇਨਾਮੀ ਰਕਮ ਰੱਖੀ ਗਈ ਹੈ। ਇਸ ਕਾਰਨ ਲੋਹੜੀ ਮਕਰ ਸੰਕ੍ਰਾਂਤੀ ਬੰਪਰ-2025 ਨੂੰ ਲੈ ਕੇ ਲੋਕਾਂ ਵਿੱਚ ਬਹੁਤ ਉਤਸਾਹ ਸੀ।

## ਸਾਵਧਾਨ ! ਦੀ ਬੀਮਾਰੀ ਦਾ ਕਹਿਰ ਮੁੜ ਸ਼ੁਰੂ, ਵਿਦੇਸ਼ ਤੋਂ ਆਇਆ ਵਿਅਕਤੀ

ਮੰਗਲੁਰੂ, 24 ਜਨਵਰੀ : ਕਰਨਾਟਕ ਦੇ ਮੰਗਲੁਰੂ ਵਿੱਚ ਮੰਕੀਪੌਕਸ ਦਾ ਪਹਿਲਾ ਮਾਮਲਾ ਸਾਹਮਣੇ ਆਉਣ ਦੀ ਪੁਸਟੀ ਕੀਤੀ ਗਈ ਹੈ। ਉਡੂਪੀ ਜ਼ਿ?ਲ੍ਹੇ ਦੇ ਕਾਰਕਲਾ ਦੇ ਇੱਕ 40 ਸਾਲਾ ਵਿਅਕਤੀ ਵਿੱਚ ਇਸ ਬੀਮਾਰੀ ਦੀ ਪੁਸਟੀ ਹੋਈ ਹੈ। ਇਹ ਵਿਅਕਤੀ 19 ਸਾਲ ਦੁਬਈ ਵਿੱਚ ਕੰਮ ਕਰਨ ਤੋਂ ਬਾਅਦ 17 ਜਨਵਰੀ ਨੂੰ ਮੰਗਲੌਰ ਵਾਪਸ ਆਇਆ ਸੀ। ਬੁਖਾਰ ਅਤੇ ਧੱਫੜ ਦੀ ਸ਼ਿ?ਕਾਇਤ ਤੋਂ ਬਾਅਦ ਉਸਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਸਦਾ ਟੈਸਟ ਬੀਐਮਸੀ ਬੰਗਲੁਰੂ ਵਿਖੇ ਕੀਤਾ ਗਿਆ ਸੀ ਅਤੇ ਪੁਣੇ ਸਥਿਤ ਨੈਸਨਲ ਇੰਸਟੀਚਿਊਟ ਆਫ ਵਾਇਰੋਲੋਜੀ (ਐਨਆਈਵੀ) ਦੁਆਰਾ ਇਸ ਦੀ ਪੁਸਟੀ ਕੀਤੀ ਗਈ ਸੀ।